11-MAY-PAGE-1.qxd 5/10/2023 9:38 PM Page 1


ਵੀਰਵਾਰ, 11 ਮਈ, 2023

28 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 71

ਅੰਕ/NO. : 340

# ਨਵਾਂ ਜ਼ਮਾਨਾ

DAILY NAWAN ZAMANA • THURSDAY, 11 MAY, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਪਾਕਿਸਤਾਨ ਖਾਨਾਜੰਗੀ ਵੱਲ, ਲਹਿੰਦੇ ਪੰਜਾਬ 'ਚ ਫੌਜ ਤਾਇਨਾਤ




ਕਰਾਚੀ ਵਿਚ ਸੜਦੀ ਪੁਲਸ ਗੱਡੀ ਕੋਲ ਖੜ੍ਹੀ ਇਮਰਾਨ ਦੀ ਹਮੈਤਣ।

**ਇਸਲਾਮਾਬਾਦ** : ਸਾਬਕਾ ਪ੍ਰਧਾਨ ਮੰਤਰੀ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਦੇ ਚੇਅਰਮੈਨ ਇਮਰਾਨ ਖਾਨ ਦੀ ਅਣਕਿਆਸੀ ਨਜ਼ਰਬੰਦੀ ਤੋਂ ਬਾਅਦ ਪਾਰਟੀ ਹਮਾਇਤੀਆਂ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਰਮਿਆਨ ਟਕਰਾਅ ਦੇ ਮੱਦੇਨਜ਼ਰ ਲਹਿੰਦੇ ਪੰਜਾਬ 'ਚ ਫੌਜ ਤਾਇਨਾਤ ਕਰ ਦਿੱਤੀ ਗਈ ਹੈ। ਖੈਬਰ ਪਖਤੂਨਖਵਾ ਸੂਬੇ ਨੇ ਵੀ ਫੌਜ ਮੰਗ ਲਈ ਸੀ। ਪੰਜਾਬ ਵਿਚ ਕਰੀਬ ਇਕ ਹਜ਼ਾਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਸਕੂਲ-ਕਾਲਜ ਬੰਦ ਕਰ ਦਿੱਤੇ ਗਏ ਹਨ ਤੇ ਇਮਤਿਹਾਨ ਅੱਗੇ ਪਾ ਦਿੱਤੇ ਗਏ ਹਨ। ਇਮਰਾਨ ਹਮਾਇਤੀ ਇਸਲਾਮਾਬਾਦ ਵੱਲ ਮਾਰਚ ਕਰਨ ਦੀ ਯੋਜਨਾ ਬਣਾ ਰਹੇ ਸਨ, ਜਿੱਥੇ ਉਨ੍ਹਾ ਨੂੰ ਰੱਖਿਆ ਹੋਇਆ ਹੈ। ਇਸ ਕਾਰਨ ਇਮਰਾਨ ਹਮਾਇਤੀਆਂ ਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਵਧਣ ਦਾ ਖਦਸ਼ਾ ਹੈ। ਇਸੇ ਦੌਰਾਨ ਇਮਰਾਨ ਹਮਾਇਤੀਆਂ ਨੇ ਦੇਸ਼ਵਿਆਪੀ ਬੰਦ ਦਾ ਸੱਦਾ ਦਿੱਤਾ ਹੈ।

ਦੇਸ਼ 'ਚ ਇੰਟਰਨੈੱਟ ਸੇਵਾ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੀ ਗਈ ਹੈ। ਇਸ ਦੌਰਾਨ ਪੀ ਟੀ ਆਈ ਦੇ ਵਾਈਸ ਚੇਅਰਮੈਨ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਇਸਲਾਮਾਬਾਦ ਦੇ ਰੈੱਡ ਜ਼ੋਨ ਤੋਂ ਗ੍ਰਿਫਤਾਰ ਕਰ ਲਿਆ ਗਿਆ। ਕੁਰੈਸ਼ੀ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਸੁਪਰੀਮ ਕੋਰਟ ਦੇ ਪੁੱਛਣ 'ਤੇ ਸਰਕਾਰ ਨੇ ਚੋਣਾਂ ਕਰਾਉਣ ਲਈ ਸੁਰੱਖਿਆ ਬਲ ਮੁਹੱਈਆ ਕਰਾਉਣ ਤੋਂ ਇਸ ਕਰਕੇ ਨਾਂਹ ਕਰ ਦਿੱਤੀ ਸੀ ਕਿ ਦੇਸ਼ ਦੀ ਅੰਦਰੂਨੀ ਹਾਲਤ ਠੀਕ ਨਹੀਂ, ਪਰ ਹੁਣ ਪੰਜਾਬ ਵਿਚ ਫੌਜ ਲਾ ਦਿੱਤੀ ਹੈ। ਪੇਸ਼ਾਵਰ 'ਚ ਝੜਪਾਂ ਤੋਂ ਬਾਅਦ ਹਸਪਤਾਲ ਵਿਚ ਤਿੰਨ ਲਾਸ਼ਾਂ ਤੇ 20 ਤੋਂ ਵੱਧ ਜ਼ਖਮੀ ਲਿਆਂਦੇ ਗਏ ਸਨ। ਪੇਸ਼ਾਵਰ ਵਿਚ ਰੇਡੀਓ ਪਾਕਿਸਤਾਨ ਦੀ ਬਿਲਡਿੰਗ ਦੇ ਅੰਦਰ ਸਥਿਤ ਕੌਮਾਂਤਰੀ ਖਬਰ ਏਜੰਸੀ ਐਸੋਸੀਏਟਡ ਪ੍ਰੈੱਸ (ਏ ਪੀ) ਦੇ ਦਫਤਰ ਨੂੰ ਅੱਗ ਲਾ ਦਿੱਤੀ ਗਈ। ਇਸੇ ਦੌਰਾਨ ਖੈਬਰ ਪਖਤੂਨਖਵਾ ਸੂਬੇ ਦੀ ਸਰਕਾਰ ਨੇ ਵੀ ਫੌਜ ਮੰਗ ਲਈ ਹੈ। ਇਸਲਾਮਾਬਾਦ ਪ੍ਰਸ਼ਾਸਨ ਨੇ ਵੀ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਫੌਜ ਦੀ ਮੰਗ ਕੀਤੀ ਹੈ। ਪੁਲਸ ਨੇ ਕਿਹਾ ਕਿ ਪੀ ਟੀ ਆਈ ਹਮਾਇਤੀ ਪੈਟਰੋਲ ਬੰਬ ਚਲਾ ਰਹੇ ਹਨ। ਟਰੱਕ 'ਤੇ ਆਏ ਲੋਕਾਂ ਨੇ ਲਾਹੌਰ ਦੇ ਸ਼ਾਦਮਾਨ ਇਲਾਕੇ ਦੇ ਪੁਲਸ ਥਾਣੇ 'ਤੇ ਹਮਲਾ ਕਰ ਦਿੱਤਾ।

# ਐਗਜ਼ਿਟ ਪੋਲ 'ਚ ਲੰਗੜੀ ਸਰਕਾਰ

**ਬੰਗਲੌਰ** : ਕਰਨਾਟਕ ਦੀਆਂ 224 ਸੀਟਾਂ 'ਤੇ ਵੋਟਿੰਗ ਖ਼ਤਮ ਹੋ ਗਈ ਅਤੇ ਹੁਣ ਸਾਰਿਆਂ ਦੀਆਂ ਨਜ਼ਰਾਂ 13 ਮਈ ਨੂੰ ਆਉਣ ਵਾਲੇ ਨਤੀਜਿਆਂ 'ਤੇ ਟਿੱਕ ਗਈਆ। ਹਾਲਾਂਕਿ ਉਸ ਤੋਂ ਪਹਿਲਾ ਵੱਖ ਐਗਜ਼ਿਟ ਪੋਲ ਨੇ ਕਰਨਾਟਕ 'ਚ ਇਸ ਵਾਰ ਕਿਸ ਦੀ ਸਰਕਾਰ ਬਣੇਗੀ, ਇਸ ਦਾ ਅਨੁਮਾਨ ਲਾਉਣਾ ਸ਼ੁਰੂ ਕਰ ਦਿੱਤਾ ਹੈ। 'ਟਾਇਮ ਨਾਓ', 'ਨਵਭਾਰਤ' ਦੇ ਐਗਜ਼ਿਟ ਪੋਲ ਦੇ ਨਤੀਜਿਆਂ ਅਨੁਸਾਰ ਕਰਨਾਟਕ 'ਚ ਕਾਂਗਰਸ ਦੀ ਸੱਤਾ ਵਾਪਸੀ ਹੋ ਸਕਦੀ ਹੈ। ਕਾਂਗਰਸ ਨੂੰ 106 ਤੋਂ 120 ਸੀਟਾਂ ਮਿਲਣ ਦਾ ਅਨੁਮਾਨ ਹੈ। ਕਰਨਾਟਕ 'ਚ ਬਹੁਮਤ ਦਾ ਅੰਕੜਾ 113 ਦਾ ਹੈ। ਵੋਟ ਫੀਸਦੀ ਦੇ ਮਾਮਲੇ 'ਚ ਵੀ ਕਾਂਗਰਸ ਦੇ ਭਾਜਪਾ ਤੋਂ ਅੱਗੇ ਨਿਕਲਣ ਦਾ ਅਨੁਮਾਨ ਹੈ।

ਪੰਜ ਸਰਵੇ 'ਚ ਇਸ ਵਾਰ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲ ਰਿਹਾ। ਚਾਰ 'ਚੋਂ ਤਿੰਨ ਐਗਜ਼ਿਟ ਪੋਲ 'ਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰ ਰਹੀ ਹੈ, ਉਥੇ ਹੀ ਇੱਕ ਐਗਜ਼ਿਟ ਪੋਲ 'ਚ ਭਾਜਪਾ ਜਿੱਤਣ ਦਾ ਅਨੁਮਾਨ ਲਾਇਆ ਗਿਆ ਹੈ। ਚਾਰੇ ਸਰਵੇ ਜੇ ਡੀ ਐੱਸ ਨੂੰ 24 ਸੀਟਾਂ ਦੇ ਨਾਲੀ ਕਿੰਗਮੇਕਰ ਦੱਸ ਰਹੇ ਹਨ। ਮਤਲਬ 2018 ਦੀ ਤਰ੍ਹਾਂ ਇਸ ਵਾਰ ਫਿਰ ਜੇ ਡੀ ਐੱਸ ਦੇ ਬਿਨਾਂ ਕਾਂਗਰਸ ਜਾਂ ਭਾਜਪਾ ਦੀ ਸਰਕਾਰ ਨਹੀਂ ਬਣੇਗੀ। ਇਹ ਸਿਰਫ਼ ਹਾਲੇ ਤੱਕ ਦਾ ਅਨੁਮਾਨ ਹੈ, ਪਰ ਨਤੀਜੇ 13 ਮਈ ਨੂੰ ਆਉਣਗੇ। ਇੰਡੀਆ ਟੀ ਵੀ-ਸੀ ਐੱਨ ਐੱਕਸ ਦੇ ਪੋਲ ਮੁਤਾਬਕ ਕਾਂਗਰਸ 105 ਸੀਟਾਂ ਦੇ ਨਾਲ ਸਭ ਤੋਂ ਵੱਡੀ ਪਾਰਟੀ ਬਣ ਸਕਦੀ ਹੈ। ਭਾਜਪਾ 85 ਅਤੇ ਜੇ ਡੀ ਐੱਸ 32 ਸੀਟਾਂ ਜਿੱਤ ਸਕਦੀ ਹੈ। ਮਤਲਬ ਬਹੁਮਤ ਕਿਸੇ ਨੂੰ ਨਹੀਂ ਮਿਲ ਰਿਹਾ।

ਜੀ ਨਿਊਜ਼ ਮੈਟ੍ਰਿਜ ਦੇ ਸਰਵੇ 'ਚ ਭਾਜਪਾ ਨੂੰ 103 ਤੋਂ 118, ਕਾਂਗਰਸ ਨੂੰ 82 ਤੋਂ 97 ਅਤੇ ਜੇ ਡੀ ਐੱਸ ਨੂੰ 28 ਤੋਂ 33 ਸੀਟਾਂ ਮਿਲਣ ਦਾ ਅਨੁਮਾਨ। 'ਟਾਇਮਜ਼ ਨਾਓ' ਦੇ ਪੋਲ 'ਚ ਭਾਜਪਾ ਨੂੰ 78 ਤੋਂ 92, ਕਾਂਗਰਸ ਨੂੰ 106 ਤੋਂ 120 ਅਤੇ ਜੇ ਡੀ ਐੱਸ ਨੂੰ 20 ਤੋਂ 26 ਸੀਟਾਂ ਮਿਲਣ ਦਾ ਅਨੁਮਾਨ। ਏ ਬੀ ਪੀ ਨਿਊਜ਼-ਸੀ ਵੋਟਰ ਦੇ ਕਾਂਗਰਸ ਨੂੰ 110 ਤੋਂ 122, ਭਾਜਪਾ ਨੂੰ 73 ਤੋਂ 85 ਅਤੇ ਜੇ ਡੀ ਐੱਸ ਨੂੰ 21 ਤੋਂ 29 ਸੀਟਾਂ ਮਿਲਣ ਦਾ ਅਨੁਮਾਨ ਹੈ। ਇਸ ਸਰਵੇ 'ਚ ਕਾਂਗਰਸ ਦੀ ਸਰਕਾਰ।



# ਜਲੰਧਰ 'ਚ 54.03 ਫੀਸਦੀ ਪੋਲਿੰਗ, ਨਤੀਜੇ 13 ਨੂੰ

**ਸ਼ਾਹਕੋਟ/ਜਲੰਧਰ (ਗਿਆਨ ਸੈਦਪੁਰੀ/ ਸੁਰਿੰਦਰ ਕੁਮਾਰ)**

ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਬੁੱਧਵਾਰ 54.03 ਫੀਸਦੀ ਤੋਂ ਵੱਧ ਪੋਲਿੰਗ ਦਰਜ ਕੀਤੀ ਗਈ। ਮੁੱਖ ਮੁਕਾਬਲਾ 'ਆਪ' ਦੇ ਸੁਸ਼ੀਲ ਰਿੰਕੂ, ਕਾਂਗਰਸ ਦੀ ਕਰਮਜੀਤ ਕੌਰ, ਅਕਾਲੀ-ਬਸਪਾ ਦੇ ਡਾ. ਸੁਖਵਿੰਦਰ ਸੁੱਖੀ ਤੇ ਭਾਜਪਾ ਦੇ ਇੰਦਰ ਇਕਬਾਲ ਸਿੰਘ ਅਟਵਾਲ ਵਿਚਾਲੇ ਹੈ। ਨਤੀਜਾ 13 ਮਈ ਨੂੰ ਆਏਗਾ।

ਸ਼ਾਹਕੋਟ ਹਲਕੇ ਦੇ ਪਿੰਡ ਰੂਪੇਵਾਲ ਵਿਖੇ ਚੱਲ ਰਹੇ ਚੋਣ ਅਮਲ ਦੌਰਾਨ ਉਸ ਸਮੇਂ ਭਾਰੀ ਹੰਗਾਮਾ ਹੋ ਗਿਆ, ਜਦ ਪਿੰਡ ਵਿਚ ਘੁੰਮ ਰਹੇ ਹਲਕਾ ਬਾਬਾ ਬਕਾਲਾ ਦੇ 'ਆਪ' ਵਿਧਾਇਕ ਦਲਬੀਰ ਸਿੰਘ ਟੌਂਗ ਨੂੰ ਸ਼ਾਹਕੋਟ ਹਲਕੇ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਘੇਰ ਲਿਆ ਤੇ ਪੁਲਸ ਦੇ ਹਵਾਲੇ ਕਰ ਦਿੱਤਾ।

● ਬਾਕੀ ਸਫ਼ਾ 2 'ਤੇ




## ਟਰੰਪ ਨੂੰ 50 ਲੱਖ ਡਾਲਰ ਜੁਰਮਾਨਾ



**ਨਿਊ ਯਾਰਕ** : ਅਮਰੀਕਾ 'ਚ ਮੈਨਹਟਨ ਦੀ ਫੈਡਰਲ ਜਿਊਰੀ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 1996 'ਚ ਲੇਖਿਕਾ ਜੀਨ ਕੈਰਲ ਦੇ ਜਿਨਸੀ ਸ਼ੋਸ਼ਣ ਅਤੇ ਮਾਣਹਾਨੀ ਦਾ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਟਰੰਪ ਨੂੰ 50 ਲੱਖ ਡਾਲਰ ਦਾ ਜੁਰਮਾਨਾ ਕੀਤਾ ਹੈ। ਅਦਾਲਤ ਦਾ ਫੈਸਲਾ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਟਰੰਪ ਦੀ ਦਾਅਵੇਦਾਰੀ ਨੂੰ ਪ੍ਰਭਾਵਤ ਕਰ ਸਕਦਾ ਹੈ। ਅਦਾਲਤ ਨੇ ਕਿਹਾ ਕਿ ਕੈਰਲ ਇਹ ਸਾਬਤ ਕਰਨ 'ਚ ਅਸਫਲ ਰਹੀ ਹੈ ਕਿ ਟਰੰਪ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਅਦਾਲਤ ਨੇ ਟਰੰਪ ਨੂੰ ਜਿਨਸੀ ਸ਼ੋਸ਼ਣ ਦਾ ਦੋਸ਼ੀ ਮੰਨਿਆ।

## ਫਿਲਮ 'ਤੇ ਪਾਬੰਦੀ ਨੂੰ ਚੁਣੌਤੀ

**ਨਵੀਂ ਦਿੱਲੀ** : ਫਿਲਮ 'ਦਿ ਕੇਰਲਾ ਸਟੋਰੀ' ਦੇ ਨਿਰਮਾਤਾਵਾਂ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ 12 ਮਈ ਨੂੰ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ ਹੈ, ਜਿਸ ਵਿਚ ਪੱਛਮੀ ਬੰਗਾਲ ਸਰਕਾਰ ਵੱਲੋਂ ਫਿਲਮ ਦੀ ਰਿਲੀਜ਼ 'ਤੇ ਰੋਕ ਲਗਾਉਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਬੈਂਚ ਦੇ ਸਾਹਮਣੇ ਤੁਰੰਤ ਸੂਚੀਬੱਧ ਕਰਨ ਲਈ ਮਾਮਲੇ ਦਾ ਜ਼ਿਕਰ ਕੀਤਾ। ਸਾਲਵੇ ਨੇ ਕਿਹਾ ਕਿ ਪਟੀਸ਼ਨ ਪੱਛਮੀ ਬੰਗਾਲ ਅਤੇ ਤਾਮਿਲਨਾਡੂ 'ਚ ਫਿਲਮ 'ਤੇ ਪਾਬੰਦੀ ਨੂੰ ਚੁਣੌਤੀ ਦਿੰਦੀ ਹੈ।

## ਅਡਾਨੀ-ਹਿੰਡਨਬਰਗ ਕੇਸ ਦੀ ਸੁਣਵਾਈ ਭਲਕੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਅਡਾਨੀ-ਹਿੰਡਨਬਰਗ ਵਿਵਾਦ ਦੀ ਸੁਣਵਾਈ 12 ਮਈ ਨੂੰ ਕਰੇਗੀ। ਸੁਪਰੀਮ ਕੋਰਟ ਨੇ 2 ਮਾਰਚ ਨੂੰ ਮਾਰਕੀਟ ਰੈਗੂਲੇਟਰੀ ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਨੂੰ ਸ਼ੇਅਰਾਂ ਦੀਆਂ ਕੀਮਤਾਂ ਵਿਚ ਅਡਾਨੀ ਸਮੂਹ ਵੱਲੋਂ ਹੇਰਾਫੇਰੀ ਕਰਨ ਤੇ ਗਲਤ ਰੈਗੂਲੇਟਰੀ ਜਾਣਕਾਰੀ ਦੇਣ ਦੇ ਦੋਸ਼ਾਂ ਦੀ ਦੋ ਮਹੀਨਿਆਂ ਦੇ ਅੰਦਰ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ। ਅਮਰੀਕੀ ਕੰਪਨੀ ਹਿੰਡਨਬਰਗ ਦੀ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਅਡਾਨੀ ਸਮੂਹ ਦੀਆਂ ਕੰਪਨੀਆਂ ਦੇ ਬਾਜ਼ਾਰ ਮੁੱਲ (ਪੂੰਜੀਕਰਨ) 'ਚ 140 ਅਰਬ ਡਾਲਰ ਦੀ ਗਿਰਾਵਟ ਤੋਂ ਬਾਅਦ ਅਦਾਲਤ ਨੇ ਭਾਰਤੀ ਨਿਵੇਸ਼ਕਾਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਲਈ ਕਮੇਟੀ ਕਾਇਮ ਕੀਤੀ ਸੀ।

# ਪੁਣਛ 'ਚ ਤਲਾਸ਼ੀ ਮੁਹਿੰਮ



**ਜੰਮੂ** : ਸੁਰੱਖਿਆ ਬਲਾਂ ਨੇ ਬੁੱਧਵਾਰ ਸਵੇਰੇ ਜੰਮੂ-ਕਸ਼ਮੀਰ ਦੇ ਪੁਣਛ ਕਸਬੇ 'ਚ ਮਸ਼ਕੂਕ ਵਿਅਕਤੀਆਂ ਬਾਰੇ ਸੂਹ ਮਿਲਣ ਦੇ ਬਾਅਦ ਘੇਰਾਬੰਦੀ ਕਰਕੇ ਤਲਾਸ਼ੀ ਮੁਹਿੰਮ ਚਲਾਈ।

ਕੁਝ ਸਥਾਨਕ ਲੋਕਾਂ ਨੇ ਪੁਣਛ 'ਚ ਹਥਿਆਰਬੰਦ ਵਿਅਕਤੀਆਂ ਦੀਆਂ ਹਰਕਤਾਂ ਦੇਖੀਆਂ ਸਨ। ਸ਼ਹਿਰ ਦੇ ਦੋ ਸਕੂਲ ਵੀ ਬੰਦ ਕਰ ਦਿੱਤੇ ਗਏ ਸਨ। ਸੂਤਰਾਂ ਮੁਤਾਬਕ ਸੁਰੱਖਿਆ ਬਲਾਂ ਨ ਪੁਣਛ ਦੇ ਖਾਖਾ ਨਵਾਂ, ਪੁਰਾਣਾ ਪੁਣਛ ਅਤੇ ਜਰਨੈਲੀ ਮੁਹੱਲੇ 'ਚ ਤਲਾਸੀ ਮੁਹਿੰਮ ਚਲਾਈ ਹੈ।

## ਭੰਗ ਤਸਕਰੀ ਦੇ ਦੋਸ਼ 'ਚ ਤਿੰਨ ਪੰਜਾਬੀਆਂ ਨੂੰ ਸਜ਼ਾ

**ਲੰਡਨ** : ਕੈਨੇਡਾ ਤੋਂ ਬਰਤਾਨੀਆ 'ਚ ਕਰੀਬ 10 ਲੱਖ ਪੌਂਡ ਦੀ ਭੰਗ ਦੀ ਤਸਕਰੀ ਕਰਨ ਦੇ ਦੋਸ਼ 'ਚ ਭਾਰਤੀ ਮੂਲ ਦੇ ਸੰਗਠਤ ਅਪਰਾਧ ਗ੍ਰੋਹ ਦੇ ਤਿੰਨ ਮੈਂਬਰਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਕੈਂਟ ਪੁਲਸ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਕਰਨ ਗਿੱਲ, ਜਗ ਸਿੰਘ ਅਤੇ ਗੋਵਿੰਦ ਬਾਹੀਆ ਵਜੋਂ ਹੋਈ ਹੈ। ਇਨ੍ਹਾਂ ਨੂੰ 'ਕਲਾਸ ਬੀ' ਡਰੱਗ ਦਰਾਮਦ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਮੰਨ ਕੇ ਵੂਲਵਿਚ ਕਰਾਊਨ ਕੋਰਟ ਨੇ ਸਜ਼ਾ ਸੁਣਾਈ। ਬਾਰਡਰ ਫੋਰਸ ਦੇ ਅਧਿਕਾਰੀਆਂ ਨੇ ਫਰਵਰੀ 2021 'ਚ ਹੀਥਰੋ ਹਵਾਈ ਅੱਡੇ 'ਤੇ ਕੰਪਿਊਟਰ ਕੇਸਿੰਗ ਦੀ ਖੇਪ ਦੇ ਅੰਦਰੋਂ ਇਹ ਨਸ਼ੀਲਾ ਪਦਾਰਥ ਬਰਾਮਦ ਕੀਤਾ ਸੀ। 32 ਸਾਲਾ ਕਰਨ ਗਿੱਲ ਨੂੰ 7 ਸਾਲ, 32 ਸਾਲਾ ਜਗ ਸਿੰਘ ਨੂੰ 4 ਸਾਲ ਅਤੇ 9 ਮਹੀਨਿਆਂ ਤੇ 30 ਸਾਲਾ ਗੋਵਿੰਦ ਬਾਹੀਆ ਨੂੰ 3 ਸਾਲ ਦੀ ਜੇਲ੍ਹ ਹੋਈ।

# ਜ਼ਖਮ 'ਤੇ ਪੱਟੀ ਕਰ ਰਹੀ ਡਾਕਟਰ ਦੀ ਮਰੀਜ਼ ਵੱਲੋਂ ਹੱਤਿਆ



**ਕੋਲਮ (ਕੇਰਲ)** : ਕੇਰਲਾ ਦੇ ਕੋਟਾਰਕਾਰਾ ਦੇ ਹਸਪਤਾਲ 'ਚ ਇਲਾਜ ਲਈ ਲਿਆਂਦੇ ਵਿਅਕਤੀ ਨੇ 22 ਸਾਲਾ ਮਹਿਲਾ ਡਾਕਟਰ ਵੰਦਨਾ ਦਾਸ 'ਤੇ ਸਰਜੀਕਲ ਬਲੇਡ ਨਾਲ ਹਮਲਾ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਪੁਲਸ ਪਰਿਵਾਰਕ ਮੈਂਬਰਾਂ ਦੀ ਕੁੱਟਮਾਰ ਕਰਨ ਤੋਂ ਬਾਅਦ ਮੁਲਜ਼ਮ ਨੂੰ ਹਸਪਤਾਲ ਲਿਆਈ ਸੀ, ਜਦੋਂ ਡਾਕਟਰ ਉਸ ਦੇ ਪੈਰ ਦੇ ਜ਼ਖਮ 'ਤੇ ਪੱਟੀ ਕਰ ਰਹੀ ਸੀ ਤਾਂ ਉਹ ਅਚਾਨਕ ਗੁੱਸੇ 'ਚ ਆ ਗਿਆ ਅਤੇ ਉਸ ਨੇ ਸਰਜਰੀ 'ਚ ਵਰਤੀ ਜਾਂਦੀ ਕੈਂਚੀ ਅਤੇ ਬਲੇਡ ਨਾਲ ਉੱਥੇ ਖੜ੍ਹੇ ਹੋਰ ਵਿਅਕਤੀਆਂ ਤੇ ਡਾਕਟਰ 'ਤੇ ਹਮਲਾ ਕਰ ਦਿੱਤਾ। ਬਾਅਦ 'ਚ ਡਾਕਟਰ ਨੂੰ ਨਿੱਜੀ ਹਸਪਤਾਲ 'ਚ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਅਹੁਦੇਦਾਰ ਨੇ ਦੱਸਿਆ ਕਿ ਇਹ ਮੰਦਭਾਗੀ ਅਤੇ ਦੁਖਦਾਈ ਘਟਨਾ ਹੈ ਅਤੇ ਕੇਰਲਾ 'ਚ ਡਾਕਟਰ ਇਸ ਦਾ ਵਿਰੋਧ ਕਰਨਗੇ। ਡਾਕਟਰ ਅਜੀਜੀਆ ਮੈਡੀਕਲ ਕਾਲਜ ਹਸਪਤਾਲ 'ਚ ਹਾਊਸ ਸਰਜਨ ਸੀ ਅਤੇ ਆਪਣੀ ਸਿਖਲਾਈ ਲਈ ਹਸਪਤਾਲ 'ਚ ਤਾਇਨਾਤ ਸੀ।

ਇਸੇ ਦੌਰਾਨ ਕੇਰਲਾ ਹਾਈ ਕੋਰਟ ਨੇ ਮਹਿਲਾ ਡਾਕਟਰ ਦੀ ਹੱਤਿਆ ਦੇ ਮਾਮਲੇ 'ਚ ਰਾਜ ਸਰਕਾਰ ਅਤੇ ਪੁਲਸ ਨੂੰ ਝਾੜ ਪਾਈ ਅਤੇ ਇਸ ਨੂੰ ਪੂਰੀ ਸੁਰੱਖਿਆ ਪ੍ਰਣਾਲੀ ਦੀ ਅਸਫਲਤਾ ਕਰਾਰ ਦਿੱਤਾ।

## ਢਿੱਗ ਡਿੱਗਣ ਨਾਲ ਮਜ਼ਦੂਰ ਦੀ ਮੌਤ

**ਰੂਪਨਗਰ** : ਅਵਾਨਕੋਟ ਖਣਨ ਸਾਈਟ 'ਤੇ ਕੰਮ ਕਰਦੇ ਅਵਾਨਕੋਟ ਦੇ 26 ਸਾਲਾ ਮਜ਼ਦੂਰ ਹਰਮਿੰਦਰ ਸਿੰਘ ਦੀ ਢਿੱਗ ਡਿੱਗਣ ਕਾਰਨ ਮੌਤ ਹੋ ਗਈ। ਮਾਮਾ ਮਲਕੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਾਣਜਾ ਆਪਣੇ ਪਿੰਡ ਦੀ ਸਰਕਾਰੀ ਖਣਨ ਸਾਈਟ 'ਤੇ ਸਾਥੀ ਸਮੇਤ ਖੁਦਾਈ ਕਰ ਰਿਹਾ ਸੀ, ਜਿਸ ਦੌਰਾਨ ਰੇਤੇ ਦੀ ਢਿੱਗ ਉਨ੍ਹਾਂ 'ਤੇ ਡਿੱਗ ਗਈ। ਦੂਜੇ ਨੌਜਵਾਨ ਦਾ ਤਾਂ ਬਚਾਅ ਹੋ ਗਿਆ ਪਰ ਹਰਮਿੰਦਰ ਸਿੰਘ ਨੂੰ ਕਮਿਊਨਿਟੀ ਹੈਲਥ ਸੈਂਟਰ ਭਰਤਗੜ੍ਹ ਦੇ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ। ਮਲਕੀਤ ਸਿੰਘ ਨੇ ਦੋਸ਼ ਲਗਾਇਆ ਕਿ ਮੌਤ ਲਈ ਖਣਨ ਵਿਭਾਗ ਜ਼ਿੰਮੇਵਾਰ ਹੈ। ਜਦੋਂ ਤੱਕ ਜ਼ਿਲ੍ਹਾ ਪ੍ਰਸ਼ਾਸਨ ਮੁਆਵਜ਼ਾ ਤੇ ਪਰਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਨਹੀਂ ਦਿੰਦਾ, ਭਾਣਜੇ ਦਾ ਸਸਕਾਰ ਨਹੀਂ ਕਰਨਗੇ।

## ਭਾਰਤ ਦਾ ਰਿਕਾਰਡ ਬਹੁਤ ਮਾੜਾ

**ਕੇਪਟਾਊਨ** : ਬੱਚੇ ਦੇ ਸਮੇਂ ਤੋਂ ਪਹਿਲਾਂ ਜਨਮ, ਮਰੇ ਹੋਏ ਬੱਚੇ ਜੰਮਣ ਅਤੇ ਨਵਜੰਮੇ ਬੱਚਿਆਂ ਦੀ ਮੌਤ ਹੋਣ ਦੇ ਵਿਸ਼ਵ ਭਰ ਵਿਚ 60 ਫੀਸਦੀ ਮਾਮਲੇ 10 ਦੇਸ਼ਾਂ ਵਿਚ ਹੁੰਦੇ ਹਨ ਤੇ ਭਾਰਤ ਦੀ ਸਥਿਤੀ ਸਭ ਤੋਂ ਖਰਾਬ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਉਨ੍ਹਾਂ 10 ਦੇਸ਼ਾਂ ਦੀ ਸੂਚੀ 'ਚ ਵੀ ਸਿਖਰ 'ਤੇ ਹੈ, ਜਿਨ੍ਹਾਂ ਦਾ ਰਿਕਾਰਡ ਖਰਾਬ ਹੈ। ਅੰਕੜਿਆਂ ਅਨੁਸਾਰ 2020-2021 ਵਿਚ ਜਣੇਪੇ ਦੌਰਾਨ 2 ਲੱਖ 90 ਹਜ਼ਾਰ ਔਰਤਾਂ ਦੀ ਮੌਤ ਹੋਈ, 19 ਲੱਖ ਮਰੇ ਹੋਏ ਬੱਚੇ ਪੈਦਾ ਹੋਏ ਅਤੇ 23 ਲੱਖ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਵਿਸ਼ਵ ਪੱਧਰ 'ਤੇ 45 ਲੱਖ ਮੌਤਾਂ ਹੋਈਆਂ, ਜਿਨ੍ਹਾਂ ਵਿਚੋਂ ਭਾਰਤ ਵਿਚ ਮਰਨ ਵਾਲਿਆਂ ਦੀ ਗਿਣਤੀ 7,88,000 ਹੈ। ਇਸ ਸੂਚੀ 'ਚ ਭਾਰਤ ਤੋਂ ਬਾਅਦ ਨਾਈਜੀਰੀਆ, ਪਾਕਿਸਤਾਨ, ਕਾਂਗੋ ਲੋਕਤੰਤਰੀ ਗਣਰਾਜ, ਇਥੋਪੀਆ, ਬੰਗਲਾਦੇਸ਼ ਅਤੇ ਚੀਨ ਦਾ ਨੰਬਰ ਆਉਂਦਾ ਹੈ।

# ਅੰਮ੍ਰਿਤਸਰ ਨੂੰ ਸੋਲਰ ਸਿਟੀ ਵਜੋਂ ਕੀਤਾ ਜਾਵੇਗਾ ਵਿਕਸਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਵਾਲੇ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਵੱਲੋਂ ਬੁੱਧਵਾਰ ਪੰਜਾਬ ਸਟੇਟ ਐਨਰਜੀ ਐਕਸ਼ਨ ਪਲਾਨ ਲਾਂਚ ਕੀਤਾ ਗਿਆ ਹੈ, ਤਾਂ ਜੋ ਇਮਾਰਤਾਂ, ਉਦਯੋਗਾਂ, ਨਗਰ-ਪਾਲਿਕਾਵਾਂ, ਖੇਤੀਬਾੜੀ, ਟਰਾਂਸਪੋਰਟ ਅਤੇ ਹੋਰ ਖੇਤਰਾਂ ਵਿੱਚ ਊਰਜਾ ਕੁਸ਼ਲਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਐਕਸ਼ਨ ਪਲਾਨ ਦਾ ਉਦੇਸ ਸੂਬੇ ਦੇ ਵਿਭਾਗਾਂ/ ਏਜੰਸੀਆਂ ਦੀ ਸਭ ਤੋਂ ਟਿਕਾਊ, ਲੰਮੀ ਮਿਆਦ ਵਾਲੀ ਅਤੇ ਇੰਟਰ ਸੈਕਟਰਲ ਨਵਿਆਉਣਯੋਗ/ ਸਾਫ਼ ਤੇ ਸਵੱਛ ਊਰਜਾ ਯੋਜਨਾ ਨੂੰ ਅਪਣਾਉਣ ਵਿੱਚ ਸਹਾਇਤਾ ਕਰਨਾ ਹੈ। ਇਸ ਦੌਰਾਨ ਵਧੀਕ ਮੁੱਖ ਸਕੱਤਰ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਏ ਵੇਣੂ ਪ੍ਰਸਾਦ, ਚੇਅਰਮੈਨ ਪੇਡਾ ਐੱਚ ਐੱਸ. ਸਪਾਲ ਅਤੇ ਇੰਡੋ-ਜਰਮਨ ਐਨਰਜੀ ਪ੍ਰੋਗਰਾਮ ਜੀ ਆਈ ਜ਼ੈੱਡ ਦੇ ਮੁਖੀ ਡਾ. ਵਿਨਫਰਾਈਡ ਡੈਮ ਵੱਲੋਂ ਸੂਬੇ ਲਈ ਅੰਮ੍ਰਿਤਸਰ ਸਮਾਰਟ ਸਿਟੀ ਪੋਰਟਲ ਅਤੇ ਨਵਿਆਉਣਯੋਗ ਪਰਚੇਜ਼ ਔਬਲੀਗੇਸ਼ਨਜ਼ (ਆਰ ਪੀ ਓ) ਪੋਰਟਲ ਦੇ ਨਾਲ ਡਿਸੀਜ਼ਨ ਸਪੋਰਟ ਟੂਲ (ਡੀ ਐੱਸ ਟੀ) ਵੀ ਲਾਂਚ ਕੀਤਾ ਗਿਆ।




ਏ ਵੇਣੂ ਪ੍ਰਸਾਦ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਸੋਲਰ ਸਿਟੀ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸਟੇਟ ਐਨਰਜੀ ਐਕਸ਼ਨ ਪਲਾਨ ਹਰੇਕ ਸੈਕਟਰ ਜਿਵੇਂ ਖੇਤੀਬਾੜੀ, ਬਿਜਲੀ, ਨਵਿਆਉਣਯੋਗ, ਸੀ.ਬੀ.ਜੀ., ਨਗਰ ਪਾਲਿਕਾਵਾਂ, ਟਰਾਂਸਪੋਰਟ, ਇਮਾਰਤਾਂ ਅਤੇ ਉਦਯੋਗਾਂ ਵਿੱਚ ਨੈੱਟ ਜ਼ੀਰੋ ਟੀਚਿਆਂ ਨੂੰ ਪ੍ਰਾਪਤ ਕਰਨ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਪਾਕਿਸਤਾਨ ਵਿੱਚ ਪਿਆ ਈ ਫੇਰ ਰੱਫੜ,
ਫੜਿਆ ਪੁਲਸੀਆਂ ਖਾਨ ਇਮਰਾਨ ਬੇਲੀ।
ਨਫਰੀ ਲਾਈ ਤਕੜੀ ਪਹਿਲਾਂ ਫੋਰਸਾਂ ਦੀ,
ਸੀਕਰੇਟ ਸਾਰਾ ਲਿਆ ਰੱਖ ਪਲਾਨ ਬੇਲੀ।
ਏਨੇ ਕੇਸ ਹਨ ਉਹਦੇ ਲਈ ਦਰਜ ਕੀਤੇ,
ਮੁਸ਼ਕਲ ਵਿੱਚ ਆ ਖਾਨ ਦੀ ਜਾਨ ਬੇਲੀ।
ਉਹਦੇ ਨਾਲ ਵੀ ਭੀੜ ਨਹੀਂ ਘੱਟ ਲੱਗਦੀ,
ਬਜ਼ੁਰਗਾਂ ਸਣੇ, ਪਰ ਬਹੁਤ ਜਵਾਨ ਬੇਲੀ।
ਹਾਲਤ ਜਿਸ ਤਰ੍ਹਾਂ ਜਾਪ ਰਹੀ ਬਣੀ ਜਾਂਦੀ,
ਸੁਧਰਨ ਵਾਲਾ ਨਹੀਂ ਕੋਈ ਅੰਦਾਜ਼ ਬੇਲੀ।
ਸਾਰੇ ਈ ਲੱਛਣ ਹਾਲਾਤ ਦੇ ਇਹ ਕਹਿੰਦੇ,
ਲੱਗਦਾ ਏ ਫੌਜ ਫਿਰ ਕਰੂਗੀ ਰਾਜ ਬੇਲੀ।

-ਤੀਸ ਮਾਰ ਖਾਂ

# ਜਿੱਤਣ ਵੇਲੇ ਚਾਹ 'ਤੇ ਸੱਦਿਆ, ਮੁਸੀਬਤ 'ਚ ਵਿਸਾਰ ਦਿੱਤਾ



**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਵੱਲੋਂ ਕੀਤੇ ਕਥਿਤ ਜਿਨਸੀ ਸ਼ੋਸ਼ਣ ਖਿਲਾਫ ਭਲਵਾਨਾਂ ਵੱਲੋਂ ਜਾਰੀ ਪ੍ਰਦਰਸ਼ਨ ਪ੍ਰਤੀ ਕੇਂਦਰ ਸਰਕਾਰ ਦੇ ਮੱਠੇ ਹੁੰਗਾਰੇ ਤੋਂ ਨਿਰਾਸ਼ ਕੁਸ਼ਤੀ 'ਚ ਇਕਲੌਤੀ ਮਹਿਲਾ ਉਲੰਪਿਕ ਤਮਗਾ ਜੇਤੂ ਸਾਕਸ਼ੀ ਮਲਿਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਮਾਮਲੇ 'ਤੇ ਚੁੱਪ ਰਹਿਣ ਕਾਰਨ ਆਲੋਚਨਾ ਕੀਤੀ ਹੈ। ਮਲਿਕ ਨੇ ਕਿਹਾ ਕਿ ਮੋਦੀ ਨੇ ਤਮਗਾ ਜੇਤੂਆਂ ਨੂੰ ਚਾਹ ਲਈ ਬੁਲਾਇਆ ਸੀ, ਪਰ ਜਦੋਂ ਉਹ ਮੁਸੀਬਤ 'ਚ ਹੁੰਦੇ ਹਨ ਤਾਂ ਉਹ ਸੁਣਦੇ ਵੀ ਨਹੀਂ। ਉਸ ਨੇ ਕਿਹਾ-ਮੋਦੀ ਜੀ ਹਮੇਸ਼ਾ 'ਬੇਟੀ ਬਚਾਓ ਬੇਟੀ ਪੜ੍ਹਾਓ' ਦੀ ਗੱਲ ਕਰਦੇ ਹਨ। ਜਦੋਂ ਅਸੀਂ ਦੇਸ਼ ਦਾ ਨਾਂਅ ਰੌਸ਼ਨ ਕੀਤਾ ਤਾਂ ਉਨ੍ਹਾ ਸਾਨੂੰ ਚਾਹ ਅਤੇ ਰਾਤ ਦੇ ਖਾਣੇ ਲਈ ਬੁਲਾਇਆ। ਮੈਨੂੰ ਲੱਗਦਾ ਹੈ ਕਿ ਉਹ ਸਾਨੂੰ ਉਦੋਂ ਹੀ ਯਾਦ ਕਰਦੇ ਹਨ, ਜਦੋਂ ਅਸੀਂ ਤਮਗੇ ਲਿਆਉਂਦੇ ਹਾਂ ਅਤੇ ਉਦੋਂ ਨਹੀਂ, ਜਦੋਂ ਅਸੀਂ ਮੁਸੀਬਤ 'ਚ ਹੁੰਦੇ ਹਾਂ।

ਸਾਕਸ਼ੀ ਨੇ ਬ੍ਰਿਜ ਭੂਸ਼ਣ ਨੂੰ ਚੁਣੌਤੀ ਦਿੱਤੀ ਕਿ ਉਹ ਨਾਰਕੋ ਟੈਸਟ ਕਰਵਾ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ। ਉਸ ਨੇ ਕਿਹਾ ਕਿ ਸਰਕਾਰ ਬ੍ਰਿਜ ਭੂਸ਼ਣ ਵਿਰੁੱਧ ਕਾਰਵਾਈ ਨਹੀਂ ਕਰ ਰਹੀ, ਕਿਉਂਕਿ ਉਹ ਭਾਜਪਾ ਦਾ ਸੰਸਦ ਮੈਂਬਰ ਹੈ। ਪ੍ਰਦਰਸ਼ਨਕਾਰੀ ਭਲਵਾਨਾਂ ਵੱਲੋਂ ਤਮਗੇ ਵਾਪਸ ਕਰਨ ਦੀਆਂ ਰਿਪੋਰਟਾਂ ਬਾਰੇ ਮਲਿਕ ਨੇ ਕਿਹਾ ਕਿ ਜੇ ਇਨਸਾਫ ਨਹੀਂ ਮਿਲਿਆ ਤਾਂ ਅਸੀਂ ਇਨ੍ਹਾਂ ਤਮਗਿਆਂ ਦਾ ਕੀ ਕਰਾਂਗੇ? ਇਸ ਦੌਰਾਨ ਵਿਨੇਸ਼ ਫੋਗਾਟ ਨੇ ਕਿਹਾ ਕਿ ਪ੍ਰਦਰਸ਼ਨ ਨੇ ਹੋਰ ਐਥਲੀਟਾਂ ਨੂੰ ਜਿਨਸੀ ਸ਼ੋਸ਼ਣ ਦੇ ਖਿਲਾਫ ਬੋਲਣ ਦੀ ਹਿੰਮਤ ਦਿੱਤੀ ਹੈ। ਇਸੇ ਦੌਰਾਨ ਵਿਨੇਸ਼ ਫੋਗਾਟ ਨੇ ਰਤਨ ਟਾਟਾ ਨੂੰ ਬੇਨਤੀ ਕੀਤੀ ਹੈ ਕਿ ਉਹ ਪਤਾ ਲਾਉਣ ਕਿ ਜਿਹੜਾ ਫੰਡ ਉਨ੍ਹਾ ਦਿੱਤਾ ਉਹ ਕੁਸ਼ਤੀ ਫੈਡਰੇਸ਼ਨ ਕੋਲ ਪੁੱਜਿਆ ਕਿ ਨਹੀਂ?

ਬਜਰੰਗ ਪੂਨੀਆ ਨੇ ਮੰਗ ਕੀਤੀ ਕਿ ਸਾਰੇ ਕੁਸ਼ਤੀ ਮੁਕਾਬਲੇ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਐਡਹਾਕ ਪੈਨਲ ਦੀ ਨਿਗਰਾਨੀ ਵਿਚ ਹੋਣ, ਨਹੀਂ ਤਾਂ ਉਹ ਵਿਰੋਧ ਕਰਨਗੇ। ਇਸੇ ਦੌਰਾਨ ਭਲਵਾਨਾਂ ਨੇ ਬ੍ਰਿਜ ਭੂਸ਼ਣ ਖਿਲਾਫ ਜਾਂਚ ਦੀ ਸੁਸਤ ਰਫਤਾਰ 'ਤੇ ਵੀਰਵਾਰ ਕਾਲੇ ਆਰਮਬੈਂਡ ਲਾਉਣ ਦਾ ਫੈਸਲਾ ਕੀਤਾ ਹੈ।

## ਦਿੱਲੀ ਪੁਲਸ ਨੂੰ ਨੋਟਿਸ



**ਨਵੀਂ ਦਿੱਲੀ** : ਸਥਾਨਕ ਅਦਾਲਤ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਜਿਨਸੀ ਸ਼ੋਸ਼ਣ ਮਾਮਲੇ 'ਚ ਪੁਲਸ ਤੋਂ ਪ੍ਰਗਤੀ ਰਿਪੋਰਟ ਮੰਗੀ ਹੈ। ਜੱਜ ਨੇ ਪ੍ਰਦਰਸ਼ਨਕਾਰੀ ਭਲਵਾਨਾਂ ਵੱਲੋਂ ਜਾਂਚ ਦੀ ਨਿਗਰਾਨੀ ਕਰਨ ਅਤੇ ਅਦਾਲਤ ਦੇ ਸਾਹਮਣੇ ਕਥਿਤ ਪੀੜਤਾਂ ਦੇ ਬਿਆਨ ਦਰਜ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਦਿੱਲੀ ਪੁਲਸ ਨੂੰ ਨੋਟਿਸ ਜਾਰੀ ਕੀਤਾ। ਅਦਾਲਤ ਨੇ 12 ਮਈ ਤੱਕ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਹਨ ਤੇ ਉਸੇ ਦਿਨ ਮਾਮਲੇ ਦੀ ਅਗਲੀ ਸੁਣਵਾਈ ਕਰੇਗੀ।

## ਕੌਮਾਂਤਰੀ ਭਲਵਾਨਾਂ ਦੇ ਹੱਕ 'ਚ ਵਿਖਾਵਾ, ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਨ ਦੀ ਮੰਗ




**ਜਲੰਧਰ** : ਮੁਲਕ ਦੀਆਂ ਕੌਮਾਂਤਰੀ ਪੱਧਰ ਦੀਆਂ ਮਹਿਲਾ ਭਲਵਾਨਾਂ ਦੇ ਹੱਕ 'ਚ ਬੁੱਧਵਾਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉਸ ਮੌਕੇ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਗਈ, ਜਦੋਂ ਇੱਕ ਬੰਨੇ ਜ਼ਿਮਨੀ ਚੋਣ ਕਾਰਨ ਵੋਟਾਂ ਪੈ ਰਹੀਆਂ ਸਨ ਤਾਂ ਦੂਜੇ ਪਾਸੇ ਗਦਰੀ ਦੇਸ਼ ਭਗਤ ਆਜ਼ਾਦੀ ਸੰਗਰਾਮੀਆਂ ਦੇ ਵਿਹੜੇ 'ਚੋਂ ਗੂੰਜਦੇ ਬੋਲ ਸੁਣਾਈ ਦੇ ਰਹੇ ਸਨ ਕਿ ਭਾਜਪਾ ਸੰਸਦ ਮੈਂਬਰ ਅਤੇ ਕੁਸ਼ਤੀ ਸੰਸਥਾ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਨੂੰ ਗ੍ਰਿਫ਼ਤਾਰ ਕਰੋ। ਹੱਕ, ਸੱਚ ਇਨਸਾਫ ਲਈ ਜੂਝ ਰਹੀਆਂ ਕੌਮਾਂਤਰੀ ਤਗਮੇ ਜਿੱਤਣ ਵਾਲੀਆਂ ਸਾਡੀ ਧਰਤੀ ਦੀਆਂ ਮਾਣਮੱਤੀਆਂ ਖਿਡਾਰਨਾਂ ਨੂੰ ਇਨਸਾਫ ਦਿੱਤਾ ਜਾਏ। ਪੁਰਅਮਨ ਧਰਨਾ ਦੇ ਰਹੀਆਂ ਖਿਡਾਰਨਾਂ ਉਪਰ ਜ਼ੁਲਮ ਢਾਹੁਣਾ ਬੰਦ ਕੀਤਾ ਜਾਏ। ਧਰਨੇ ਦੁਆਲੇ ਪੁਲਸ ਅਤੇ ਅਰਧ ਸੈਨਿਕਾਂ ਬਲਾਂ ਦਾ ਘੱਤਿਆ ਘੇਰਾ ਖਤਮ ਕੀਤਾ ਜਾਏ। ਭਾਜਪਾ ਸੰਸਦ ਨੂੰ ਸਾਰੇ ਅਹੁਦਿਆਂ ਤੋਂ ਬਰਖਾਸਤ ਕੀਤਾ ਜਾਏ।

● ਬਾਕੀ ਸਫ਼ਾ 2 'ਤੇ

## ਗੁੰਮਟੀ ਸਕੂਲ ਦੇ 14 ਵਿਦਿਆਰਥੀ ਸਕੂਲ ਆਫ ਐਮੀਨੈਂਸ ਲਈ ਚੁਣੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਵੱਲੋਂ ਸਕੂਲ ਆਫ ਐਮੀਨੈਂਸ ਦੀ ਪ੍ਰਵੇਸ਼ ਪ੍ਰੀਖਿਆ ਦੇ ਐਲਾਨ ਕੀਤੇ ਨਤੀਜੇ ਵਿੱਚ ਸਰਕਾਰੀ ਮਿਡਲ ਸਕੂਲ ਗੁੰਮਟੀ (ਬਰਨਾਲਾ) ਦੇ 14 ਵਿਦਿਆਰਥੀਆਂ ਨੇ ਸਕੂਲ ਆਫ ਐਮੀਨੈਂਸ ਪ੍ਰੀਖਿਆ ਪਾਸ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਸਰਕਾਰੀ ਮਿਡਲ ਸਕੂਲ ਹਮੀਦੀ ਦੇ ਮੁੱਖ ਅਧਿਆਪਕ ਦਰਸ਼ਨ ਸਿੰਘ ਅਨੁਸਾਰ ਸਕੂਲ ਦੇ ਕੁੱਲ 18 ਵਿਦਿਆਰਥੀਆਂ ਨੇ ਇਸ ਪੇਪਰ ਵਿੱਚ ਭਾਗ ਲਿਆ ਸੀ, ਜਿਸ 'ਚੋਂ 14 ਵਿਦਿਆਰਥੀ ਪਾਸ ਹੋਏ ਹਨ। ਇਹ ਸਕੂਲ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਜਾ ਰਹੇ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ, ਜਿੱਥੇ ਵਿਦਿਆਰਥੀ ਨੌਵੀਂ ਤੋਂ ਲੈ ਕੇ 12ਵੀਂ ਤੱਕ ਬਿਨਾਂ ਕਿਸੇ ਫੀਸ ਤੋਂ ਮੁਫਤ ਸਿੱਖਿਆ ਪ੍ਰਾਪਤ ਕਰ ਸਕਣਗੇ। ਪ੍ਰਵੇਸ਼ ਪ੍ਰੀਖਿਆ ਪਾਸ ਇਨ੍ਹਾਂ ਵਿਦਿਆਰਥੀਆਂ ਦਾ ਦਾਖਲਾ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲ ਕਲਾਂ ਵਿੱਚ ਹੋਵੇਗਾ। ਇਥੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੇ ਜਾਣ-ਆਉਣ ਦੀ ਸਹੂਲਤ ਦਾ ਪ੍ਰਬੰਧ ਵੀ ਸਰਕਾਰ ਵੱਲੋਂ ਮੁਫਤ ਕੀਤਾ ਜਾਵੇਗਾ। ਹੈੱਡਮਾਸਟਰ ਦਰਸ਼ਨ ਸਿੰਘ, ਮਾਸਟਰ ਰਘਵੀਰ ਚੰਦ, ਮੈਡਮ ਕਮਲਜੀਤ ਕੌਰ, ਸਮੂਹ ਸਟਾਫ ਨੇ ਇਸ ਪ੍ਰਾਪਤੀ 'ਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਮੁਬਾਰਕਬਾਦ ਦਿੰਦਿਆਂ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਪਹਿਲਵਾਨਾਂ ਦੇ ਧਰਨੇ 'ਚ ਸ਼ਾਮਲ ਹੋਣਗੇ ਫਿਰੋਜ਼ਪੁਰ ਦੇ ਸੈਂਕੜੇ ਕਿਸਾਨ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਡਾਕਟਰ ਦਰਸ਼ਨ ਪਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੇ ਮੀਤ ਪ੍ਰਧਾਨ ਸੁਰਜੀਤ ਕੁਮਾਰ ਦੀ ਅਗਵਾਈ ਵਿੱਚ ਅਹਿਮ ਮੀਟਿੰਗ ਗੁਰਦੁਆਰਾ ਪਿੰਡ ਚੱਕ ਸੋਮੀਆ ਵਾਲਾ ਵਿਖੇ ਹੋਈ, ਜਿਸ ਵਿੱਚ ਬਲਾਕ ਗੁਰੂ ਹਰਸਹਾਏ ਤੇ ਬਲਾਕ ਝੋਕ ਮੋਹੜ ਦੇ ਕਿਸਾਨਾਂ ਨੇ ਹਿੱਸਾ ਲਿਆ, ਜਿਸ ਵਿੱਚ ਵੱਖ ਵੱਖ ਭਖਦੇ ਮਸਲਿਆਂ 'ਤੇ ਵਿਚਾਰ ਚਰਚਾ ਹੋਈ। ਇਸ ਮੌਕੇ ਜ਼ਿਲ੍ਹਾ ਵਿੱਤ ਸਕੱਤਰ ਰਜਿੰਦਰ ਰੌਫੀ ਵਜੀਦਪੁਰ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੱਦੇ 'ਤੇ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਸੈਂਕੜੇ ਕਿਸਾਨਾਂ ਦਾ ਜਥਾ ਦਿੱਲੀ ਵਿਖੇ ਚੱਲ ਰਹੇ ਪਹਿਲਵਾਨਾਂ ਦੇ ਧਰਨੇ ਵਿੱਚ ਸ਼ਾਮਲ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਝੋਕ, ਗੁਰਨਾਮ ਸੋਮੀਆ ਪ੍ਰੈੱਸ ਸਕੱਤਰ, ਗੁਰਮੁੱਖ ਰਾਮ ਜ਼ਿਲ੍ਹਾ ਆਗੂ ਬਾਜੇਕੇ, ਬੂਟਾ ਸਿੰਘ ਹਾਮਦ ਬਲਾਕ ਵਿੱਤ ਸਕੱਤਰ, ਜਸਵਿੰਦਰ ਸਿੰਘ ਬਲਾਕ ਪ੍ਰਧਾਨ, ਰਣਜੀਤ ਸਿੰਘ ਗੁਰੂ ਹਰਸਹਾਏ, ਗੁਰਨਾਮ ਸਿੰਘ ਜੋਆਏ ਸਿੰਘ ਵਾਲਾ, ਹਰਜਿੰਦਰ ਸੋਮੀਆ, ਤਰਸੇਮ ਸਿੰਘ ਸੋਮੀਆ, ਗੁਰਮੀਤ ਸਿੰਘ ਬਾਬਾ ਫਾਰਮ, ਅਮਰੀਕ ਸਿੰਘ ਲਖਮੀਰਪੁਰਾ, ਕੁਲਜੀਤ ਦਿਲਾ ਰਾਮ ਆਦਿ ਹਾਜ਼ਰ ਸਨ।

## ਵਿਧਾਇਕ ਮੁੰਡੀਆ ਨੇ ਇੱਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ 'ਚ ਦਿੱਤੀ



ਸੰਗਰੂਰ (ਪ੍ਰਵੀਨ ਸਿੰਘ)-ਆਮ ਆਦਮੀ ਪਾਰਟੀ ਦੇ ਹਲਕਾ ਸਾਹਨੇਵਾਲ ਦੇ ਜੁਝਾਰੂ ਐਮ.ਐਲ.ਏ. ਹਰਦੀਪ ਸਿੰਘ ਮੁੰਡੀਆ ਵੱਲੋਂ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਦੇਣ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤੀ ਹੈ। ਵਿਧਾਇਕ ਮੁੰਡੀਆ ਵੱਲੋਂ ਭਗਵੰਤ ਮਾਨ ਨੂੰ ਮਿਲ ਕੇ ਆਪਣੀ ਇੱਕ ਮਹੀਨੇ ਦੀ ਤਨਖਾਹ 82000/- ਦਾ ਚੈੱਕ ਦਿੱਤਾ ਗਿਆ। ਚੈੱਕ ਦੇਣ ਉਪਰੰਤ ਕਿਹਾ ਕਿ ਮੈਂ ਹਲਕੇ ਦੇ ਪਿੰਡਾ ਅੰਦਰ ਜਾ ਕੇ ਖੇਤਾਂ ਦਾ ਦੌਰਾ ਕੀਤਾ ਤੇ ਕਿਸਾਨਾਂ ਦਾ ਦਰਦ ਦੇਖਿਆ। ਕੁਦਰਤ ਦੀ ਇਸ ਮਾਰ ਦੀ ਭਰਪਾਈ ਮੁਸ਼ਕਲ ਹੈ। ਪ੍ਰੰਤੂ ਮਾਨ ਸਰਕਾਰ ਨੇ ਇਸ ਸਮੇਂ ਕਿਸਾਨਾਂ ਦੀ ਬਾਂਹ ਅੱਗੇ ਹੋ ਕੇ ਫੜੀ ਹੈ। ਇਸ ਲਈ ਮੈਂ ਵੀ ਆਪਣੇ ਵੱਲੋਂ ਕਿਸਾਨਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਇਸ ਰਾਹਤ ਫੰਡ ਵਿੱਚ ਛੋਟਾ ਜਿਹਾ ਯੋਗਦਾਨ ਪਾਇਆ ਹੈ। ਵਿਧਾਇਕ ਮੁੰਡੀਆ ਦੀ ਇਸ ਨਿਵੇਕਲੀ ਪਹਿਲ ਤੋਂ ਖੁਸ਼ ਹੋ ਕੇ ਭਗਵੰਤ ਮਾਨ ਅਤੇ ਪਾਰਟੀ ਦੀ ਸੀਨੀਅਰ ਹਾਈਕਮਾਨ ਵੱਲੋਂ ਇਨ੍ਹਾਂ ਨੂੰ ਛੱਤੀਸਗੜ੍ਹ ਦਾ ਸਹਿ ਪ੍ਰਭਾਰੀ ਨਿਯੁਕਤ ਕੀਤਾ ਹੈ। ਉਨ੍ਹਾਂ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਬਾਂਸਲ'ਜ ਗਰੁੱਪ ਸੂਲਰ ਘਰਾਟ ਦੇ ਐਮ ਡੀ ਸ੍ਰੀ ਸੰਜੀਵ ਬਾਂਸਲ ਨੇ ਕਿਹਾ ਕਿ ਵਿਧਾਇਕ ਮੁੰਡੀਆ ਵੱਲੋਂ ਕੀਤੀ ਪਹਿਲ ਬਹੁਤ ਸ਼ਲਾਘਾਯੋਗ ਹੈ, ਜਿਨ੍ਹਾਂ ਨੇ ਕਿਸਾਨ ਹਿੱਤ ਆਪਣੀ ਸੋਚ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਮੁੰਡੀਆ 'ਆਪ' ਪਾਰਟੀ ਵੱਲੋਂ ਉਲੀਕੇ ਜਾਂਦੇ ਹਰ ਪ੍ਰੋਗਰਾਮ ਵਿੱਚ ਮੋਹਰੀ ਰੋਲ ਅਦਾ ਕਰਦੇ ਹਨ, ਜਿਸ ਕਰਕੇ ਉਹਨਾਂ ਦੀ ਪਛਾਣ ਸਿਰਫ਼ ਸਾਹਨੇਵਾਲ ਹਲਕੇ ਅੰਦਰ ਹੀ ਨਹੀਂ, ਸਗੋਂ ਪੂਰੇ ਪੰਜਾਬ ਅੰਦਰ ਹੈ।

## ਪਿੰਡ ਝੰਡੂਕੇ ਦੀ ਸਾਂਝੀ ਸੱਥ 'ਚ ਕੀਤਾ ਇਕੱਠ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੱਦੇ 'ਤੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿੰਡ ਝੰਡੂਕੇ ਦੀ ਸਾਂਝੀ ਸੱਥ 'ਚ ਇਕੱਠ ਕੀਤਾ ਗਿਆ। ਯੂਨੀਅਨ ਦੇ ਰਾਮਪੁਰਾ ਬਲਾਕ ਪ੍ਰਧਾਨ ਮਹਿੰਦਰ ਸਿੰਘ ਕੱਲੂ, ਹੇਮ ਰਾਜ ਸਹਾਇਕ ਸਕੱਤਰ, ਗੁਰਪ੍ਰੀਤ ਸਿੰਘ ਪ੍ਰਚਾਰ ਸਕੱਤਰ ਦੇ ਯੋਗ ਯਤਨਾਂ ਸਦਕਾ ਤੇ ਗੁਰਦੀਪ ਸਿੰਘ ਸੂਬਾ ਸੀਨੀਅਰ ਮੀਤ ਪ੍ਰਧਾਨ ਰਾਮਪੁਰਾ ਦੀ ਅਗਵਾਈ 'ਚ ਪਿੰਡ ਇਕਾਈ ਦੀ ਚੋਣ ਕੀਤੀ ਗਈ। ਸਰਬਸੰਮਤੀ ਨਾਲ ਹੋਈ ਇਸ ਚੋਣ 'ਚ ਗੁਰਤੇਜ ਸਿੰਘ ਤੇਜੂ ਪ੍ਰਧਾਨ, ਕਰਨੈਲ ਸਿੰਘ ਮੀਤ ਪ੍ਰਧਾਨ, ਗਾਵਾਂ ਸਿੰਘ ਜਰਨਲ ਸਕੱਤਰ, ਸੁਖਦੇਵ ਸਿੰਘ ਖ਼ਜ਼ਾਨਚੀ, ਗਮਦੂਰ ਸਿੰਘ ਮੈਂਬਰ, ਸੁਰਜੀਤ ਸਿੰਘ ਮੈਂਬਰ, ਗੁਰਜੀਤ ਸਿੰਘ ਮੈਂਬਰ, ਗੁਰਮੇਲ ਸਿੰਘ ਮੈਂਬਰ, ਨਛੱਤਰ ਸਿੰਘ ਮੈਂਬਰ, ਰੂਪ ਸਿੰਘ ਮੈਂਬਰ, ਨਛੱਤਰ ਸਿੰਘ ਮੈਂਬਰ, ਦਰਸ਼ਨ ਸਿੰਘ ਮੈਂਬਰ, ਗੋਰਾ ਸਿੰਘ ਮੈਂਬਰ, ਮੂਰਤੀ ਕੌਰ ਪ੍ਰਧਾਨ ਇਸਤਰੀ ਵਿੰਗ, ਜਸਵਿੰਦਰ ਕੌਰ ਮੀਤ ਪ੍ਰਧਾਨ, ਜਸਵਿੰਦਰ ਕੌਰ ਖ਼ਜ਼ਾਨਚੀ, ਪਰਮਜੀਤ ਕੌਰ ਮੈਂਬਰ, ਸ਼ਿੰਦਰ ਕੌਰ ਮੈਂਬਰ, ਅੰਗਰੇਜ ਕੌਰ ਮੈਂਬਰ ਚੁਣੇ ਗਏ। ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਦੱਸਿਆ ਕਿ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਕਿਸਾਨਾਂ ਤੇ ਹੋਰ ਤਬਕਿਆਂ ਦੇ ਹੱਕ ਵਿੱਚ ਲਏ ਸਟੈਂਡ ਕਰਕੇ ਦਿਨੋ-ਦਿਨ ਪਿੰਡਾਂ ਵਿੱਚ ਜਥੇਬੰਦੀ ਦਾ ਵਿਸਥਾਰ ਹੋ ਰਿਹਾ ਹੈ। ਉਨ੍ਹਾਂ ਹਾਜ਼ਰੀਨ ਨੂੰ ਵਿਸ਼ਵਾਸ ਦਿਵਾਇਆ ਕਿ ਮਿਹਨਤਕਸ਼ ਲੋਕ ਦੇ ਹੱਕ ਵਿੱਚ ਜਥੇਬੰਦੀ ਦਾ ਸੰਘਰਸ਼ੀ ਪਰਚਮ ਬੁਲੰਦ ਰਹੇਗਾ।

## ਨਰਮੇ ਦੀ ਫ਼ਸਲ ਸੰਬੰਧੀ ਕਿਸਾਨ ਜਾਗਰੂਕਤਾ ਕੈਂਪ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਖੇਤੀਬਾੜੀ ਅਫ਼ਸਰ ਤਲਵੰਡੀ ਸਾਬੋ ਸ਼੍ਰੀ ਬਲਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤਲਵੰਡੀ ਸਾਬੋ ਵੱਲੋਂ ਪਿੰਡ ਕੋਟ ਬਖਤੂ ਵਿਖੇ ਨਰਮੇ ਦੀ ਫ਼ਸਲ ਦੇ ਮੱਦੇਨਜ਼ਰ ਕਿਸਾਨ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਪਿੰਦਰ ਸਿੰਘ ਵੱਲੋਂ ਨਰਮੇ ਦੀ ਫ਼ਸਲ ਨੂੰ ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਨਰਮੇ ਦੀ ਫ਼ਸਲ ਨੂੰ ਕਾਮਯਾਬ ਕਰਨ ਲਈ ਪਿੰਡ ਪੱਧਰ 'ਤੇ ਕਿਸਾਨ ਮਿੱਤਰ ਰੱਖੇ ਗਏ ਹਨ, ਜੋ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਖੇਤੀਬਾੜੀ ਮਾਹਿਰਾਂ ਤੱਕ ਪੁਚਾਉਣ ਦਾ ਕੰਮ ਕਰਨਗੇ। ਇਸ ਦੌਰਾਨ ਉਨ੍ਹਾਂ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸੱਠੀ ਮੂੰਗੀ ਫ਼ਸਲ ਦੀ ਬਿਜਾਈ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੁ ਨਰਮੇ ਦੀ ਫ਼ਸਲ ਨੂੰ ਚਿੱਟੀ ਮੱਖੀ ਤੋਂ ਬਚਾਇਆ ਜਾ ਸਕੇ, ਖਾਦਾਂ ਦੀ ਸਹੀ ਸਮੇਂ 'ਤੇ ਸਹੀ ਮਾਤਰਾ ਵਿੱਚ ਵਰਤੋਂ ਸਬੰਧੀ, ਗੁਲਾਬੀ ਸੁੰਡੀ ਦੇ ਜੀਵਨ ਚੱਕਰ, ਕੀੜੇਮਾਰ ਦਵਾਈਆਂ ਦੀ ਸਹੀ ਵਰਤੋਂ ਸਬੰਧੀ ਜਾਣਕਾਰੀ ਦਿੱਤੀ ਗਈ। ਖੇਤੀਬਾੜੀ ਸਬ ਇੰਸਪੈਕਟਰ ਪਰਨੂਰ ਸਿੰਘ ਗਰੇਵਾਲ ਵੱਲੋਂ ਕਿਸਾਨਾਂ ਨੂੰ ਨਰਮੇ ਦਾ ਮਨਜ਼ੂਰਸ਼ੁਦਾ ਬੀਜ ਲੈਣ ਲਈ ਤੇ ਕਿਸਾਨਾਂ ਨੂੰ ਸਰਕਾਰ ਵੱਲੋਂ ਦਿੱਤੀ ਜਾ ਰਹੀ 33 ਪ੍ਰਤੀਸ਼ਤ ਸਬਸਿਡੀ ਦਾ ਲਾਭ ਲੈਣ ਦੀ ਅਪੀਲ ਕੀਤੀ ਤੇ ਕਿਹਾ ਕਿ ਸਬਸਿਡੀ ਦੀ ਆਖਰੀ ਮਿਤੀ 31 ਮਈ ਰੱਖੀ ਦਿੱਤੀ ਗਈ ਹੈ। ਕੈਂਪ ਮੌਕੇ ਸਹਾਇਕ ਤਕਨੀਕੀ ਮੈਨੇਜਰ ਵਿਕਾਸ ਸਿੰਗਲਾ ਨੇ ਕਿਸਾਨਾਂ ਨੂੰ ਝੋਨੇ ਦੀ ਫਸਲ ਹੇਠੋਂ ਰਕਬਾ ਕੱਢ ਕੇ ਨਰਮੇ ਦੀ ਫ਼ਸਲ ਦੀ ਕਾਸ਼ਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਧਰਤੀ ਹੇਠ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ, ਹੁਣ ਸਾਨੂੰ ਝੋਨੇ ਦੀ ਫ਼ਸਲ ਦੇ ਬਦਲ ਵਜੋਂ ਨਰਮੇ ਦੀ ਫ਼ਸਲ ਦੀ ਕਾਸ਼ਤ ਕਰਨ ਵੱਲ ਆਉਣਾ ਚਾਹੀਦਾ ਹੈ।

## ਮਾਨਸਾ ਜ਼ਿਲ੍ਹੇ 'ਚ ਕੌਮੀ ਲੋਕ ਅਦਾਲਤ 13 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਲੋਕਾਂ ਨੂੰ ਸਸਤਾ ਤੇ ਛੇਤੀ ਨਿਆਂ ਦਿਵਾਉਣ, ਝਗੜਿਆਂ ਦਾ ਨਿਪਟਾਰਾ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਕਰਾਉਣ, ਲੋਕਾਂ ਦੇ ਮਨਾਂ ਵਿੱਚੋਂ ਦੁਸ਼ਮਣੀ ਨੂੰ ਜੜ੍ਹੋਂ ਖਤਮ ਕਰਨ ਦੇ ਮੰਤਵ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਹਮੇਸ਼ਾ ਹੀ ਲੋਕਾਂ ਦੇ ਫ਼ਾਇਦੇ ਲਈ ਤਤਪਰ ਰਹੀ ਹੈ, ਇਸੇ ਤਹਿਤ ਹਰ ਤੀਜੇ ਮਹੀਨੇ ਕੌਮੀ ਲੋਕ ਅਦਾਲਤ ਦਾ ਆਯੋਜਨ ਪੰਜਾਬ ਤੇ ਹਰਿਆਣਾ ਵਿਚ ਕੀਤਾ ਜਾ ਰਿਹਾ ਹੈ। ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਸ੍ਰੀਮਤੀ ਗੁਰਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਵਿੱਚ 13 ਮਈ ਨੂੰ ਲਾਈ ਜਾ ਰਹੀ ਕੌਮੀ ਲੋਕ ਅਦਾਲਤ ਨੂੰ ਸਫ਼ਲ ਕਰਨ ਸੰਬੰਧੀ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀਮਤੀ ਪ੍ਰੀਤੀ ਸਾਹਨੀ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ। ਇਸ ਸਬੰਧੀ ਲਗਾਤਾਰ ਮਾਨਸਾ ਅਦਾਲਤ ਦੇ ਜੱਜ ਸਾਹਿਬਾਨਾਂ, ਸਬ ਡਵੀਜ਼ਨਾਂ ਬੁਢਲਾਡਾ ਤੇ ਸਰਦੂਲਗੜ੍ਹ ਦੇ ਜੱਜ ਸਾਹਿਬਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੁ ਵੱਧ ਤੋਂ ਵੱਧ ਲੋਕਾਂ ਨੂੰ ਕੌਮੀ ਲੋਕ ਅਦਾਲਤ ਦਾ ਫ਼ਾਇਦਾ ਦਿੱਤਾ ਜਾ ਸਕੇ। ਇਸ ਤੋਂ ਇਲਾਵਾ ਮਾਨਸਾ, ਬੁਢਲਾਡਾ ਅਤੇ ਸਰਦੂਲਗੜ੍ਹ ਦੇ ਪੈਨਲ ਐਡਵੋਕੇਟਾਂ, ਬੈਂਕ ਅਧਿਕਾਰੀਆਂ, ਇੰਸ਼ੋਰੈਂਸ ਕੰਪਨੀਆਂ, ਜ਼ਿਲ੍ਹੇ ਦੇ ਐਸ.ਐਸ.ਪੀ., ਡੀ.ਸੀ, ਥਾਣਿਆਂ ਦੇ ਮੁਖੀਆਂ, ਸਰਪੰਚ ਸਾਹਿਬਾਨਾਂ, ਐਸੋਸੀਏਸ਼ਨ ਮਾਨਸਾ ਬੁਢਲਾਡਾ ਤੇ ਸਰਦੂਲਗੜ੍ਹ ਦੇ ਆਗੂਦੇਦਾਰਾਂ, ਸੀਨੀਅਰ ਸਿਟੀਜ਼ਨਾਂ ਤੋਂ ਇਲਾਵਾ ਸਮਾਜ ਦੇ ਹਰੇਕ ਵਰਗ ਦੇ ਨੁਮਾਇੰਦਿਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਕੇਸ ਕੌਮੀ ਲੋਕ ਅਦਾਲਤ ਵਿੱਚ ਲਾਉਣ, ਜਿਸ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਫ਼ਾਇਦਾ ਹੋ ਸਕੇ। ਇਸ ਲੋਕ ਅਦਾਲਤ ਵਿੱਚ ਦਿਵਾਨੀ ਮਾਮਲੇ, ਕ੍ਰਿਮੀਨਲ ਕੰਪਾਊਂਡੇਬਲ, ਚੈੱਕਾਂ ਦੇ ਕੇਸ, ਬੈਂਕ, ਬਿਜਲੀ, ਪਾਣੀ ਟੈਲੀਫੋਨ ਤੇ ਵਿਆਹ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ 'ਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਲੋਕ ਅਦਾਲਤ ਵਿੱਚ ਆਪਣਾ ਕੇਸ ਲਾਉਣ ਲਈ ਇਕ ਦਰਖ਼ਾਸਤ ਦੇ ਕੇ ਹੀ ਆਪਣਾ ਕੇਸ ਲਾਇਆ ਜਾ ਸਕਦਾ ਹੈ।

## ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਦਾ ਫੂਕਿਆ ਪੁਤਲਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਦੇਸ਼ ਭਗਤ ਯਾਦਗਾਰ ਕੇਂਦਰ ਵੱਲੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਭਲਵਾਨਾਂ ਦੇ ਚੱਲ ਰਹੇ ਧਰਨੇ ਦੇ ਹੱਕ ਵਿੱਚ ਧਰਨਾ ਦੇ ਰਹੇ ਕਿਸਾਨਾਂ ਦੇ ਸਮਰਥਨ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਨਾਲ ਜੁੜੇ ਸਮੂਹ ਪਤਵੰਤਿਆਂ ਨੇ ਸ਼ਹੀਦ ਭਗਤ ਸਿੰਘ ਚੌਕ ਵਿਖੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ ਤੇ ਕੇਂਦਰ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਹੈਪੀ ਬਖਸ਼ੀ ਨੇ ਕੀਤੀ। ਹੈਪੀ ਬਖਸ਼ੀ ਨੇ ਕਿਹਾ ਕਿ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਦਿੱਲੀ ਜੰਤਰ-ਮੰਤਰ ਤੇ ਪ੍ਰਦਰਸ਼ਨ ਕਰ ਰਹੀਆਂ ਮਹਿਲਾ ਖਿਡਾਰਨਾਂ ਤੇ ਦਿੱਲੀ ਪੁਲਿਸ ਵੱਲੋਂ ਕੀਤਾ ਗਿਆ ਅੱਤਿਆਚਾਰ ਬਹੁਤ ਹੀ ਸ਼ਰਮਨਾਕ ਹੈ। ਇਸ ਘਟਨਾ ਨੇ ਪੂਰੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇਸ ਮੌਕੇ ਐਡਵੋਕੇਟ ਤਿਲਕਰਾਜ ਵਿਨਾਇਕ ਨੇ ਟੋਨੀ ਸਾਗੂ ਨੇ ਕਿਹਾ ਕਿ ਧਰਨੇ 'ਤੇ ਬੈਠੀਆਂ ਦੇਸ਼ ਦੀਆਂ ਧੀਆਂ ਨਾਲ ਪੁਲਸ ਨੇ ਕੁੱਟਮਾਰ ਅਤੇ ਬਦਸਲੂਕੀ ਕੀਤੀ ਹੈ, ਜੋ ਸਰਕਾਰ ਲਈ ਬੜੀ ਸ਼ਰਮਨਾਕ ਘਟਨਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜਿਨ੍ਹਾਂ ਖਿਡਾਰੀਆਂ ਨੇ ਦੇਸ਼ ਲਈ ਤਗਮੇ ਲਿਆਦੇ, ਕੀ ਇਹ ਕੋਈ ਘਿਨਾਉਣੇ ਅਪਰਾਧੀ ਹਨ? ਜਿਨ੍ਹਾਂ ਨਾਲ ਅਜਿਹਾ ਅਣਮਨੁੱਖੀ ਸਲੂਕ ਕੀਤਾ ਗਿਆ। ਇਸ ਮੌਕੇ ਬਲਜੀਤ ਸਿੰਘ ਢਿੱਲੋਂ, ਸੁਰਿੰਦਰ ਵਰਮਾ, ਰਾਜੇਸ਼ ਮਿੱਢਾ, ਅਨਮੋਲ ਸੰਧੂ, ਪ੍ਰਭ ਖਾਜਾਖੇੜਾ, ਡਾ. ਪ੍ਰਿੰਸ, ਰਾਜੇਸ਼ ਅਹਿਲਾਵਤ, ਮੁਨੀਸ਼, ਅੰਗਰੇਜ ਢਿੱਲੋਂ, ਬਾਦਲ ਮਾਨ, ਭਾਲ ਸਿੰਘ ਨੰਬਰਦਾਰ, ਪਾਲ ਸਿੰਘ ਤੇ ਪ੍ਰਿੰਸ ਕੰਗ ਸਮੇਤ ਬਹੁਤ ਸਾਰੇ ਕਾਰਜਕਰਤਾ ਹਾਜ਼ਰ ਸਨ।

## 55,888 ਘਰੇਲੂ ਬਿਜਲੀ ਖਪਤਕਾਰਾਂ ਦਾ ਬਿੱਲ ਜ਼ੀਰੋ, 9,76,82,822 ਰੁਪਏ ਦੀ ਮਿਲੀ ਸਹੂਲਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਬਿਜਲੀ ਬਿੱਲਾਂ ਦੀ ਮੁਆਫੀ ਨਾਲ ਸ੍ਰੀ ਮੁਕਤਸਰ ਸਾਹਿਬ ਪਾਵਰਕਾਮ ਡਵੀਜ਼ਨ ਦੇ ਲਗਭਗ 54,888 ਘਰੇਲੂ ਬਿਜਲੀ ਖਪਤਕਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ ਅਤੇ ਲਾਭਪਾਤਰੀਆਂ ਨੂੰ ਲਗਭਗ 9,76,82,822 ਰੁਪਏ ਦੀ ਮੁਫਤ ਬਿਜਲੀ ਦੀ ਸਹੂਲਤ ਮਿਲੀ ਹੈ। ਪਾਵਰਕਾਮ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੇ ਜਨਵਰੀ 2023 ਤੋਂ 31 ਮਾਰਚ 2023 ਤੱਕ ਦੇ ਆਂਕੜਿਆਂ ਬਾਰੇ ਮਿਲੀ ਜਾਣਕਾਰੀ ਅਨੁਸਾਰ ਪ੍ਰਤੀ ਬਿੱਲ ਸਾਈਕਲ 600 ਯੂਨਿਟ ਬਿਜਲੀ ਖਪਤ ਕਰਨ ਵਾਲੇ ਉਪਭੋਗਤਾ ਨੂੰ ਜ਼ੀਰੋ ਬਿਜਲੀ ਬਿੱਲ ਆ ਰਿਹਾ ਹੈ। ਵਿੱਤੀ ਸਾਲ 2022-23 ਦੀ ਚੌਥੀ ਤਿਮਾਹੀ ਦੇ ਵੇਰਵੇ ਅਨੁਸਾਰ ਘਰੇਲੂ ਬਿਜਲੀ ਖਪਤਕਾਰ ਇਸ ਡਵੀਜ਼ਨ ਵਿੱਚ ਪੰਜਾਬ ਸਰਕਾਰ ਦੀ ਮੁਫਤ ਬਿਜਲੀ ਯੋਜਨਾ ਦਾ ਲਾਭ ਪ੍ਰਾਪਤ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਘਰੇਲੂ ਬਿਜਲੀ ਖਪਤਕਾਰਾਂ ਨੂੰ ਇਹ ਵੱਡੀ ਰਾਹਤ ਨਿਰੰਤਰ ਦਿੱਤੀ ਜਾ ਰਹੀ ਹੈ, ਜਿਸ ਨਾਲ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਪਾਵਰਕਾਮ ਨੂੰ ਅਦਾ ਕੀਤੇ ਜਾ ਰਹੇ ਹਨ। ਆਮ ਆਦਮੀ ਪਾਰਟੀ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਘਰੇਲੂ ਬਿਜਲੀ ਖਪਤਕਾਰਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਬਾਕ ਹਰ ਦੋ ਮਹੀਨੇ ਦੇ ਬਿੱਲ ਸਾਈਕਲ 'ਤੇ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ, ਜਿਸ ਦਾ ਸਿੱਧੇ ਤੌਰ 'ਤੇ ਘਰੇਲੂ ਬਿਜਲੀ ਖਪਤਕਾਰ ਨੂੰ ਲਾਭ ਮਿਲੇਗਾ। ਸਰਕਾਰ ਬਣਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਲੋਕਾਂ ਨੂੰ ਇਹ ਵੱਡਾ ਤੋਹਫਾ ਦੇ ਕੇ ਘਰੇਲੂ ਬਿਜਲੀ ਖਪਤਕਾਰਾਂ ਦਾ ਮਾਲੀ ਬੋਝ ਘੱਟ ਕੀਤਾ ਹੈ। ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ, ਸਰਕਾਰ ਵੱਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਕੇਵਲ ਸ੍ਰੀ ਮੁਕਤਸਰ ਸਾਹਿਬ ਪਾਵਰਕਾਮ ਡਵੀਜ਼ਨ ਮੁਕਤਸਰ ਸਾਹਿਬ ਖਪਤਕਾਰਾਂ ਨੇ ਸਾਲ 2022-23 ਦੀ ਚੌਥੀ ਤਿਮਾਹੀ 'ਚ ਲਾਭ ਹਾਸਲ ਕੀਤਾ ਅਤੇ ਲਗਭਗ 9,76,82,822 ਰੁਪਏ ਦਾ ਵਿੱਤੀ ਲਾਭ ਸਿੱਧੇ ਤੌਰ 'ਤੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਮਿਲਿਆ।

## ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਚੌਂਕ ਦਾ ਨਾਂਅ ਬਦਲਣ 'ਤੇ ਭਾਰੀ ਰੋਸ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਰਵ ਸਮਾਜ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਚੌਕ ਦਾ ਨਾਂਅ ਬਦਲਣ ਸਬੰਧੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ। ਜਨਤਾ ਅਧਿਕਾਰ ਮੋਰਚਾ ਦੇ ਮੁੱਖ ਆਗੂ ਕਰਨੈਲ ਸਿੰਘ ਔਢਾਂ ਨੇ ਕਿਹਾ ਕਿ ਭਾਰਤੀ ਰਾਜਨੀਤੀ ਵਿੱਚ ਸਾਹਿਬ ਕਾਂਸ਼ੀਰਾਮ ਮਹੱਤਵਪੂਰਨ ਇਨਕਲਾਬੀ ਤੇ 20ਵੀਂ ਸਦੀ ਦੇ ਮਹਾਨ ਸਿਆਸਤਦਾਨ, ਸਮਾਜਿਕ ਲਹਿਰ ਤੇ ਮਿਸ਼ਨਰੀ ਲਹਿਰ ਦੇ ਪਹਿਰੇਦਾਰ ਸਨ। ਉਨ੍ਹਾਂ ਸਮਾਜਿਕ ਚੇਤਨਾ ਜਗਾਉਣ ਦਾ ਕੰਮ ਵੀ ਕੀਤਾ। ਬਸਪਾ ਦੇ ਸਾਬਕਾ ਸੂਬਾ ਸਕੱਤਰ ਰੋਹਿਤ ਗਜ਼ਵਾਨ ਨੇ ਕਿਹਾ ਕਿ ਚੌਕ ਦੇ ਨਾਮਕਰਨ ਸਬੰਧੀ ਲਹਿਰ ਦੇ ਮੁੱਖ ਬੱਸ ਸਟੈਂਡ ਕੋਲ ਇੱਕ ਸਾਈਨ ਬੋਰਡ ਲਾਇਆ ਗਿਆ ਸੀ, ਜਿਸ ਨੂੰ ਨਗਰ ਕੌਂਸਲ ਨੇ ਉਖਾੜ ਦਿੱਤਾ ਹੈ। ਇਸ ਨਾਲ ਸਾਹਿਬ ਕਾਂਸ਼ੀ ਰਾਮ ਦੇ ਉਨ੍ਹਾਂ ਦੇ ਸਮਰਥਕਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ। ਇਨ੍ਹਾਂ ਸਾਰੇ ਆਗੂਆਂ ਨੇ ਨਗਰ ਕੌਂਸਲ ਵੱਲੋਂ ਕੀਤੀ ਕਾਰਵਾਈ ਸਾਰੇ ਲੋਕ ਕੇ ਸਖ਼ਤ ਰੋਸ ਜ਼ਾਹਰ ਕੀਤਾ। ਇਸ ਮੌਕੇ ਮਨੀਰਾਮ ਬਹਿਲਣ, ਰਾਮਧਨ ਚੇਟਾਲਾ, ਵਿਨੋਦ ਰੰਧਾਵਾ, ਅਮਿਤ ਕੁਮਾਰ ਮੌਰੀਆ, ਗੋਪੀਰਾਮ ਖਰੀਆ, ਚੰਨਣਰਾਮ ਨੇ ਕਿਹਾ ਕਿ ਉਹ ਸਾਰੇ ਸ਼੍ਰੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਦੇ ਪੱਕੇ ਸਮਰਥਕ ਹਨ ਤੇ ਉਹ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹਨ ਕਿ ਜੇਕਰ ਪੁੱਟੇ ਗਏ ਬੋਰਡ ਨੂੰ ਦੁਬਾਰਾ ਨਾ ਲਾਇਆ ਗਿਆ ਤਾਂ ਉਹ ਆਉਣ ਵਾਲੀ 15 ਮਈ ਨੂੰ ਸਮੂਹ ਸਮਾਜ ਦੇ ਲੋਕਾਂ ਵੱਲੋਂ ਵੱਡਾ ਅੰਦੋਲਨ ਕਰਨਗੇ।

## 12 ਮਾਰੂ ਬਿਮਾਰੀਆਂ ਤੋਂ ਬਚਾਅ ਲਈ ਮੁਫਤ ਟੀਕਾਕਰਨ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਵੱਲੋਂ ਡਾ. ਰੰਜੂ ਸਿੰਗਲਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿਚ ਟੀਕਾਕਰਨ ਪ੍ਰੋਗਰਾਮ ਅਧੀਨ ਜ਼ਿਲ੍ਹੇ ਵਿਚ ਹਰ ਬੁੱਧਵਾਰ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ। ਇਸ ਸੰਬੰਧ ਵਿਚ ਅੱਜ ਡਾ. ਬੰਦਨਾ ਬਾਂਸਲ ਡਿਪਟੀ ਮੈਡੀਕਲ ਕਮਿਸ਼ਨਰ ਕਮ ਜ਼ਿਲ੍ਹਾ ਟੀਕਾਕਰਨ ਅਫਸਰ ਵੱਲੋਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿਚ ਲਗਾਏ ਜਾ ਰਹੇ ਟੀਕਾਕਰਨ ਕੈਂਪਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾ ਕਿਹਾ ਕਿ ਸਿਹਤ ਵਿਭਾਗ ਵੱਲੋਂ ਬੱਚਿਆਂ ਦੀ ਮੌਤ ਦਰ ਨੂੰ ਘਟਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਵਿਚ ਮਾਂ ਦੀ ਗਰਭ ਦੌਰਾਨ ਦੇਖਭਾਲ ਦੇ ਨਾਲ ਨਾਲ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫਤ ਜਣੇਪੇ ਕੀਤੇ ਜਾ ਰਹੇ ਹਨ ਅਤੇ ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਜਨਮ ਤੋਂ ਹੀ ਮੁਫਤ ਟੀਕਾਕਰਨ ਸ਼ੁਰੂ ਕੀਤਾ ਜਾਂਦਾ ਹੈ ਅਤੇ ਹਰ ਬੁੱਧਵਾਰ ਸਾਰੇ ਜ਼ਿਲ੍ਹੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਵਿਸ਼ੇਸ਼ ਟੀਕਾਕਰਨ ਕੈਂਪ ਲਗਾ ਕੇ ਬੱਚਿਆਂ ਦਾ ਟੀਕਰਕਨ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਿਹਤ ਵਿਭਾਗ ਵੱਲੋਂ 12 ਮਾਰੂ ਬੀਮਾਰੀਆਂ ਦਾ ਮੁਫਤ ਟੀਕਾਕਰਨ ਕੀਤਾ ਜਾ ਰਿਹਾ ਹੈ ਜੋ ਕਿ ਵਧੀਆ ਕੁਆਲਟੀ ਦੀ ਵੈਕਸੀਨ ਨਾਲ ਕੀਤਾ ਜਾਂਦਾ ਹੈ ਅਤੇ ਵੈਕਸੀਨ ਦਾ ਰੱਖ ਰਖਾਵ ਦੀ ਆਨਲਾਈਨ ਨਿਗਰਾਨੀ ਕੀਤੀ ਜਾਂਦੀ ਹੈ ਤਾਂ ਜੋ ਵੈਕਸੀਨ ਦੀ ਗੁਣਵਤਾ ਬਰਕਰਾਰ ਰੱਖੀ ਜਾ ਸਕੇ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦਾ ਜਾਂ ਆਪਣੇ ਨੇੜੇ ਦੇ ਘਰਾਂ ਦੇ ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਵਾਉਣ ਲਈ ਸਿਹਤ ਵਿਭਾਗ ਨੂੰ ਸਹਿਯੋਗ ਦੇਣ। ਕਿਸੇ ਵੀ ਬਿਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ ਸਮਾਜ ਦੇ ਸਾਰੇ ਬੱਚਿਆਂ ਦਾ ਮੁਕੰਮਲ ਟੀਕਾਕਰਨ ਜ਼ਰੂਰੀ ਹੈ। ਇਸ ਸਮੇਂ ਉਨ੍ਹਾ ਸ਼ਹਿਰ ਸ੍ਰੀ ਮੁਕਤਸਰ ਸਾਹਿਬ, ਪਿੰਡ ਅਟਾਰੀ, ਫੱਤਣਵਾਲਾ, ਵਧਾਈ, ਬਲਮਗੜ੍ਹ ਆਦਿ ਪਿੰਡਾਂ ਵਿਚ ਲਗਾਏ ਜਾ ਰਹੇ ਟੀਕਾਕਰਨ ਕੈਂਪਾਂ ਦਾ ਜਾਇਜ਼ਾ ਲਿਆ ਅਤੇ ਸਟਾਫ ਨੂੰ ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਨ ਲਈ ਕਿਹਾ।

## ਚੋਰੀ ਦੇ ਮੋਟਰਸਾਈਕਲਾਂ ਸਮੇਤ ਤਿੰਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਦਰ ਪੁਲਿਸ ਨੇ ਪੰਜ ਚੋਰੀ ਦੇ ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਮਲੋਟ ਤੋਂ ਵਿਰਕ ਖੇੜਾ ਨੂੰ ਜਾ ਰਹੇ ਸੀ ਤਾਂ ਪੁਲਿਸ ਪਾਰਟੀ ਪਿੰਡ ਮਲੋਟ ਸੀ ਤਾਂ ਪੁਲਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਕਿ ਮਲੋਟ-ਮੁਕਤਸਰ ਰੋਡ 'ਤੇ ਰੋਹਿਤ ਕੁਮਾਰ, ਸ਼ੰਟੀ ਸਿੰਘ ਤੇ ਨਿਰਮਲ ਸਿੰਘ ਵਾਸੀ ਬਾਬਾ ਦੀਪ ਸਿੰਘ ਨਗਰ ਮਲੋਟ ਚੋਰੀ ਦੇ ਮੋਟਰਸਾਈਕਲ ਲੈ ਕੇ ਆ ਰਹੇ ਹਨ, ਜੋ ਮੋਟਰਸਾਈਕਲ ਚੋਰੀ ਕਰਨ ਦੇ ਆਦੀ ਹਨ ਅਤੇ ਇਨ੍ਹਾਂ ਕੋਲੋਂ ਹੋਰ ਵੀ ਚੋਰੀ ਦੇ ਮੋਟਰਸਾਈਕਲ ਬਰਾਮਦ ਹੋ ਸਕਦੇ ਹਨ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਮਲੋਟ-ਮੁਕਤਸਰ ਰੋਡ 'ਤੇ ਨਾਕਬੰਦੀ ਕਰਕੇ ਉਕਤ ਵਿਅਕਤੀਆਂ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਪੁਲਸ ਨੇ ਉਕਤ ਵਿਅਕਤੀਆਂ 'ਤੇ ਮੁਕੱਦਮਾ ਨੰ.35 ਧਾਰਾ 379 ਆਈ.ਪੀ.ਸੀ ਵਾਧਾ ਜੁਰਮ 411, 473 ਆਈ.ਪੀ.ਸੀ. ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡੀ ਏ ਵੀ ਦੀ ਵਿਦਿਆਰਥਣ ਨੇ ਜਿੱਤਿਆ ਅੰਤਰਰਾਸ਼ਟਰੀ ਪੁਰਸਕਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨੋਸ਼ੀਨ ਪੁੱਤਰੀ ਸੁਭਾਸ਼ ਕੁਮਾਰ ਤੇ ਮਾਤਾ ਮੀਨਾਕਸ਼ੀ ਰਾਣੀ ਘੱਗਾ ਨੇ ਆਨਲਾਇਨ ਕੈਲੀਗ੍ਰਾਫ਼ੀ ਪ੍ਰਤੀਯੋਗਤਾ ਵਿੱਚ ਜ਼ੂਮ ਮੀਟਿੰਗ ਰਾਹੀਂ 28 ਮਈ ਨੂੰ ਭਾਗ ਲਿਆ। ਇਹ ਪ੍ਰਤੀਯੋਗਤਾ 'ਕਲਾਕਾਰ ਫਾਉਂਡੇਸ਼ਨ' ਐਨ ਸੀ ਟੀ ਦਿੱਲੀ ਸਰਕਾਰ ਵੱਲੋਂ ਆਯੋਜਤ ਕੀਤੀ ਗਈ। ਇਸ ਪ੍ਰਤੀਯੋਗਤਾ ਦਾ ਵਿਸ਼ਾ 'ਕੈਲੀਗ੍ਰਾਫ਼ੀ ਫੁੱਲਾਂ ਨਾਲ' ਸੀ। ਨੋਸ਼ੀਨ ਨੇ ਦੁਬਈ ਆਰਟ ਪ੍ਰਦਰਸ਼ਨੀ (ਵਰਲਡ ਆਰਟ ਦੁਬਈ) ਲਈ 9-12 ਮਾਰਚ ਵਿੱਚ ਭਾਗ ਲਿਆ। ਇਸ ਪ੍ਰਤੀਯੋਗਤਾ ਵਿੱਚ ਉਸ ਨੂੰ ਐਪਰੀਸੇਸ਼ਨ ਐਵਾਰਡ ਵੀ ਮਿਲਿਆ। ਇਸ ਦਾ ਨਾਂਅ ਵਰਲਡ ਆਰਟ ਦੁਬਈ ਕੈਟਾਲਾਗ ਵਿੱਚ ਵੀ ਦਰਜ ਕੀਤਾ ਗਿਆ। ਇਸ ਪ੍ਰਤੀਯੋਗਤਾ ਵਿੱਚ ਨੋਸੀਨ ਨੂੰ ਕੈਟਾਲਾਗ, ਟਰਾਫ਼ੀ, ਸਰਟੀਫਿਕੇਟ ਤੇ 11000 ਰੁਪਏ ਨਕਦ ਰਾਸ਼ੀ ਦਿੱਤੀ ਗਈ। ਇਸ ਤੋਂ ਇਲਾਵਾ ਨੋਸੀਨ ਨੇ 'ਇੰਡੀਅਨ ਆਰਟ ਕੰਟੈਸਟ' ਵਿੱਚ ਭਾਗ ਲਿਆ, ਜੋ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਪੱਧਰ 'ਤੇ ਆਯੋਜਤ ਕੀਤਾ ਗਿਆ। ਸੀਜ਼ਨ-11 ਫਰਵਰੀ 2023 ਵਿੱਚ ਭਾਗ ਲਿਆ। ਇਸ ਪ੍ਰਤੀਯੋਗਤਾ ਵਿੱਚ ਉਸ ਨੂੰ ਪ੍ਰਸੰਸਾ ਪੱਤਰ, ਮੈਡਲ ਅਤੇ 2100 ਰੁਪਏ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਨੇ ਬੱਚੇ ਦੀ ਅੰਤਰਰਾਸ਼ਟਰੀ ਪ੍ਰਾਪਤੀ ਲਈ ਸ਼ਲਾਘਾ ਕੀਤੀ ਤੇ ਵਿਦਿਆਰਥੀ ਨੂੰ ਸਫ਼ਲਤਾ ਲਈ ਸਖਤ ਮਿਹਨਤ ਦੇ ਮਾਰਗ 'ਤੇ ਚੱਲਣ ਲਈ ਸੇਧ ਦਿੱਤੀ।

## ਬੱਕਰੀਆਂ ਦੇ ਯੂਨਿਟ 'ਤੇ ਜਨਰਲ ਸ਼੍ਰੇਣੀ ਲਈ 25 ਤੇ ਅਨੁਸੂਚਿਤ ਜਾਤੀਆਂ ਲਈ 33 ਫ਼ੀਸਦੀ ਸਬਸਿਡੀ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ ਖੇਤੀ ਵਿਭਿੰਨਤਾ ਦੇ ਨਾਲ-ਨਾਲ ਸਹਾਇਕ ਧੰਦਿਆਂ ਨੂੰ ਪ੍ਰਫੁੱਲਿਤ ਕਰਨ ਲਈ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਕਿਸਾਨ ਅਤੇ ਬੇਰੁਜ਼ਗਾਰ ਨੌਜਵਾਨ ਆਪਣੀ ਆਰਥਕ ਸਥਿਤੀ ਵਿਚ ਹੋਰ ਸੁਧਾਰ ਕਰ ਸਕਦੇ ਹਨ। ਅਜੋਕੇ ਸਮੇਂ 'ਚ ਬੱਕਰੀਆਂ ਪਾਲਣਾ ਇੱਕ ਲਾਭਕਾਰੀ ਕਿੱਤਾ ਹੈ ਅਤੇ ਕਿਸਾਨਾਂ ਦਾ ਰੁਝਾਨ ਡੇਅਰੀ ਫਾਰਮਿੰਗ ਦੇ ਨਾਲ-ਨਾਲ ਇਸ ਕਿੱਤੇ ਵੱਲ ਵੀ ਹੋ ਰਿਹਾ ਹੈ। ਇਸ ਤੋਂ ਇਲਾਵਾ ਡੇਂਗੂ, ਪੀਲੀਆ ਆਦਿ ਦੇ ਮਰੀਜ਼ਾਂ ਲਈ ਵੀ ਬੱਕਰੀ ਦਾ ਦੁੱਧ ਲਾਹੇਵੰਦ ਹੁੰਦਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਹਰਜਿੰਦਰ ਪਾਲ ਗੋਜਰਾ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਬੱਕਰੀਆਂ ਦੇ ਯੂਨਿਟ ਖੁਲ੍ਹਵਾਏ ਜਾ ਰਹੇ ਹਨ, ਜਿਸ ਤਹਿਤ ਜਨਰਲ ਸ਼੍ਰੇਣੀ ਵਾਲਿਆਂ ਨੂੰ 40 ਬੱਕਰੀਆਂ ਅਤੇ 2 ਬੱਕਰਿਆਂ ਦੇ ਯੂਨਿਟ ਲਈ 1 ਲੱਖ ਰੁਪਏ 'ਤੇ 25000 ਰੁਪਏ ਸਬਸਿਡੀ ਦਿੱਤੀ ਜਾਂਦੀ ਹੈ ਜਦਕਿ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ 33000 ਰੁਪਏ ਸਬਸਿਡੀ ਵਜੋਂ ਦਿੱਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਲਾਭਪਾਤਰੀ ਨੂੰ 25 ਹਜ਼ਾਰ ਰੁਪਏ ਆਪਣੇ ਕੋਲੋਂ ਮਾਰਜਨ ਮਨੀ ਵਜੋਂ ਪਾਉਣੇ ਹੁੰਦੇ ਹਨ ਅਤੇ 50,000 ਰੁਪਏ ਦਾ ਕਰਜ਼ਾ ਬੈਂਕ ਤੋਂ ਦਿਵਾਇਆ ਜਾਂਦਾ ਹੈ। ਉਨ੍ਹਾ ਕਿਸਾਨਾਂ ਅਤੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਸਹਾਇਕ ਧੰਦਿਆਂ ਨੂੰ ਅਪਣਾ ਕੇ ਵੱਧ ਮੁਨਾਫਾ ਕਮਾਉਣ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਬੱਕਰੀ ਪਾਲਣ ਦੀ ਬਕਾਇਦਾ ਸਿਖਲਾਈ ਪਸ਼ੂ ਪਾਲਣ ਵਿਭਾਗ ਤੋਂ ਲਈ ਜਾ ਸਕਦੀ ਹੈ। ਉਨ੍ਹਾ ਦੱਸਿਆ ਕਿ ਸਿਖਲਾਈ ਦੌਰਾਨ ਹੀ ਬੱਕਰੀਆਂ ਦੇ ਸ਼ੈਡ ਦੀ ਸਹੀ ਬਣਤਰ, ਬੱਕਰੀਆਂ ਦੀਆਂ ਨਸਲਾਂ, ਬੱਕਰੀਆਂ ਲਈ ਚੰਗੇਰੀ ਫੀਡ ਅਤੇ ਖੁਰਾਕ, ਵਧੀਆ ਰਹਿਣ-ਸਹਿਣ ਦੇ ਪ੍ਰਬੰਧ ਦੀ ਮਹੱਤਤਾ ਬਾਰੇ ਜਾਣਿਆ ਜਾ ਸਕਦਾ ਹੈ, ਤਾਂ ਜੋ ਮੀਟ ਅਤੇ ਦੁੱਧ ਦੀ ਵਧੀਆ ਪੈਦਾਵਾਰ ਪ੍ਰਾਪਤ ਕੀਤੀ ਜਾ ਸਕੇ। ਇਸ ਮੌਕੇ ਪਿੰਡ ਮਾਖੇਵਾਲਾ ਦੇ ਅਗਾਂਹਵਧੂ ਕਿਸਾਨ ਅਮਰੀਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪਸ਼ੂ ਪਾਲਣ ਵਿਭਾਗ ਤੋਂ ਸਿਖਲਾਈ ਪ੍ਰਾਪਤ ਕਰਕੇ ਸਾਲ 2016 ਵਿਚ 1 ਬੱਕਰੀ ਦੇ ਫਾਰਮ ਤੋਂ ਕੰਮ ਸ਼ੁਰੂ ਕੀਤਾ ਸੀ। ਹੁਣ ਉਨ੍ਹਾਂ ਕੋਲ 20 ਦੇ ਕਰੀਬ ਨਗ ਹਨ ਅਤੇ ਇਸ ਦੌਰਾਨ ਉਹ 65 ਤੋਂ ਵੱਧ ਬੱਕਰੀਆਂ ਵੇਚ ਵੀ ਚੁੱਕੇ ਹਨ। ਉਨ੍ਹਾ ਦੱਸਿਆ ਕਿ ਉਨ੍ਹਾ ਦੀਆਂ ਬੱਕਰੀਆਂ 1.5 ਤੋਂ 2 ਲੀਟਰ ਪ੍ਰਤੀ ਬੱਕਰੀ ਰੋਜ਼ਾਨਾ ਦੁੱਧ ਦੇ ਰਹੀਆਂ ਹਨ। ਬੱਕਰੀ ਦੋ ਸਾਲ ਵਿਚ ਔਸਤਨ 4 ਤੋਂ 5 ਬੱਚੇ ਪੈਦਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਤਿੰਨ ਕੁ ਮਹੀਨਿਆਂ ਦਾ ਬੱਚਾ 15000 ਰੁਪਏ ਵਿਚ ਵਿਕ ਜਾਂਦਾ ਹੈ।

## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸੰਘਰਸ਼ ਦਾ ਐਲਾਨ ਭਲਕੇ



ਜਾਣਕਾਰੀ ਦਿੰਦੇ ਤਰਸੇਮ ਪੀਟਰ ਤੇ ਹੋਰ ਆਗੂ।

**ਜਲੰਧਰ** : ਅਕਾਲੀ ਆਗੂ ਤੇ ਸਾਬਕਾ ਵਜ਼ੀਰ ਬਿਕਰਮ ਸਿੰਘ ਮਜੀਠੀਆ ਦੇ ਇਸ਼ਾਰੇ ਨਾਲ ਦਲਿਤ ਔਰਤਾਂ ਤੇ ਨੌਜਵਾਨ ਲੜਕੀ ਨਾਲ ਉਸ ਦੇ ਠੱਠਮਾਰਾਂ ਵੱਲੋਂ ਕੀਤੀ ਧੱਕੇਸ਼ਾਹੀ ਦਾ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਨੇ ਗੰਭੀਰ ਨੋਟਿਸ ਲੈਂਦਿਆਂ ਇਸ ਖਿਲਾਫ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ। ਇਸ ਸੰਬੰਧੀ 12 ਮਈ ਨੂੰ ਜਲੰਧਰ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ ਹਰ ਪਾਰਟੀ ਨੂੰ ਸਵਾਲ ਕਰਨ ਦਾ ਫੈਸਲਾ ਕੀਤਾ ਗਿਆ ਸੀ, ਕਿਉਂਕਿ ਸਵਾਲ ਪੁੱਛਣਾ ਹਰ ਵੋਟਰ ਦਾ ਜਮਹੂਰੀ ਹੱਕ ਹੈ। ਪੇਂਡੂ ਦਲਿਤ ਮਜ਼ਦੂਰਾਂ ਦੁਆਰਾ ਕਰਤਾਰਪੁਰ ਨੇੜਲੇ ਪਿੰਡ ਦਿਆਲਪੁਰ ਵਿਖੇ ਵੋਟਾਂ ਮੰਗਣ ਲਈ ਗਏ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਸਵਾਲ ਕੀਤੇ ਗਏ। ਉਨ੍ਹਾ ਨੂੰ ਜ਼ਮੀਨ ਹੱਦਬੰਦੀ ਕਾਨੂੰਨ ਤਹਿਤ ਸਾਢੇ ਸਤਾਰਾਂ ਏਕੜ ਤੋਂ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਨੂੰ ਵੰਡਣ, ਪੰਚਾਇਤੀ ਜ਼ਮੀਨਾਂ ਦਾ ਤੀਸਰਾ ਹਿੱਸਾ ਘੱਟ ਰੇਟ 'ਤੇ ਦਲਿਤਾਂ ਨੂੰ ਪੱਕੇ ਤੌਰ ਉੱਤੇ ਦੇਣ ਤੇ ਬਾਕੀ ਪੰਚਾਇਤੀ ਜਮੀਨ ਦਾ 2/3 ਹਿੱਸਾ ਛੋਟੇ ਕਿਸਾਨਾਂ ਲਈ ਰਿਜ਼ਰਵ ਕਰਨ, ਲੋੜਵੰਦ ਲੋਕਾਂ ਨੂੰ ਪਲਾਟ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ, ਮਹਿੰਗਾਈ ਅਨੁਸਾਰ ਹਰ ਖੇਤਰ ਵਿੱਚ ਦਿਹਾੜੀ 1000 ਰੁਪਏ ਕਰਨ, ਕਰਜ਼ਾ ਮੁਆਫੀ, ਸਮਾਜਕ ਜਬਰ ਦਾ ਖਾਤਮਾ ਕਰਨ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀ ਨੂੰ ਫੜਨ ਆਦਿ ਸਵਾਲ ਕੀਤੇ ਗਏ, ਪਰ ਉਹਨਾ ਸਵਾਲਾਂ ਦੇ ਜਵਾਬ ਨਹੀਂ ਦਿੱਤੇ, ਸਗੋਂ ਉਹਨਾ ਵੱਲੋਂ ਇਸ਼ਾਰਾ ਕਰਕੇ ਸਵਾਲ ਪੁੱਛਣ ਵਾਲੀਆਂ ਦਲਿਤ ਮਜ਼ਦੂਰ ਔਰਤਾਂ ਤੇ ਕਾਨੂੰਨ ਦੀ ਪੜਾਈ ਕਰ ਰਹੀ ਲੜਕੀ ਨੂੰ ਜਨਤਕ ਤੌਰ ਉੱਤੇ ਜ਼ਲੀਲ ਕਰਨ ਖਾਤਰ ਉਹਨਾਂ ਨਾਲ ਹੱਥੋਪਾਈ ਕਰਵਾਈ ਗਈ ਅਤੇ ਉਹਨਾਂ ਪ੍ਰਤੀ ਮਜੀਠੀਆ ਵੱਲੋਂ ਅਪਸ਼ਬਦ ਬੋਲੇ ਗਏ। ਉਨ੍ਹਾਂ ਕਿਹਾ ਕਿ ਦਿਆਲਪੁਰ ਵਿਖੇ ਮਜੀਠੀਆ ਅਤੇ ਬਸਪਾ ਆਗੂਆਂ ਦੀ ਹਾਜ਼ਰੀ ਵਿੱਚ ਦਲਿਤ ਮਜ਼ਦੂਰਾਂ ਨਾਲ ਕੀਤੀ ਗਈ ਵਧੀਕੀ ਉਪਰੰਤ ਮਸਲੇ ਨੂੰ ਹੋਰ ਰੰਗਤ ਦੇਣ ਦਾ ਝੂਠ ਦਾ ਸਹਾਰਾ ਲੈ ਕੇ ਅਕਾਲੀ, ਬਸਪਾ ਆਗੂਆਂ ਵੱਲੋਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰੈੱਸ ਕਾਨਫਰੰਸ ਦੌਰਾਨ ਸਹੀ ਤੱਥਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਰੱਖਾਂਗੇ ਅਤੇ ਅਕਾਲੀ ਆਗੂ ਵੱਲੋਂ ਕੀਤੀ ਗਈ ਗੁੰਡਾਗਰਦੀ ਖਿਲਾਫ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

## ...ਸ.ਫਾ 1 ਦੇ ਬਾਕੀ

### ਜਲੰਧਰ 'ਚ 54.05...

ਪੁਲਸ ਵੱਲੋਂ ਥਾਣੇ 'ਚ ਕੁਝ ਸਮਾਂ ਰੱਖਣ ਤੋਂ ਬਾਅਦ ਵਿਧਾਇਕ ਟੌਂਗ ਨੂੰ ਛੱਡ ਦਿੱਤਾ ਗਿਆ। ਚੋਣ ਕਮਿਸਨ ਦੀਆਂ ਹਦਾਇਤਾਂ 'ਤੇ ਸ਼ਾਮ ਸਮੇਂ ਪੁਲਸ ਵਲੋਂ ਸ਼ਾਹਕੋਟ ਥਾਣੇ 'ਚ ਵਿਧਾਇਕ ਟੌਂਗ ਖਿਲਾਫ ਮਾਮਲਾ ਦਰਜ ਕਰ ਦਿੱਤਾ ਗਆ। ਜਾਣਕਾਰੀ ਅਨੁਸਾਰ ਵੋਟਿੰਗ ਦੇ ਸ਼ੁਰੂਆਤੀ ਸਮੇਂ 'ਚ ਹੀ ਪਿੰਡ ਰੂਪੇਵਾਲ ਦੇ ਕਾਂਗਰਸੀ ਆਗੂਆਂ ਨੇ ਪਿੰਡ 'ਚ ਹਲਕਾ ਬਾਬਾ ਬਕਾਲਾ ਦੇ 'ਆਪ' ਵਿਧਾਇਕ ਦਲਬੀਰ ਸਿੰਘ ਟੌਂਗ ਦੇ ਘੁੰਮਣ ਸੰਬੰਧੀ ਜਾਣਕਾਰੀ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਦਿੱਤੀ। ਜਾਣਕਾਰੀ ਮਿਲਣ 'ਤੇ ਵਿਧਾਇਕ ਸ਼ੇਰੋਵਾਲੀਆ ਮੌਕੇ 'ਤੇ ਪੁੱਜੇ ਤੇ ਉਨ੍ਹਾ 'ਆਪ' ਟੌਂਗ ਦੀ ਗੱਡੀ ਨੂੰ ਘੇਰ ਲਿਆ। ਇਸ ਦੌਰਾਨ ਜਦ 'ਆਪ' ਵਿਧਾਇਕ ਟੌਂਗ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾ ਦੀ ਫਾਰਚੂਨਰ ਦੀ ਸ਼ੇਰੋਵਾਲੀਆ ਦੀ ਪਾਇਲਟ ਗੱਡੀ ਨਾਲ ਮਾਮੂਲੀ ਟੱਕਰ ਵੀ ਹੋਈ। ਮੌਕੇ 'ਤੇ ਐੱਸ ਪੀ ਗੁਰਪ੍ਰੀਤ ਸਿੰਘ ਗਿੱਲ ਤੇ ਐੱਸ ਐੱਚ ਓ ਸ਼ਾਹਕੋਟ ਇੰਸ: ਬਲਜੀਤ ਸਿੰਘ ਹੁੰਦਲ ਵੀ ਪੁੱਜੇ ਗਏ, ਜਿਨ੍ਹਾਂ ਵੱਲੋਂ 'ਆਪ' ਵਿਧਾਇਕ ਨੂੰ ਥਾਣੇ ਲਿਜਾ ਕੇ ਕਾਰਵਾਈ ਕਰਨ ਦਾ ਸ਼ੇਰੋਵਾਲੀਆ ਨੂੰ ਭਰੋਸਾ ਦਿੱਤਾ ਗਿਆ, ਪਰ ਉਹ ਮੌਕੇ 'ਤੇ ਹੀ ਕਾਰਵਾਈ ਦੀ ਮੰਗ ਨੂੰ ਲੈ ਕੇ ਅੜੇ ਰਹੇ। ਮਾਮਲਾ ਥੋੜ੍ਹਾ ਠੰਡਾ ਹੋਣ 'ਤੇ ਸ਼ੇਰੋਵਾਲੀਆ ਵੱਲੋਂ ਪੁਲਸ ਨੂੰ 'ਆਪ' ਵਿਧਾਇਕ ਨੂੰ ਥਾਣੇ ਲਿਜਾਣ ਦਿੱਤਾ ਗਿਆ। ਐੱਸ ਐੱਚ ਓ ਇੰਸ: ਬਲਜੀਤ ਸਿੰਘ ਦੀ ਅਗਵਾਈ 'ਚ ਪੁਲਸ ਪਾਰਟੀ 'ਆਪ' ਵਿਧਾਇਕ ਟੌਂਗ ਤੇ ਉਸ ਦੇ ਸਾਥੀਆਂ ਨੂੰ ਪਿੰਡ ਰੂਪੇਵਾਲ ਤੋਂ ਸ਼ਾਹਕੋਟ ਥਾਣੇ ਲੈ ਆਈ। ਸ਼ੇਰੋਵਾਲੀਆ ਵੱਲੋਂ ਇਸ ਮਾਮਲੇ ਸੰਬੰਧੀ ਚੋਣ ਕਮਿਸ਼ਨ ਨੂੰ ਵੀ ਸ਼ਿਕਾਇਤ ਕੀਤੀ ਗਈ। ਸੂਤਰਾਂ ਮੁਤਾਬਕ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ 'ਤੇ ਪੁਲਸ ਵਲੋਂ ਟੌਂਗ ਖਿਲਾਫ ਸ਼ਾਹਕੋਟ ਥਾਣੇ 'ਚ ਮਾਮਲਾ ਦਰਜ ਕਰ ਦਿੱਤਾ ਗਿਆ ਹੈ।

### ਅੰਮ੍ਰਿਤਸਰ ਨੂੰ ਸੋਲਰ ਸਿਟੀ...

ਵਿੱਚ ਮਦਦ ਕਰੇਗਾ। ਪੇਡਾ ਵੱਲੋਂ 20 ਤੋਂ ਵੱਧ ਵਿਭਾਗਾਂ/ ਸੰਸਥਾਵਾਂ ਦੇ ਸਲਾਹਕਾਰਾਂ ਦੀ ਤਜਰਬੇਕਾਰ ਟੀਮ ਅਤੇ ਨੁਮਾਇੰਦਿਆਂ ਦੀ ਮਦਦ ਨਾਲ ਤਕਨੀਕੀ ਸਹਾਇਤਾ ਲੈਣ ਵਾਸਤੇ ਜਰਮਨ ਦੇ ਇਕਨਾਮਿਕ ਕੋਆਪਰੇਸ਼ਨ ਅਤੇ ਡਿਵੈੱਲਪਮੈਂਟ ਮੰਤਰਾਲੇ ਤੋਂ ਫੰਡ ਪ੍ਰਾਪਤ ਜੀ ਆਈ ਜ਼ੈੱਡ ਦੇ ਆਈ ਜੀ ਈ ਐੱਨ ਐਕਸੈੱਸ ਟੂ ਐਨਰਜੀ ਪ੍ਰੋਗਰਾਮ ਨਾਲ ਸਮਝੌਤਾ ਸਹੀਬੱਧ ਕੀਤਾ ਹੈ।

ਇਸ ਐਕਸ਼ਨ ਪਲਾਨ ਨੂੰ ਤੇਜੀ ਨਾਲ ਲਾਗੂ ਕਰਨ ਅਤੇ ਇਸ ਦੀ ਪ੍ਰਗਤੀ ਦੀ ਤਿਮਾਹੀ ਆਧਾਰ 'ਤੇ ਸਮੀਖਿਆ ਕਰਨ ਦੀ ਲੋੜ 'ਤੇ ਜੋਰ ਦਿੰਦਿਆਂ ਉਨ੍ਹਾ ਬਿਜਲੀ ਖੇਤਰ ਨੂੰ ਡੀਕਾਰਬੋਨਾਈਜ (ਕਾਰਬਨ ਮੁਕਤ) ਕਰਨ ਲਈ ਸਾਰੇ ਵਿਭਾਗਾਂ ਨੂੰ ਆਪਣੇ ਦਫਤਰਾਂ ਦੀਆਂ ਇਮਾਰਤਾਂ ਨੂੰ ਸੋਲਰ ਪੈਨਲਾਂ ਨਾਲ ਲੈਸ ਕਰਨ ਸੰਬੰਧੀ ਕਦਮ ਚੁੱਕਣ ਲਈ ਕਿਹਾ, ਜਿਸ ਨਾਲ ਉਨ੍ਹਾਂ ਦੇ ਬਿਜਲੀ ਦੀ ਖਪਤ ਸਬੰਧੀ ਖਰਚਿਆਂ ਨੂੰ 25 ਫੀਸਦ ਤੋਂ 30 ਫੀਸਦ ਤੱਕ ਘਟਾਉਣ ਵਿੱਚ ਮਦਦ ਮਿਲੇਗੀ। ਪੇਡਾ ਦੇ ਚੇਅਰਮੈਨ ਐੱਚ ਐੱਸ ਹੰਸਪਾਲ ਨੇ ਕਿਹਾ ਕਿ ਪੇਡਾ ਊਰਜਾ ਸੰਭਾਲ ਐਕਟ, 2001 ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਦੀ ਡੈਜ਼ੀਗਨੇਟਿਡ ਏਜੰਸੀ ਹੈ ਅਤੇ ਪੇਡਾ ਦਾ ਉਦੇਸ਼ 2070 ਤੱਕ ਨੈੱਟ ਜ਼ੀਰੋ ਟੀਚਿਆਂ ਨੂੰ ਪ੍ਰਾਪਤ ਕਰਨਾ ਹੈ। ਉਨ੍ਹਾ ਬੀ ਈ ਈ ਵੱਲੋਂ ਸੂਬਾ ਪੱਧਰ 'ਤੇ ਸਟੇਟ ਐਨਰਜੀ ਐਫੀਸ਼ੈਂਸੀ ਪਲਾਨ (ਸੀ ਈ ਏ ਪੀ ) ਤਿਆਰ ਕੀਤੇ ਜਾਣ ਦਾ ਵੀ ਜਿਕਰ ਕੀਤਾ। ਪੰਜਾਬ ਨੇ ਸਟੇਟ ਐਨਰਜੀ ਵਿਜਨ 2047 ਵੀ ਤਿਆਰ ਕੀਤਾ ਹੈ।

ਇਸ ਵਿਲੱਖਣ ਪਲਾਨ ਨੂੰ ਤਿਆਰ ਕਰਨ ਲਈ ਪੇਡਾ ਦੇ ਯਤਨਾਂ ਦੀ ਸਲਾਘਾ ਕਰਦਿਆਂ ਇੰਡੋ-ਜਰਮਨ ਐਨਰਜੀ ਪ੍ਰੋਗਰਾਮ ਜੀ ਆਈ ਜ਼ੈੱਡ ਦੇ ਮੁਖੀ ਡਾ. ਵਿਨਫਰਾਈਡ ਡੈਮ ਨੇ ਨੈੱਟ ਜ਼ੀਰੋ ਟੀਚੇ ਦੀ ਪ੍ਰਾਪਤੀ ਲਈ ਭਾਰਤ ਦੇ ਉਦੇਸ਼ ਨੂੰ ਪੂਰਾ ਕਰਨ ਵਾਸਤੇ ਲੰਮੇ ਸਮੇਂ ਦੀ ਐਨਰਜੀ ਪਲਾਨਿੰਗ ਦੇ ਮਹੱਤਵ 'ਤੇ ਚਾਨਣਾ ਪਾਇਆ।

ਸਾਰੇ ਭਾਗੀਦਾਰਾਂ ਦਾ ਸੁਆਗਤ ਕਰਦਿਆਂ ਪੇਡਾ ਦੇ ਡਾਇਰੈਕਟਰ ਐੱਮ ਪੀ. ਸਿੰਘ ਨੇ ਸਟੇਟ ਐਨਰਜੀ ਐਕਸ਼ਨ ਪਲਾਨ ਅਤੇ ਆਨਲਾਈਨ ਡਿਸੀਜਨ ਸਪੋਰਟ ਟੂਲ ਬਾਰੇ ਜਾਣਕਾਰੀ ਦਿੱਤੀ, ਜਿਸ ਦੀ ਵਰਤੋਂ ਕਰਦਿਆਂ ਸਾਰੇ ਸਬੰਧਤ ਵਿਭਾਗ ਸੂਬੇ ਲਈ ਕੋਈ ਵੀ ਵੱਡੇ ਵਿਕਾਸ ਟੀਚੇ ਨਿਰਧਾਰਤ ਕਰਨ ਤੋਂ ਪਹਿਲਾਂ ਡਾਟਾ-ਆਧਾਰਤ ਵਿਕਾਸ ਯੋਜਨਾਵਾਂ ਤਿਆਰ ਕਰਦੇ ਹਨ।

ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਬਿਜਲੀ ਵਿਭਾਗ ਤੇਜਵੀਰ ਸਿੰਘ, ਪ੍ਰਮੁੱਖ ਸਕੱਤਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਅਜੋਏ ਕੁਮਾਰ ਸਿਨਹਾ, ਗਮਾਡਾ ਦੇ ਮੁੱਖ ਪ੍ਰਸ਼ਾਸਕ ਅਮਨਦੀਪ ਬਾਂਸਲ ਅਤੇ ਚੀਫ਼ ਟਾਊਨ ਪਲਾਨਰ ਪੰਜਾਬ ਪੰਕਜ ਬਾਵਾ, ਸੀਨੀਅਰ ਸਲਾਹਕਾਰ ਜੀ ਆਈ ਜ਼ੈੱਡ. ਇੰਡੀਆ ਨਿਧੀ ਸਰੀਨ, ਪੇਡਾ ਦੇ ਜਾਇੰਟ ਡਾਇਰੈਕਟਰ ਕੁਲਬੀਰ ਸਿੰਘ ਸੰਧੂ ਤੋਂ ਇਲਾਵਾ ਟਰਾਂਸਪੋਰਟ, ਲੋਕ ਨਿਰਮਾਣ, ਤਕਨੀਕੀ ਸਿੱਖਿਆ, ਨਿਵੇਸ਼ ਪ੍ਰੋਤਸਾਹਨ, ਹੁਨਰ ਵਿਕਾਸ, ਉਚੇਰੀ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

### ਕੌਮਾਂਤਰੀ ਭਲਵਾਨਾਂ ਦੇ...

ਇਸ ਮੌਕੇ ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ, ਡਾ. ਸੈਲੇਸ਼, ਭਗਵੰਤ ਰਸੂਲਪੁਰੀ, ਪਰਮਜੀਤ ਸਿੰਘ ਕਲਸੀ, ਪੁਸ਼ਕਰ ਰਾਜ, ਮੱਖਣ ਮਾਨ, ਨਸੀਬ ਚੰਦ ਬੱਬੀ, ਵਿਜੈ ਰਾਹੀ, ਕਿਰਨਦੀਪ ਕੌਰ, ਅਸ਼ੋਕ ਕਲਿਆਣ ਤੋਂ ਇਲਾਵਾ ਨੌਜਵਾਨਾਂ, ਵਿਦਿਆਰਥੀਆਂ ਨੇ ਰੋਸ ਵਿਖਾਵੇ ਵਿੱਚ ਭਾਗ ਲਿਆ। ਤਰਕਸ਼ੀਲ, ਜਮਹੂਰੀ, ਦੇਸ਼ ਭਗਤ, ਲੋਕ ਪੱਖੀ, ਸਾਹਿਤਕ, ਸੱਭਿਆਚਾਰਕ ਖੇਤਰਾਂ ਨਾਲ ਸੰਬੰਧਤ ਇਹਨਾਂ ਸ਼ਖਸੀਅਤਾਂ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜੁੜੇ ਲੋਕ ਜੇਕਰ ਪਹਿਲਵਾਨਾਂ ਦੀ ਆਬਰੂ ਨਾਲ ਖੇਡਣ ਵਾਲਿਆਂ ਖਿਲਾਫ ਵਿਸ਼ਾਲ ਜਨਤਕ ਆਵਾਜ ਬੁਲੰਦ ਨਹੀਂ ਕਰਦੇ ਤਾਂ ਭਵਿੱਖ ਵਿਚ ਇਸ ਦੀ ਭਾਰੀ ਕੀਮਤ ਤਾਰਨੀ ਪਵੇਗੀ।


**ਉੱਤਰ ਰੇਲਵੇ** — G20 — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|
| 251-ਬਿਜਲੀ-T-03-2023-24 | ਫਿਰੋਜਪੁਰ ਮੰਡਲ ਵਿਚ ਵਿਭਿੰਨ ਸਟੇਸ਼ਨ ਅਤੇ ਭਵਨ ਵਿਚ ਵਿੰਡੋ/ਸਪਿਲਟ ਏਸੀ ਅਤੇ ਵਾਟਰ ਕੂਲਰ ਦੇ ਲਈ ਬ੍ਰੇਕਡਾਊਨ ਰਖਰਖਾਅ ਦਾ ਕਾਂਟਰੈਕਟ ਦੇ ਸਬੰਧ ਵਿਚ ਬਿਜਲੀ ਕੰਮ ਲਈ। | 46,05,464.68 | 92,100.00 | 06 ਮਹੀਨੇ | 01.06.2023 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 03/ਬਿਜਲੀ-2023-24 ਮਿਤੀ:- 10.05.2023 — 1415/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**Midland microfin — beyond microfinance — MIDLAND MICROFIN LIMITED**

Registered Office:- The AXIS, Plot No.1, R.B. Badri Dass Colony, G.T Road, Jalandhar PB 144001 (INDIA)
(CIN: U65921PB1988PLC008430) Tel : +91-181-5076000, Fax No : +91- 181-2236070 Website : www.midlandmicrofin.com

**31 ਮਾਰਚ, 2023 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਲਈ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ** (ਰੁਪਏ ਮਿਲੀਅਨ 'ਚ ਜਦੋਂ ਤੱਕ ਕਿਸੇ ਹੋਰ ਤਰ੍ਹਾਂ ਨਾ ਦਰਸਾਏ ਗਏ ਹੋਣ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ 31-03-2023 ਪੜਤਾਲੇ | ਤਿਮਾਹੀ ਖਤਮ 31-03-2022 ਪੜਤਾਲੇ | ਸਾਲ ਖਤਮ 31-03-2023 ਪੜਤਾਲੇ | ਸਾਲ ਖਤਮ 31-03-2022 ਪੜਤਾਲੇ |
|---|---|---|---|---|---|
| 1 | ਕਾਰੋਬਾਰਾਂ ਤੋਂ ਕੁੱਲ ਆਮਦਨ | 1167.13 | 597.12 | 3944.05 | 2195.18 |
| 2 | ਅਰਸੇ ਲਈ ਸ਼ੁੱਧ ਲਾਭ/(ਹਾਨੀ) (ਟੈਕਸ, ਖਾਸ ਅਤੇ ਜਾਂ ਅਸਾਧਾਰਨ ਆਇਟਮਾਂ ਤੋਂ ਪਹਿਲਾਂ) | 231.38 | 151.18 | 615.09 | 293.19 |
| 3 | ਅਰਸੇ ਲਈ ਸ਼ੁੱਭ ਲਾਭ/(ਹਾਨੀ) ਟੈਕਸ ਤੋਂ ਪਹਿਲਾਂ (ਖਾਸ ਅਤੇ/ ਜਾਂ ਅਸਧਾਰਨ ਆਇਟਮਾਂ ਤੋਂ ਮਗਰੋਂ) | 231.38 | 151.18 | 615.09 | 293.19 |
| 4 | ਅਰਸੇ ਲਈ ਸ਼ੁੱਭ ਲਾਭ/(ਹਾਨੀ) ਟੈਕਸ ਤੋਂ ਮਗਰੋਂ (ਖਾਸ ਅਤੇ/ ਜਾਂ ਅਸਧਾਰਨ ਆਇਟਮਾਂ ਤੋਂ ਮਗਰੋਂ) | 182.95 | 121.10 | 468.33 | 222.80 |
| 5 | ਅਰਸੇ ਲਈ ਕੁੱਲ ਵਿਆਪਕ ਆਮਦਨ (ਅਰਸੇ ਲਈ ਲਾਭ/(ਹਾਨੀ) ਸ਼ਾਮਲ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਪਹਿਲਾਂ) | 195.52 | 128.21 | 467.28 | 227.66 |
| 6 | ਪੇਡ ਅੱਪ ਇਕੁਇਟੀ ਸ਼ੇਅਰ ਕੈਪੀਟਲ | 455.70 | 455.70 | 455.70 | 455.70 |
| 7 | ਇੰਸਟਰੂਮੈਂਟਸ ਪ੍ਰਕਿਰਤੀ 'ਚ ਪੂਰੀ ਤਰ੍ਹਾਂ ਇਕੁਇਟੀ | 335.16 | - | 335.16 | - |
| 8 | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) | 1057.78 | 622.40 | 1057.78 | 622.40 |
| 9 | ਸਕਿਉਰਿਟੀਜ਼ ਪ੍ਰੀਮੀਅਮ ਅਕਾਊਂਟ | 1627.05 | 1630.44 | 1627.05 | 1630.44 |
| 10 | ਸ਼ੁੱਧ ਸੰਪਤੀ | 3475.69 | 2708.54 | 3475.69 | 2708.54 |
| 11 | ਪੇਡਅੱਪ ਡੈਬਟ ਕੈਪੀਟਲ/ਆਊਟ ਸਟੈਂਡਿੰਗ ਡੈਬਟ | 15239.64 | 12063.20 | 15239.64 | 12063.20 |
| 12 | ਆਊਟ ਸਟੈਂਡਿੰਗ ਰੀਡੀਮੇਬਲ ਪਰੈਫਰੈਂਸ ਸ਼ੇਅਰ | 410.98 | 393.33 | 410.98 | 393.33 |
| 13 | ਡੈਬਟ ਇਕੁਇਟੀ ਰੇਸ਼ੋ (ਇਨ ਟਾਈਮਜ਼) | 4.38 | 4.45 | 4.38 | 4.45 |
| 14 | ਕਮਾਈ ਪ੍ਰਤੀ ਸ਼ੇਅਰ (ਰੁਪਏ 10/- ਹਰੇਕ ਦੀ) ਚਾਲੂ ਅਤੇ ਬੰਦ ਕਾਰੋਬਾਰਾਂ ਤੋਂ) | | | | |
| | 1. ਬੇਸਿਕ (ਰੁਪਏ) | 4.01 | 2.63 | 10.28 | 5.26 |
| | 2. ਡਲਿਉਟਿਡ (ਰੁਪਏ) | 4.01 | 2.63 | 10.28 | 5.26 |
| 15 | ਕੈਪੀਟਲ ਰੀਡੰਪਸ਼ਨ ਰਿਜ਼ਰਵ | 42.80 | 32.55 | 42.80 | 32.55 |
| 16 | ਡਬੈਂਚਰ ਰੀਡੰਪਸ਼ਨ ਰਿਜ਼ਰਵ | 36.63 | 36.63 | 36.63 | 36.63 |

**ਟਿੱਪਣੀ :**
1. ਉਪਰੋਕਤ ਵਿੱਤੀ ਨਤੀਜੇ, ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 52 ਦੀਆਂ ਰਿਕੁਆਇਰਮੈਂਟਸ ਅਨੁਸਾਰ, ਆਡਿਟ ਕਮੇਟੀ ਵੱਲੋਂ ਨਜ਼ਰਸ਼ਾਨੀ ਕੀਤੇ ਗਏ ਅਤੇ ਡਾਇਰੈਕਟਰਾਂ ਦੇ ਬੋਰਡ ਦੀ 10 ਮਈ 2023 ਨੂੰ ਹੋਈ ਮੀਟਿੰਗ ਵਿੱਚ ਮਨਜ਼ੂਰ ਕੀਤੇ ਗਏ ਹਨ। 31 ਮਾਰਚ, 2022 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਦੇ ਉਪਰੋਕਤ ਨਤੀਜੇ ਕੰਪਨੀ ਦੇ ਵਿਧਾਨਕ ਲੇਖਾਕਾਰਾਂ ਵੱਲੋਂ ਨਜ਼ਰਸਾਨੀ ਕੀਤੇ ਗਏ ਹਨ।
2. ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) 2015 ਦੇ ਰੈਗੂਲੇਸ਼ਨ 33 ਅਤੇ 52 ਤਹਿਤ ਸਟਾਕ ਐਕਸਚੇਂਜ ਕੋਲ ਦਾਖਲ ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ। ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) ਅਤੇ ਕੰਪਨੀ ਦੀ ਵੈੱਬਸਾਈਟ (www. midlandmicrofin.com)'ਤੇ ਉਪਲੱਬਧ ਹੈ।
3. ਉਪਰੋਕਤ ਵਿੱਤੀ ਨਤੀਜੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਨੋਟੀਫਾਈਡ, ਇੰਡੀਅਨ ਅਕਾਊਂਟਿੰਗ ਸਟੈਂਡਰਡਜ਼ (ਇੰਡ-ਏ ਐੱਸ) ਅਨੁਸਾਰ ਤਿਆਰ ਕੀਤੇ ਗਏ ਹਨ।

ਵਾਸਤੇ ਮਿਡਲੈਂਡ ਮਾਈਕਰੋਫਿਨ ਲਿਮਟਿਡ
ਸਹੀ/-
ਅਮਰਦੀਪ ਸਿੰਘ ਸਮਰਾ
ਮੈਨੇਜਿੰਗ ਡਾਇਰੈਕਟਰ

ਸਥਾਨ : ਜਲੰਧਰ
ਮਿਤੀ : 10 ਮਈ 2023



**ਨਵਾਂ ਜ਼ਮਾਨਾ** ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਲਾਲ ਝੰਡਾ ਗਰੀਬਾਂ ਲਈ ਖੁਸ਼ਹਾਲੀ ਦਾ ਪ੍ਰਤੀਕ : ਮਾੜੀਮੇਘਾ



**ਭਿੱਖੀਵਿੰਡ (ਨਜ਼ਰ)**-ਸਵਰਗੀ ਕਾਮਰੇਡ ਪਵਨ ਕੁਮਾਰ ਭਿੱਖੀਵਿੰਡ ਦੀ ਜੱਦੀ ਦੁਕਾਨ ਤੇ ਕਮਿਊਨਿਸਟ ਪਾਰਟੀ ਦਾ ਲਾਲ ਝੰਡਾ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਚੜ੍ਹਾਇਆ। ਛੋਟਾ ਜਿਹਾ ਪ੍ਰੋਗਰਾਮ ਸਰੋਜ ਮਲਹੋਤਰਾ ਦੀ ਪ੍ਰਧਾਨਗੀ ਹੇਠ ਹੋਇਆ। ਇਸ ਮੌਕੇ ਪਾਰਟੀ ਦੇ ਭਿੱਖੀਵਿੰਡ ਬਲਾਕ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਆਗੂ ਸੁਖਦੇਵ ਸਿੰਘ ਕਾਲਾ, ਏਟਕ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਟਹਿਲ ਸਿੰਘ ਲੱਧੂ, ਬਲਦੇਵ ਰਾਜ, ਰਛਪਾਲ ਸਿੰਘ ਬਾਠ, ਡਾਕਟਰ ਰਸਾਲ ਸਿੰਘ ਪਹੂਵਿੰਡ ਤੇ ਜਸਪਾਲ ਸਿੰਘ ਭਿੱਖੀਵਿੰਡ ਹਾਜ਼ਰ ਸਨ। ਮਾੜੀਮੇਘਾ ਨੇ ਕਿਹਾ ਕਿ ਪਵਨ ਕੁਮਾਰ ਨੇ ਜਿਉਂਦੇ ਜੀਅ ਝੰਡਾ ਨੀਵਾਂ ਨਹੀਂ ਹੋਣ ਦਿੱਤਾ ਤੇ ਹਮੇਸ਼ਾ ਉੱਚਾ ਰੱਖਿਆ। ਇਹ ਲਾਲ ਝੰਡਾ ਗਰੀਬਾਂ ਦੀ ਖੁਸ਼ਹਾਲੀ ਦਾ ਪ੍ਰਤੀਕ ਹੈ। ਜਦੋਂ ਵੀ ਇਹ ਝੰਡਾ ਲਾਲ ਕਿਲ੍ਹੇ 'ਤੇ ਝੂਲੇਗਾ ਤਾਂ ਹਿੰਦੁਸਤਾਨੀ ਖੁਸ਼ੀਆਂ ਦਾ ਆਨੰਦ ਮਾਨਣਗੇ। ਦੇਸ਼ 'ਚੋਂ ਗਰੀਬੀ ਖ਼ਤਮ ਹੋ ਕੇ ਉੱਡ ਜਾਵੇਗੀ। ਹਰੇਕ ਬੱਚੇ ਨੂੰ ਮੁਫਤ ਵਿੱਦਿਆ ਮਿਲੇਗੀ। ਹਰੇਕ ਨੌਜਵਾਨ ਸਰਕਾਰੀ ਨੌਕਰੀ 'ਤੇ ਲੱਗਾ ਹੋਵੇਗਾ। ਕੋਈ ਗਰੀਬ ਇਲਾਜ ਪੱਖੋਂ ਨਹੀਂ ਮਰੇਗਾ। ਲੋਕ ਛੱਤ ਤੋਂ ਬਗੈਰ ਨਹੀਂ ਸੌਣਗੇ ਭਾਵ ਹਰੇਕ ਮਨੁੱਖ ਨੂੰ ਸਰਕਾਰ ਉਸਦਾ ਘਰ ਬਣਾ ਕੇ ਦੇਵੇਗੀ। ਇਨ੍ਹਾਂ ਵਿਚਾਰਾਂ ਦੀ ਪੂਰਤੀ ਲਈ 15 ਮਾਰਚ ਨੂੰ ਭਿੱਖੀਵਿੰਡ ਦੇ ਪਿੰਡਾਂ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਤੇ ਸੀ ਪੀ ਆਈ ਨਾਲ ਜੋੜਨ ਵਾਸਤੇ ਜਥਾ ਮਾਰਚ ਕੀਤਾ ਜਾਵੇਗਾ। ਇਹ ਜਥਾ ਮਾਰਚ ਖਾਲੜਾ ਮੰਡੀ ਤੋਂ ਸ਼ੁਰੂ ਹੋ ਕੇ ਮਾੜੀਮੇਘਾ, ਭਿੱਖੀਵਿੰਡ, ਚੇਲਾ ਕਾਲੋਨੀ, ਅਲਗੋਂ ਮੰਡੀ, ਲੱਧੂ, ਕਲਸੀਆਂ, ਭਗਵਾਨਪੁਰ, ਸਾਂਡਪੁਰਾ, ਦਿਆਲਪੁਰਾ ਅਤੇ ਸੁਰਵਿੰਡ ਤੇ ਬਾਠ ਪਹੁੰਚੇਗਾ।

## ਵਿਰਾਸਤੀ ਮਾਰਗ 'ਤੇ ਧਮਾਕਿਆਂ ਪਿੱਛੇ ਕੋਈ ਵੱਡੀ ਸਾਜ਼ਿਸ਼ ਤਾਂ ਨਹੀਂ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਨਿਹੰਗ ਸਿੰਘਾਂ ਦੀ ਮੁੱਖ ਸਬੰਧੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ ਤੇ ਦੋ ਦਿਨ ਹੇਠ ਉੱਤੇ ਜ਼ੋਰਦਾਰ ਧਮਾਕੇ ਹੋਏ ਹਨ ਜਿਨ੍ਹਾਂ ਉਪਰੰਤ ਨਾਲ ਲਗਦੇ ਖੇਤਰਾਂ ਅਤੇ ਬਾਹਰੋਂ ਆਉਣ ਵਾਲੀ ਸੰਗਤ ਸ਼ਰਧਾਲੂਆਂ ਅੰਦਰ ਦਹਿਸ਼ਤ ਪੈਦਾ ਕੀਤੀ ਗਈ ਹੈ ਜੋ ਬੇਹੱਦ ਅਫਸੋਸਨਾਕ ਤੇ ਨਿੰਦਣਯੋਗ ਹੈ, ਧਮਾਕਿਆਂ ਦੇ ਸਾਜ਼ਿਸ਼ ਘਾੜੇ ਪੰਜਾਬ ਅੰਦਰ ਬਦਅਮਨੀ ਪੈਦਾ ਕਰਨ ਦੀ ਤਾਕ ਵਿਚ ਹਨ। ਸਰਕਾਰੀ ਤੰਤਰ ਨੂੰ ਇਸ ਦੇ ਹਰ ਪੱਖ ਤੋਂ ਬਰੀਕੀ ਨਾਲ ਜਾਂਚ ਕਰਨ ਦੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਧਮਾਕਿਆਂ ਪਿੱਛੇ ਕੌਣ, ਇਹ ਤਾਂ ਸਵਾਲ ਹੈ, ਪਰ ਇਸ ਸਵਾਲ ਦਾ ਜਵਾਬ ਤਾਂ ਮੌਜੂਦਾ ਸਰਕਾਰੀ ਤੰਤਰ ਤੇ ਪੰਜਾਬ ਸਰਕਾਰ ਨੇ ਦੇਣਾ ਹੈ। ਅਜਿਹੇ ਧਮਾਕੇ ਜੋ ਹਰਿਮੰਦਰ ਸਾਹਿਬ ਨੂੰ ਜਾਂਦੇ ਰਸਤਿਆਂ ਨਜ਼ਦੀਕ ਕੀਤੇ ਜਾ ਰਹੇ ਹਨ ਜਿਥੋਂ ਇਹ ਲੱਗਦਾ ਹੈ ਕਿ ਸਿੱਖਾਂ ਨੂੰ ਡਰਾਉਣ, ਧਮਕਾਉਣ ਤੇ ਬਦਨਾਮ ਕਰਨ ਦੀ ਵੱਡੀ ਸਾਜ਼ਿਸ਼ ਹੈ। ਇਸ ਤਰ੍ਹਾਂ ਦੀ ਕਾਰਵਾਈ ਵਿਚ ਦੁਸ਼ਮਣ ਵੱਡਾ ਨੁਕਸਾਨ ਵੀ ਕਰ ਸਕਦੇ ਹਨ, ਇਨ੍ਹਾਂ ਕਾਰਵਾਈਆਂ ਪਿੱਛੇ ਕਿਹੜੇ ਦਿਮਾਗ ਕੰਮ ਕਰ ਰਹੇ ਹਨ। ਅਸਲ ਵਿੱਚ ਉਨ੍ਹਾਂ ਤੀਕ ਪੁੱਜਣ ਦੀ ਲੋੜ ਹੈ। ਭਾਵੇਂ ਜਾਂਚ ਟੀਮਾਂ ਇਸ ਪਾਸੇ ਕੰਮ ਕਰ ਰਹੀਆਂ ਹਨ ਪਰ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਅਸਥਾਨਾਂ ਦੇ ਆਸ ਪਾਸ ਖਾਸ ਕਿਸਮ ਦੀ ਸੁਰੱਖਿਆ ਹੋਣੀ ਚਾਹੀਦੀ ਹੈ। ਸੁਰੱਖਿਆ ਤੰਤਰ ਵੱਲੋਂ ਘਟਨਾ ਵਾਪਰਨ ਤੋਂ ਬਾਅਦ ਹੀ ਅਜਿਹੀਆਂ ਸਰਗਰਮੀਆਂ ਅਰੰਭੀਆਂ ਜਾਂਦੀਆਂ ਹਨ। ਪਰ ਇਸ ਤਰ੍ਹਾਂ ਦੇ ਧਾਰਮਿਕ ਸੰਵੇਦਨਸ਼ੀਲ ਅਸਥਾਨਾਂ ਪਾਸ ਅਜਿਹੇ ਧਮਾਕੇ ਸਿੱਧ ਕਰਦੇ ਹਨ ਕਿ ਇਹ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹਨ।

ਉਨ੍ਹਾਂ ਪੰਜਾਬ ਸਰਕਾਰ ਨੂੰ ਕਿਹਾ ਕਿ ਜੇਕਰ ਇਸ ਸਬੰਧੀ ਸਿੱਖ ਸੰਸਥਾਵਾਂ ਜਾਂ ਜਥੇਬੰਦੀਆਂ ਦੇ ਸਹਿਯੋਗ ਦੀ ਲੋੜ ਹੈ ਤੇ ਉਹ ਤੱਤਪਰ ਹਨ ਪਰ ਜੋ ਵਾਪਰ ਰਿਹਾ ਹੈ ਇਸ ਤਰ੍ਹਾਂ ਦੀ ਕਾਰਵਾਈ ਬਹੁਤਾ ਚਿਰ ਸਿੱਖਾਂ ਨੂੰ ਹਜ਼ਮ ਨਹੀਂ ਹੋਣੀ।

## ਨਹਿਰ ਅੱਪਰ ਬਾਰੀ ਦੁਆਬ ਦੇ ਸ਼ਟਰਾਂ ਪਿੱਛੇ ਗੰਦਗੀ ਹੀ ਗੰਦਗੀ, ਬਿਮਾਰੀਆਂ ਫੈਲਣ ਦਾ ਖਦਸ਼ਾ



**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੀ ਨਹਿਰ ਅੱਪਰ ਬਾਰੀ ਦੁਆਬ 'ਤੇ ਮਸ਼ਹੂਰ ਬਣੇ ਦੇ ਸ਼ਟਰਾਂ ਪਿੱਛੇ ਗੰਦਗੀ ਇਕੱਠੀ ਹੋਣ ਕਰਕੇ ਆਲੇ-ਦੁਆਲੇ ਬਦਬੂ ਫੈਲਣ ਨਾਲ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਹੈ। ਇਸ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਕੋਈ ਵੀ ਧਿਆਨ ਨਹੀਂ ਦੇ ਰਿਹਾ ਜਿਸ ਕਰਕੇ ਸੈਰ ਸਪਾਟਾ ਅਤੇ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਜਦੋਂਕਿ ਨਹਿਰੀ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਸੈਰ ਸਪਾਟਾ ਕਰਨ ਆਏ ਲੋਕਾਂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਅੰਦਰ ਪੁਲ ਤਿੱਬੜੀ ਨਹਿਰਾਂ ਅੰਤ ਦੀ ਗਰਮੀ ਵਿਚ ਸੈਰ ਸਪਾਟਾ ਕੇਂਦਰ ਹੈ। ਹੁਣ ਇਸ ਨਹਿਰ ਦੇ ਆਲੇ-ਦੁਆਲੇ ਗੰਦ ਪਿਆ ਹੀ ਨਜ਼ਰ ਆਉਂਦਾ ਹੈ ਅਤੇ ਨਹਿਰ ਦੇ ਸ਼ਟਰਾਂ ਪਿੱਛੇ ਗੰਦਗੀ ਆਮ ਦੇਖੀ ਜਾ ਸਕਦੀ ਹੈ। ਇਥੋਂ ਦੇ ਪਾਰਕ ਦੀ ਹਾਲਤ ਵੀ ਖਸਤਾ ਹੋਈ ਪਈ ਹੈ। ਇਸ ਬਾਰੇ ਲੋਕਾਂ ਦਾ ਕਹਿਣਾ ਹੈ ਕਿ ਪੁਲ ਤਿੱਬੜੀ ਦਾ ਰੈਸਟ ਹਾਊਸ ਅੰਗਰੇਜ਼ਾਂ ਵੇਲੇ ਦਾ ਬਣਿਆ ਆਪਣੀ ਹੋਂਦ ਖਤਮ ਕਰ ਚੁੱਕਿਆ ਹੈ।

ਇਲਾਕਾ ਵਾਸੀਆਂ ਦੀ ਜ਼ਿਲ੍ਹਾ ਪ੍ਰਸ਼ਾਸਨ ਤੇ ਨਹਿਰੀ ਵਿਭਾਗ ਪਾਸੋਂ ਮੰਗ ਹੈ ਕਿ ਨਹਿਰੀ ਸ਼ਟਰਾਂ ਪਿੱਛੇ ਇਕੱਠਾ ਹੋਇਆ ਗੰਦ ਆਦਿ ਸਾਫ਼ ਕਰਵਾਇਆ ਜਾਵੇ ਤਾਂ ਜੋ ਇਸ ਨੇੜੇ ਗੁਜ਼ਰ ਰਹੇ ਲੋਕਾਂ ਨੂੰ ਭੈੜੀ ਬਦ-ਬੂ ਤੋਂ ਨਿਜਾਤ ਹਾਸਲ ਹੋ ਸਕੇ। ਹੁਣ ਜਦਕਿ ਡੀ. ਸੀ. ਗੁਰਦਾਸਪੁਰ ਵਲੋਂ ਹਲਕੇ ਅੰਦਰ ਸੈਰ ਸਪਾਟਾ ਨੀਤੀ ਨੂੰ ਉਤਸ਼ਾਹਿਤ ਕਰਨ ਵਾਸਤੇ ਨਵੀਂ ਰਣਨੀਤੀ ਤਿਆਰ ਕੀਤੀ ਗਈ ਹੈ। ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਨਹਿਰੀ ਵਿਭਾਗ ਦੇ ਉੱਚ ਅਧਿਕਾਰੀਆਂ ਪਾਸ ਮੰਗ ਕੀਤੀ ਹੈ ਕਿ ਪੁਲ ਤਿੱਬੜੀ ਨੂੰ ਸੈਰ ਸਪਾਟਾ ਲਈ ਵਿਕਸਿਤ ਕਰਨ ਵਾਸਤੇ ਪੁਲ ਤਿੱਬੜੀ ਦੇ ਨਹਿਰਾਂ ਵਿਚ ਆਧੁਨਿਕ ਪਾਰਕ ਤੇ ਹੋਟਲ ਬਣਾਏ ਜਾਣ ਜਿਸ ਨਾਲ ਸਰਕਾਰ ਨੂੰ ਆਮਦਨ ਦੇ ਸਰੋਤ ਵਧਣ ਦੇ ਨਾਲ-ਨਾਲ ਇਹ ਪਾਰਕ ਖਿੱਚ ਦਾ ਕੇਂਦਰ ਬਣ ਸਕੇ।

## ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਜਾਣਬੁੱਝ ਕੇ ਲਾਗੂ ਨਹੀਂ ਕਰ ਰਹੀ ਸਰਕਾਰ : ਆਗੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਧਾਰੀਵਾਲ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਮੀਟਿੰਗ ਮੰਡਲ ਪ੍ਰਧਾਨ ਅਨੂਪ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਕ ਮਿੱਲ ਗਰਾਊਂਡ ਵਿੱਚ ਹੋਈ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਜਾਣਬੁੱਝ ਕੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ ਅਤੇ ਜਾਣਬੁੱਝ ਕੇ ਜਾਇਜ਼ ਮੰਗਾਂ ਨੂੰ ਲਾਗੂ ਕਰਨ ਵਿੱਚ ਦੇਰੀ ਕਰ ਰਹੀ ਹੈ। ਵਾਰ-ਵਾਰ ਮੀਟਿੰਗ ਦੇ ਕੇ ਟਾਲਮਟੋਲ ਵਾਲੀ ਹੀ ਨੀਤੀ ਅਪਣਾ ਕੇ ਪੈਨਸ਼ਨਰ ਸਾਥੀਆਂ ਨਾਲ ਟਕਰਾਅ ਵਾਲੀ ਨੀਤੀ ਅਪਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੰਗਾਂ ਲਈ ਸ਼ਾਂਤਮਈ ਸੰਘਰਸ਼ਾਂ ਨੂੰ ਵੀ ਦਬਾਅ ਪਾ ਕੇ ਕੁਚਲਣ ਦੀ ਨੀਤੀ ਅਪਣਾਈ ਜਾ ਰਹੀ ਹੈ। ਸਰਕਾਰ ਦੀ ਇਸ ਨੀਤੀ ਮੁਲਾਜ਼ਮ/ਪੈਨਸ਼ਨਰ ਸਾਥੀ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ ਅਤੇ ਸ਼ਾਂਤਮਈ ਸੰਘਰਸ਼ ਕਰਕੇ ਆਪਣੀਆਂ ਮੰਗਾਂ ਲਾਗੂ ਕਰਵਾ ਕੇ ਰਹਾਂਗੇ। ਉਨ੍ਹਾਂ ਕਿਹਾ ਕਿ 10 ਮਈ ਤੋਂ ਬਾਅਦ ਜਥੇਬੰਦੀ ਦੀ ਸੂਬਾ ਕਮੇਟੀ ਵੱਲੋਂ ਜ਼ਰੂਰ ਕੋਈ ਤਿੱਖੇ ਸੰਘਰਸ਼ ਦਾ ਸੱਦਾ ਦਿੱਤਾ ਜਾਵੇਗਾ ਜਿਸ ਸੰਘਰਸ਼ ਵਿੱਚ ਸਮੂਹ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਮੀਟਿੰਗ ਨੂੰ ਸਕੱਤਰ ਰਣਜੀਤ ਸਿੰਘ, ਮੀਤ ਪ੍ਰਧਾਨ ਜਰਨੈਲ ਸਿੰਘ, ਹਰਜਿੰਦਰ ਸਿੰਘ, ਗਿਆਨ ਸਿੰਘ, ਤਰਸੇਮ ਸਿੰਘ ਬਖਤਪੁਰ, ਕੁਲਦੀਪ ਸਿੰਘ, ਰਣਧੀਰ ਸਿੰਘ, ਅਮਰੀਕ ਸਿੰਘ ਬਾਂਗੋਵਾਣੀ, ਬਲਵਿੰਦਰ ਸਿੰਘ, ਅਮਰਨਾਥ, ਰਤਨ ਸਿੰਘ ਆਦਿ ਸਾਥੀਆਂ ਸੰਬੋਧਨ ਕੀਤਾ।

## IB-71GA ਭਾਰਤ ਦੇ ਇੰਟੈਲੀਜੈਂਸ ਬਿਊਰੋ ਦੀ ਰੋਮਾਂਚਕ ਝਲਕ ਵਿਖਾਵੇਗਾ

**ਅੰਮ੍ਰਿਤਸਰ**, ਮੈਂ ਕਈ ਸਾਲਾਂ ਬਾਅਦ ਪੰਜਾਬ ਆਇਆ ਹਾਂ। ਪੰਜਾਬੀ ਦੀ ਹਵਾ ਵਿਚ ਇਕ ਵੱਖਰੀ ਮਹਿਕ ਹੈ ਅਤੇ ਇਸ ਦਾ ਅਹਿਸਾਸ ਹਰ ਸਾਹ ਵਿਚ ਰਹਿੰਦਾ ਹੈ। ਮੈਂ ਇੱਥੇ ਆਇਆ ਹਾਂ, ਇਸ ਲਈ ਇੱਥੇ ਲੱਸੀ ਅਤੇ ਕੁਲਚੇ ਵੀ ਬਹੁਤ ਪਸੰਦੀਦਾ ਹਨ। ਇਹ ਗੱਲ ਬਾਲੀਵੁੱਡ ਕਲਾਕਾਰ ਵਿਦਯੁਤ ਜਾਮਵਾਲ ਨੇ ਕਹੀ ਜਿਸ ਨੇ ਸੋਮਵਾਰ ਨੂੰ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਆਪਣੀ ਨਵੀਂ ਆਉਣ ਵਾਲੀ ਫਿਲਮ ਆਈ.ਬੀ.-71 ਲਈ ਅਰਦਾਸ ਕੀਤੀ। ਇਸ ਦੌਰਾਨ ਵਿਦਯੁਤ ਜਾਮਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਫਿਲਮ ਇਕ ਸੱਚੀ ਕਹਾਣੀ 'ਤੇ ਆਧਾਰਿਤ ਹੈ। 1971 ਦੀ ਜੰਗ ਵਿੱਚ ਜਦੋਂ ਭਾਰਤ-ਪਾਕਿਸਤਾਨ ਦੀ ਜੰਗ ਛਿੜੀ ਸੀ, ਉਸ ਸਮੇਂ ਆਪਰੇਸ਼ਨ ਸ਼ੁਰੂ ਹੋ ਗਿਆ ਸੀ।

## ਸਕੋਡਾ ਆਟੋ ਵੱਲੋਂ ਆਪਣੇ ਬ੍ਰਾਂਡ ਤੇ ਵਿਕਾਸ ਲਈ ਸੁਰੱਖਿਆ 'ਤੇ ਧਿਆਨ ਕੇਂਦਰਿਤ

**ਅੰਮ੍ਰਿਤਸਰ**-ਸਕੋਡਾ ਆਟੋ ਇੰਡੀਆ ਨੇ ਐਲਾਨ ਕੀਤਾ ਹੈ ਕਿ ਜਦੋਂ ਗਾਹਕਾਂ ਦੀ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਉਹ ਐਕਸਲਰੇਟਰ ਤੇ ਆਪਣਾ ਪੈਰ ਰੱਖਦੀ ਹੈ। ਵਿਸ਼ਵ ਪੱਧਰ 'ਤੇ ਸਕੋਡਾ ਆਟੋ ਦੇ ਪਾਸ ਕ੍ਰੈਸ਼ ਟੈਸਟ ਅਤੇ ਸੁਰੱਖਿਆ ਦੇ ਨਾਲ 50 ਸਾਲ ਪੁਰਾਣਾ ਵਿਰਾਸਤ ਹੈ। ਸਕੋਡਾ 100 ਐਲ 1972 ਵਿੱਚ ਪੂਰਵ ਚੈਕੋਸਲੋਵਾਕੀਆ ਵਿੱਚ ਪ੍ਰਾਗ-ਰੁਜਨੀ ਵਿੱਚ ਪਹਿਲਾ ਪ੍ਰਲੇਖਿਤ ਕ੍ਰੈਸ਼ ਟੈਸਟ ਹੈ। ਵਰਤਮਾਨ ਵਿੱਚ, ਕੰਪਨੀ ਦੇ ਪਾਸ ਉਹੇਲਨਾਇਸ ਵਿੱਚ ਇੱਕ ਵਿਸ਼ਵ ਪੱਧਰ, ਅਥਾਧੁਨਿਕਲੀਗਨ ਦਾ ਨਿਰੀਖਣ ਕੇਂਦਰ ਹੈ, ਕ੍ਰੈਸ਼ ਪ੍ਰਯੋਗਸ਼ਾਲਾ ਦੀ ਪਛਾਣ ਕੀਤੀ ਗਈ ਹੈ। ਆਟੋਮੋਟਿਵ ਟੈਸਟਿੰਗ ਟੈਕਨੋਲੋਜੀ ਇੰਟਰਨੈਸ਼ਨਲ ਟਰੇਡ ਜਰਨਲ ਦੁਆਰਾ ਸਾਲ 2020। ਅਤੇ 2008 ਤੋਂ ਹਰ ਕਲਕਲ ਸਕੋਡਾ ਨੂੰ ਯੂਰੋ ਦੁਆਰਾ 5-ਸਟਾਰ ਸਟਾਟ ਕੀਤਾ ਗਿਆ ਹੈ। ਸੁਰੱਖਿਆ ਦੇ ਨਾਲ ਸਕੋਡਾ ਦੇ ਅੰਤਰਰਾਸ਼ਟਰੀ ਰਿਕਾਰਡਿੰਗ ਤੇ ਤਕਨੀਕੀ ਵਿਕਾਸ ਲਈ ਸਕੋਡਾ ਆਟੋ ਬੋਰਡ ਦੇ ਮੈਂਬਰ ਜੋਹਾਨਸ ਨੇ ਕਿਹਾ ਕਿ ਸਕੋਡਾ ਵਿੱਚ ਅਸੀਂ ਆਪਣੇ ਵਾਹਨਾਂ ਨੂੰ ਸਰਗਰਮ ਕਰਦੇ ਹਾਂ ਅਤੇ ਸੁਰੱਖਿਆ ਵਿੱਚ ਲਗਾਤਾਰ ਸੁਧਾਰ ਕਰਦੇ ਹਾਂ ਤਾਂ ਜੋ ਸਾਰੇ ਤਕਨੀਕੀ ਵਿਕਾਸ ਵਿੱਚ ਆਪਣੇ ਗੁਣਾਂ ਦੀ ਵਰਤੋਂ ਕਰ ਸਕਨ। ਇੱਥੇ ਤੱਕ ਕਿ ਸਾਡੇ ਪ੍ਰਵੇਸ਼ ਪੱਧਰ ਦੇ ਮਾਡਲ ਵੀ ਕਈ ਸਹਾਇਤਾ ਪ੍ਰਦਾਨ ਕਰਦੇ ਹਨ ਜੋ ਆਮ ਤੌਰ 'ਤੇ ਸਿਰਫ ਉੱਚ ਵਾਹਨ ਵਰਗ ਦੇ ਵਾਹਨਾਂ ਵਿੱਚ ਉਪਲਬਧ ਹੁੰਦੀ ਹੈ।

## ਐੱਨ ਸੀ ਸੀ ਦੇ ਜੂਨੀਅਰ ਵਿੰਗ 'ਚ ਨਵੇਂ ਬੱਚਿਆਂ ਦੀ ਭਰਤੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਥਾਨਕ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਿਖੇ ਐੱਨ.ਸੀ.ਸੀ ਦੇ ਜੂਨੀਅਰ ਵਿੰਗ ਵਿੱਚ 24 ਨਵੇਂ ਬੱਚੇ ਭਰਤੀ ਕੀਤੇ ਗਏ। ਇਹ ਸਾਰੇ ਵਿਦਿਆਰਥੀ ਅੱਠਵੀਂ ਅਤੇ ਨੌਵੀਂ ਜਮਾਤ ਦੇ ਹਨ। ਬੱਚਿਆਂ ਦੀ ਭਰਤੀ ਫਸਟ ਪੰਜਾਬ ਗਰਲਜ਼ ਬਟਾਲੀਅਨ, ਅੰਮ੍ਰਿਤਸਰ ਅਧੀਨ ਏ.ਐੱਨ.ਓ ਲੈਫਟੀਨੈਂਟ ਰੂਹੀ ਭਗਤ ਅਤੇ ਹਵਲਦਾਰ ਰਾਜੀਵ ਕੁਮਾਰ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼ਾਲਿਨੀ ਸ਼ਰਮਾ ਨੇ ਬੱਚਿਆਂ ਨੂੰ ਐੱਨਸੀਸੀ ਬਾਰੇ ਅਤੇ ਇਸ ਨਾਲ ਭਵਿੱਖ ਵਿੱਚ ਹੋਣ ਵਾਲੇ ਫਾਇਦਿਆਂ ਬਾਰੇ ਦੱਸਿਆ। ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡ ਮਾਸਟਰ ਪਰਮਜੀਤ ਸਿੰਘ ਅਤੇ ਹਰਦੀਪ ਸਿੰਘ ਹਾਜ਼ਰ ਸਨ ।

## ਬ੍ਰਿਜ ਭੂਸ਼ਣ ਅਸਤੀਫਾ ਦੇਵੇ: ਦੁਧਾਲਾ



**ਮਜੀਠਾ ਮਨਮੋਹਨ ਸਿੰਘ**)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਮਜੀਠਾ ਦੇ ਸੱਦੇ 'ਤੇ ਕੇਂਦਰ ਦੀ ਮੋਦੀ ਭਾਜਪਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਜੱਥੇਬੰਦੀ ਦੇ ਮਾਝਾ ਜ਼ੋਨ ਦੇ ਮੁੱਖ ਸਲਾਹਕਾਰ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਸਾਡੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਪਹਿਲਵਾਨ ਕੁੜੀਆਂ ਨਾਲ ਜੋ ਬਦਸਲੂਕੀ ਕੁਸ਼ਤੀ ਫੈਡਰੇਸਨ ਦੇ ਪ੍ਰਧਾਨ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੇ ਕੀਤੀ ਹੈ, ਇਸ ਤੇ ਉਹ ਆਪਣਾ ਅਸਤੀਫਾ ਦੇਵੇ ਅਤੇ ਸਰਕਾਰ ਉਸਦੇ ਵਿਰੁੱਧ ਸਖਤ ਤੋਂ ਸਖਤ ਬਣਦੀ ਕਾਰਵਾਈ ਕਰੇ। ਇਸ ਮੌਕੇ ਨਰੇਗਾ ਮਜ਼ਦੂਰਾਂ ਵੱਲੋਂ ਮੋਦੀ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਅਤੇ ਕਸਬਾ ਕੱਥੂਨੰਗਲ ਵਿੱਚ ਰੋਸ ਮਾਰਚ ਕੱਢਿਆ ਗਿਆ। ਲਖਵਿੰਦਰ ਗੋਪਾਲਪੁਰ ਨੇ ਉੱਥੇ ਮੌਜੂਦ ਸਾਰੇ ਪ੍ਰਦਰਸ਼ਨਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਵਿੰਦਰ ਕੌਰ ਕੋਟਲਾ ਖੁਰਦ, ਦਵਿੰਦਰ ਕੌਰ, ਪਰਮਜੀਤ ਕੌਰ, ਸ਼ਰਨਜੀਤ ਕੌਰ, ਬਲਵਿੰਦਰ ਕੌਰ, ਸ਼ਾਂਤੀ ਦੇਵੀ ਗੋਪਾਲਪੁਰ, ਕਨਸੋ, ਪਰਮਜੀਤ ਕੌਰ, ਦੇਵੀ, ਨਿਰਮਲ ਕੌਰ, ਰਾਜ ਕੌਰ, ਸਤਨਾਮ ਸਿੰਘ ਸਰਿਹਾਲਾ, ਕਿਰਤ ਚਵਿੰਡਾ ਦੇਵੀ, ਰਣਜੀਤ ਕੋਟਲਾ ਸੈਦਾਂ ਆਦਿ ਹਾਜ਼ਰ ਸਨ।

## ਬੜੀ ਧੂਮਧਾਮ ਨਾਲ ਮਨਾਇਆ ਰਾਬਿੰਦਰ ਨਾਥ ਟੈਗੋਰ ਦਾ ਜਨਮ ਦਿਹਾੜਾ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਡੀਏਵੀ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਡੀ ਏ ਵੀ ਯੂਨੀਵਰਸਿਟੀ ਦੇ ਕੁੱਲਪਤੀ ਪੂਨਮ ਸੂਰੀ, ਏਡਿਡ ਅਤੇ ਪਬਲਿਕ ਸਕੂਲਾਂ ਦੇ ਡਾਇਰੈਕਟਰ ਜੇ. ਪੀ. ਸੂਰ, ਚੇਅਰਮੈਨ ਮਹੇਸ਼ ਚੋਪੜਾ, ਪੰਜਾਬ ਜ਼ੋਨ-ਏ ਦੇ ਖੇਤਰੀ ਅਧਿਕਾਰੀ ਡਾ. ਨੀਲਮ ਕਾਮਰਾ, ਸਕੂਲ ਦੇ ਮੈਨੇਜਰ ਨੀਰਾ ਸਰਮਾ ਅਤੇ ਜੇ. ਆਰ. ਐਸ. ਡੀਏਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਜੇ. ਆਰ. ਐਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਰਾਬਿੰਦਰ ਨਾਥ ਟੈਗੋਰ ਦਾ ਜਨਮਦਿਨ ਬੜੀ ਧੂਮਧਾਮ ਨਾਲ ਮਨਾਇਆ ਗਿਆ। ਰਬਿੰਦਰ ਨਾਥ ਟੈਗੋਰ ਜੋ 'ਗੁਰਦੇਵ' ਦੇ ਨਾਮ ਨਾਲ ਵੀ ਜਾਣੇ ਜਾਂਦੇ ਹਨ, ਦਾ ਜਨਮ 1861 ਈ: ਨੂੰ ਕੋਲਕਾਤਾ ਵਿਖੇ ਹੋਇਆ। ਉਹ ਸਭ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਉਨ੍ਹਾਂ ਦੀ ਪਾਲਣਾ ਰਾਜਕੁਮਾਰਾਂ ਵਾਂਗ ਕੀਤੀ ਗਈ। ਉਨ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿੱਚ ਹੀ ਕੀਤਾ ਗਿਆ ਸੀ। ਟੈਗੋਰ ਬੱਚਿਆਂ ਨੂੰ ਕੁਦਰਤ ਦੇ ਕੋਲ ਰੱਖ ਕੇ ਪੜ੍ਹਾਉਣ ਦੇ ਸਮਰਥਕ ਸਨ। ਇਸ ਲਈ ਉਨ੍ਹਾਂ ਨੇ 'ਸ਼ਾਂਤੀ-ਨਿਕੇਤਨ' ਨਾਮ ਦਾ ਸਕੂਲ ਵੀ ਖੋਲ੍ਹਿਆ ਜਿਸ ਵਿੱਚ ਬੱਚਿਆਂ ਨੂੰ ਕੁਦਰਤ ਦੇ ਨੇੜੇ ਕਰ ਕੇ ਪੜ੍ਹਾਇਆ ਜਾਂਦਾ ਸੀ। ਰਬਿੰਦਰ ਨਾਥ ਟੈਗੋਰ ਨੇ ਰਾਸ਼ਟਰੀ ਗੀਤ ਵੀ ਲਿਖਿਆ ਸੀ। ਉਨ੍ਹਾਂ ਦੀ ਪ੍ਰਸਿੱਧ ਪੁਸਤਕ 'ਗੀਤਾਂਜਲੀ' ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮਹਾਨ ਸ਼ਖਸੀਅਤ ਦਾ ਜਨਮ ਦਿਨ ਮਨਾਉਂਦੇ ਹੋਏ ਸਕੂਲੀ ਬੱਚਿਆਂ ਨੇ ਗੀਤ, ਕਵਿਤਾਵਾਂ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਸਕੂਲ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ ਗੁਰੂਦੇਵ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ ਅਤੇ ਆਖਿਆ ਕਿ ਉਹ ਇੱਕ ਮਹਾਨ ਲੇਖਕ, ਕਵੀ, ਗੀਤਕਾਰ, ਨਾਟਕਕਾਰ, ਨਾਵਲਕਾਰ ਅਤੇ ਪੂਰਬੀ ਅਤੇ ਪੱਛਮੀ ਸੱਭਿਅਤਾ ਨੂੰ ਮਿਲਾਉਣ ਵਾਲੇ ਸੱਚੇ ਰਾਸ਼ਟਰਵਾਦੀ ਸਨ।

## 'ਵੀ' ਐਪ ਰਾਹੀਂ ਰਿਚਾਰਜ ਕਰ ਕੇ ਪ੍ਰਾਪਤ ਕਰੋ 5ਜੀਬੀ ਵਾਧੂ ਡਾਟਾ

**ਲੁਧਿਆਣਾ**- ਮੋਹਰੀ ਦੂਰ ਸੰਚਾਰ ਸੇਵਾ ਪ੍ਰਦਾਤਾ ਵੀ ਆਪਣੇ ਉਪਭੋਗਤਾਵਾਂ ਲਈ ਪੇਸ਼ ਕਰ ਰਿਹਾ ਹੈ ਇੱਕ ਦਿਲਚਸਪ 'ਮਹਾ' ਰਿਚਾਰਜ ਆਫਰ, ਜਿਸ ਦੇ ਤਹਿਤ ਗਾਹਕ ਸਿਰਫ 'ਵੀ' ਐਪ ਰਾਹੀਂ ਰਿਚਾਰਜ ਕਰਕੇ ਬਿਨਾਂ ਕਿਸੇ ਵਾਧੂ ਲਾਗਤ ਦੇ ਵਾਧੂ ਡਾਟਾ ਪ੍ਰਾਪਤ ਕਰ ਸਕਦੇ ਹਨ। 2299 ਰੁਪਏ ਜਾਂ ਇਸ ਤੋਂ ਵੱਧ ਦਾ ਰਿਚਾਰਜ ਕਰਨ ਤੇ ਉਪਭੋਗਤਾ, ਬਿਨਾਂ ਕਿਸੇ ਵਾਧੂ ਕੀਮਤ ਦੇ ਪਾ ਸਕਦੇ ਹਨ 5ਜੀਬੀ ਵਾਧੂ ਡਾਟਾ (3 ਦਿਨਾਂ ਲਈ ਵੈਲਿਡ)। 199 ਰੁਪਏ ਤੋਂ 299 ਰੁਪਏ ਦੇ ਰਿਚਾਰਜ 'ਤੇ ਬਿਨਾਂ ਕਿਸੇ ਵਾਧੂ ਖਰਚੇ ਦੇ 2 ਜੀਬੀ ਵਾਧੂ ਡਾਟਾ (3 ਦਿਨਾਂ ਲਈ ਵੈਲਿਡ) ਮਿਲ ਸਕਦਾ ਹੈ। ਵਰਤਮਾਨ ਵਿੱਚ ਇਹ ਲਿਮਿਟਡ ਪੀਰੀਅਡ ਆਫਰ ਸਿਰਫ ਵੀ ਐਪ 'ਤੇ 199 ਰੁਪਏ ਜਾਂ ਇਸ ਤੋਂ ਵੱਧ ਦੇ ਸਾਰੇ ਵੀ ਪ੍ਰੀਪੇਡ ਰਿਚਾਰਜਾਂ 'ਤੇ ਉਪਲਬੱਧ ਹੈ। ਵੀ ਦੇ ਉਪਭੋਗਤਾ ਇਸ ਵਾਧੂ ਡਾਟਾ ਦੀ ਵਰਤੋਂ ਵੀ ਮੂਵੀਜ਼ ਅਤੇ ਟੀਵੀ 'ਤੇ ਮੂਵੀਜ਼ ਦੇਖਣ, ਵੀਡੀਓਜ਼ ਲਾਈਵ ਸਟ੍ਰੀਮ ਕਰਨ ਜਾਂ ਚੱਲ ਰਹੇ ਟੀ-20 ਟੂਰਨਾਮੈਂਟ ਦੇ ਕ੍ਰਿਕਟ ਮੈਚ ਦੇਖਣ ਲਈ ਕਰ ਸਕਦੇ ਹਨ।

## ਮਹਿੰਗੇ ਬੀਜਾਂ ਤੇ ਹੋਰ ਮੁਸ਼ਕਲਾਂ ਸੰਬੰਧੀ ਖੇਤੀਬਾੜੀ ਚੀਫ਼ ਨਾਲ ਵਿਸ਼ੇਸ਼ ਬੈਠਕ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਵੱਲੋ ਜ਼ਿਲ੍ਹਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਪਿੰਡ ਵੱਲ੍ਹਾ ਦੇ ਗੁਰਦੁਵਾਰਾ ਗੁਰਿਆਣਾ ਸਾਬ੍ਹ ਵਿੱਚ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਦੀ ਅਗਵਾਹੀ ਵਿੱਚ ਕੀਤੀ ਗਈ। ਉਨ੍ਹਾ ਮੀਡੀਆ ਨਾਲ ਗੱਲ ਕਰਦੇ ਕਿਹਾ ਕਿ ਜਿਨ੍ਹਾਂ ਹਾਲਾਤ 'ਚੋਂ ਅੱਜ ਦੇਸ਼ ਦਾ ਕਿਸਾਨ ਮਜ਼ਦੂਰ ਅਤੇ ਸਾਰਾ ਮੱਧਵਰਗ ਤੇ ਗਰੀਬ ਵਰਗ ਗੁਜ਼ਰ ਰਿਹਾ ਹੈ, ਉਸ ਨੂੰ ਠੀਕ ਕਰਨ ਲਈ ਸਭ ਨੂੰ ਮਿਲ ਕੇ ਹੱਲਾ ਮਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਚੁਕਾਈ ਨਹੀਂ ਹੋ ਰਹੀ, ਪੈਸੇ ਦੀ ਅਦਾਇਗੀ 2 ਹਫਤੇ ਤੋਂ ਰੁਕੀ ਹੈ, ਖਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਨਹੀਂ ਪਾਏ ਜਾ ਰਹੇ ਪਰ ਕਿਸਾਨਾਂ ਮਜ਼ਦੂਰਾਂ ਨੂੰ ਉਨ੍ਹਾ ਦੇ ਹਾਲਾਤ 'ਤੇ ਛੱਡ ਕੇ ਪੰਜਾਬ ਅਤੇ ਕੇਂਦਰ ਸਰਕਾਰ ਨਿੱਤ ਨਵੀਆਂ ਚੋਣਾਂ ਵਿੱਚ ਮਸਰੂਫ ਹਨ। ਉਨ੍ਹਾ ਦੱਸਿਆ ਕਿ ਵੱਡੇ ਤੇ ਲੰਬੇ ਸੰਘਰਸ਼ ਅੱਜ ਸਮੇਂ ਦੀ ਲੋੜ ਬਣ ਚੁੱਕੇ ਹਨ ਜਿਸ ਦੀਆਂ ਤਿਆਰੀਆਂ ਵਜੋਂ ਪਿੰਡ ਪੱਧਰੀ ਫ਼ੰਡ ਵੱਡੇ ਪੱਧਰ 'ਤੇ ਇੱਕਠੇ ਕਰਨ ਲਈ ਅਪੀਲ ਕੀਤੀ ਗਈ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਝੋਨੇ ਦੀ ਫਸਲ ਲਈ ਨਹਿਰੀ ਪਾਣੀਆਂ ਨਾਲ ਸਬੰਧਿਤ ਮੁਸ਼ਕਿਲਾਂ ਨੂੰ ਲੈ ਕੇ ਪ੍ਰਸ਼ਾਸ਼ਨ ਨੂੰ ਵਿਸ਼ੇਸ਼ ਮੰਗ ਪੱਤਰ ਦਿੱਤੇ ਜਾਣਗੇ ਅਤੇ ਬਿਜਲੀ ਸਬੰਧੀ ਮੁਸ਼ਕਿਲਾਂ ਜਿਵੇ ਨਿੱਜੀਕਰਨ ਨੂੰ ਬੜਾਵਾ ਦੇਣ ਵਾਲੀ ਨੀਤੀ ਤਹਿਤ ਲਗਾਏ ਜਾ ਰਹੇ ਸਮਾਰਟ ਮੀਟਰ ਅਤੇ ਹੋਰ ਨੀਤੀਆਂ ਖਿਲਾਫ ਵੀ ਪ੍ਰੋਗਰਾਮ ਉਲੀਕੇ ਜਾਣਗੇ। ਇਸ ਮੌਕੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ ਅਤੇ ਜਰਮਨਜੀਤ ਸਿੰਘ ਬੰਡਾਲਾ ਨੇ ਦੱਸਿਆ ਕਿ ਖੇਤੀਬਾੜੀ ਚੀਫ ਅਫਸਰ ਜਤਿੰਦਰ ਗਿੱਲ ਨਾਲ ਜਥੇਬੰਦੀ ਦੇ ਵਫਦ ਵੱਲੋ ਬਾਜ਼ਾਰ ਵਿਚ ਖੇਤੀ ਸਟੋਰਾਂ ਤੇ ਵਿਕ ਰਹੇ ਝੋਨੇ ਦੇ ਘਟੀਆ ਕਿਸਮ ਅਤੇ ਮਹਿੰਗੇ ਮੁੱਲ ਦੇ ਬੀਜਾਂ ਬਾਰੇ ਮੀਟਿੰਗ ਕਰਕੇ ਚਰਚਾ ਕਰਕੇ ਮਹਿਕਮੇ ਨੂੰ ਇਸ ਮਸਲੇ ਨੂੰ ਤੁਰੰਤ ਸ਼ਖਤੀ ਨਾਲ ਨਜਿੱਠਣ ਲਈ ਕਿਹਾ ਗਿਆ।

## ਵਿਦਿਆਰਥੀਆਂ ਵੱਲੋਂ 'ਵੇਸਟ ਮੈਨੇਜਮੈਂਟ' ਪ੍ਰਾਜੈਕਟ ਤਿਆਰ



**ਮਜੀਠਾ (ਸੋਇਮ ਆਨੰਦ)**-ਮਜੀਠਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਕੂਲ ਅਧਿਆਪਕਾਂ ਦੀ ਅਗਵਾਈ ਅਤੇ ਸਕੂਲ ਪ੍ਰਿੰਸੀਪਲ ਮੋਨਾ ਕੌਰ ਦੀ ਨਿਗਰਾਨੀ ਹੇਠ ਵੱਖ-ਵੱਖ ਤਰ੍ਹਾਂ ਦੀਆਂ ਫਾਲਤੂ ਚੀਜ਼ਾਂ ਤੋਂ ਤਿਆਰ ਕੀਤੀਆਂ ਕਲਾ ਕ੍ਰਿਤੀਆਂ ਦਾ ਪ੍ਰਾਜੈਕਟ ਤਿਆਰ ਕੀਤਾ ਗਿਆ। ਇਸ ਪ੍ਰਾਜੈਕਟ ਦਾ ਉਦਘਾਟਨ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਵੱਲੋਂ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਵੱਲੋਂ ਫਾਲਤੂ ਚੀਜ਼ਾਂ ਤੋਂ ਤਿਆਰ ਕੀਤੀਆਂ ਵਸਤਾਂ ਨੂੰ ਵੇਖ ਕੇ ਐੱਸਡੀਐੱਮ ਡਾ: ਢਿੱਲੋਂ ਬਹੁਤ ਪ੍ਰਭਾਵਿਤ ਹੋਏ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਸਾਰੇ ਸਕੂਲ ਦਾ ਦੌਰਾ ਕੀਤਾ ਅਤੇ ਸਕੂਲ ਵਿਚ ਬਣਾਏ ਗਏ ਵਿਦਿਅਕ ਪਾਰਕ ਵੀ ਵੇਖੇ ਅਤੇ ਸ਼ਲਾਘਾ ਕੀਤੀ। ਗੱਲਬਾਤ ਕਰਦਿਆਂ ਡਾ: ਹਰਨੂਰ ਕੌਰ ਢਿੱਲੋਂ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਅਜਿਹੇ ਕੰਮਾਂ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਇਨ੍ਹਾਂ ਵਿਦਿਆਰਥੀਆਂ ਪਾਸੋਂ ਅਜਿਹੇ ਕੰਮ ਕਰਵਾਏ ਜਾਣ ਜਿਹੜੇ ਕਿ ਭਵਿੱਖ ਵਿੱਚ ਉਨ੍ਹਾਂ ਦੇ ਕੰਮ ਆ ਸਕਣ। ਉਨ੍ਹਾਂ ਨੇ ਸਕੂਲ ਪ੍ਰਿੰਸੀਪਲ ਮੋਨਾ ਕੌਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਕੂਲ ਵਿੱਚ 'ਵੇਸਟ ਮੈਨੇਜਮੈਂਟ ਪ੍ਰਾਜੈਕਟ' ਲਗਾਉਣਾ ਬਹੁਤ ਵਧੀਆ ਉਪਰਾਲਾ ਹੈ ਬੱਚਿਆਂ ਵਿੱਚ ਵਾਧੂ ਚੀਜ਼ਾਂ ਨੂੰ ਵਰਤੋਂ ਵਿਚ ਲਿਆ ਕੇ ਇਨ੍ਹਾਂ ਤੋਂ ਹੋਰ ਆਕਰਸ਼ਕ ਚੀਜ਼ਾਂ ਬਣਾਉਣੀਆਂ ਬਹੁਤ ਚੰਗੀ ਸੋਚ ਹੈ। ਉਨ੍ਹਾਂ ਨੇ ਕਿਹਾ ਦੂਸਰੇ ਸਕੂਲਾਂ ਨੂੰ ਵੀ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਅਜਿਹੇ ਕਾਰਜ ਕਰਨੇ ਚਾਹੀਦੇ ਹਨ। ਸਕੂਲ ਪ੍ਰਿੰਸੀਪਲ ਨੇ ਸਕੂਲ ਦੀਆਂ ਵਿੱਦਿਅਕ ਖੇਤਰ, ਖੇਡਾਂ ਦੇ ਖੇਤਰ ਅਤੇ ਹੋਰ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੋਂ ਐੱਸਡੀਐੱਮ ਨੂੰ ਜਾਣੂੰ ਕਰਾਇਆ ਜਿਨ੍ਹਾਂ ਨੇ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਸਕੂਲ ਪ੍ਰਿੰਸੀਪਲ ਮੋਨਾ ਕੌਰ ਅਤੇ ਸਕੂਲ ਅਧਿਆਪਕਾਂ ਨੇ ਐੱਸਡੀਐੱਮ ਡਾ: ਹਰਨੂਰ ਕੌਰ ਢਿੱਲੋਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰਾਜੈਕਟ ਦਾ ਉਦਘਾਟਨ ਕਰਕੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਹੈ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

## ਪੁਲਸ 'ਚ ਭਰਤੀ ਹੋਣ ਲਈ ਖਡੂਰ ਸਾਹਿਬ ਵਿਖੇ ਮੁਫਤ ਤਿਆਰੀ ਕੋਰਸ ਸ਼ੁਰੂ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਸਾਇੰਸ ਐਂਡ ਟ੍ਰੇਨਿੰਗ ਖਡੂਰ ਸਾਹਿਬ ਤੋਂ ਹੁਣ ਤੱਕ 603 ਵਿਦਿਆਰਥੀ ਮੁਫਤ ਟ੍ਰੇਨਿੰਗ ਲੈ ਕੇ ਵੱਖ-ਵੱਖ ਫੋਰਸਜ਼ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ 10 ਲੜਕੀਆਂ ਪੰਜਾਬ ਪੁਲਸ ਵਿੱਚ ਸਿੱਧੇ ਤੌਰ 'ਤੇ ਸਬ-ਇੰਸਪੈਕਟਰ ਵਜੋਂ ਭਰਤੀ ਹੋਈਆਂ ਹਨ। ਇਸੇ ਕਾਰਜ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਇਸ ਸਾਲ ਪੰਜਾਬ ਪੁਲਸ ਤੇ ਹਵਾਲਦਾਰ ਦੇ ਲਿਖਤੀ ਅਤੇ ਸਰੀਰਕ ਇਮਤਿਹਾਨਾਂ ਦੀ ਤਿਆਰੀ ਕਰਵਾਉਣ ਲਈ 4 ਮਹੀਨਿਆਂ ਦਾ ਮੁਫਤ ਕੋਰਸ ਸ਼ੁਰੂ ਕੀਤਾ ਗਿਆ ਹੈ। ਸੰਸਥਾ ਦੇ ਡਾਇਰੈਕਟਰ ਬਲਦੇਵ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਬਾ ਸੇਵਾ ਸਿੰਘ ਜੀ ਵੱਲੋਂ ਇਹ ਬਹੁਤ ਹੀ ਵਧੀਆ ਉਪਰਾਲਾ ਕੀਤਾ ਗਿਆ ਹੈ ਜਿਸ ਨਾਲ ਵਿਦਿਆਰਥੀ ਖਡੂਰ ਸਾਹਿਬ ਵਿਖੇ ਇਨ੍ਹਾਂ ਇਮਤਿਹਾਨਾਂ ਦੀ ਤਿਆਰੀ ਲਈ ਮੁਫਤ ਟ੍ਰੇਨਿੰਗ ਪ੍ਰਾਪਤ ਕਰਕੇ ਆਪਣੀ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਿਲ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕੋਰਸ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਵਿਦਿਆਰਥੀ ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ ਵਿਖੇ ਸਵੇਰ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਕੋਰਸ ਲਈ ਇੱਕ ਦਾਖਲਾ ਪ੍ਰੀਖਿਆ ਰੱਖੀ ਗਈ ਹੈ ਜਿਸਦਾ ਲਿਖਤੀ ਇਮਤਿਹਾਨ ਮਿਤੀ 19 ਮਈ ਨੂੰ ਹੋਵਗਾ ਅਤੇ ਇੰਟਰਵਿਊ ਮਿਤੀ 20 ਮਈ, 2023 ਨੂੰ ਹੋਵੇਗੀ। ਚਾਹਵਾਨ ਵਿਦਿਆਰਥੀ 19 ਮਈ ਤੋਂ ਪਹਿਲਾਂ ਦਾਖਲੇ ਲਈ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

## ਨਸ਼ਾ ਸਮੱਗਲਰ ਗਿਰੋਹ ਦਾ ਪਰਦਾਫਾਸ਼; ਭੁੱਕੀ, ਕਾਰ ਤੇ ਟਰੱਕ ਜ਼ਬਤ



**ਪਠਾਨਕੋਟ, (ਦਵਿੰਦਰ ਸਿੰਘ)**- ਪਠਾਨਕੋਟ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਪੰਜ ਬਦਨਾਮ ਸਮੱਗਲਰਾਂ ਦੇ ਇੱਕ ਗਰੁੱਪ ਤੋਂ ਲੱਖਾਂ ਰੁਪਏ ਦੀ 207 ਕਿਲੋ ਭੁੱਕੀ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਜਬਤ ਐਫਆਈਆਰ ਨੰਬਰ 13 ਮਿਤੀ 08/05/23 ਉ/ਸ 15/61/85 ਐਨਡੀਪੀਐਸ ਐਕਟ ਪੀਐਸ ਨੰਗਲ ਭੂਰ, ਪਠਾਨਕੋਟ ਦਰਜ ਕਰਕੇ ਕੀਤੀ ਗਈ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਸਤਵਿੰਦਰ ਸਿੰਘ, ਰਾਕੇਸ ਕੁਮਾਰ, ਤੇਜਵਿੰਦਰ ਸਿੰਘ, ਗੁਰਬਾਜ ਸਿੰਘ ਅਤੇ ਧਰਮਿੰਦਰ ਸਿੰਘ ਸਾਰੇ ਵਾਸੀ ਲੁਧਿਆਣਾ ਵਜੋਂ ਹੋਈ ਹੈ। ਜਦੋਂ ਸਤਵਿੰਦਰ ਸਿੰਘ, ਰਾਕੇਸ਼ ਕੁਮਾਰ ਅਤੇ ਤੇਜਵਿੰਦਰ ਸਿੰਘ ਰਜਿਸਟ੍ਰੇਸਨ ਨੰਬਰ ਪੀਬੀ 11 ਬੀਆਰ 9443 ਵਾਲੀ ਹੁੰਡਈ ਵਰਨਾ ਕਾਰ ਵਿੱਚ ਜਾ ਰਹੇ ਸਨ, ਤਾਂ ਗੁਰਬਾਜ ਸਿੰਘ ਅਤੇ ਧਰਮਿੰਦਰ ਸਿੰਘ ਰਜਿਸਟ੍ਰੇਸ਼ਨ ਨੰਬਰ ਪੀਬੀ 12 ਐਮ 7631 ਵਾਲੇ ਟਾਟਾ ਟਰੱਕ ਵਿੱਚ ਸਵਾਰ ਸਨ।

ਇਸ ਮੌਕੇ ਪੁਲਸ ਕਪਤਾਨ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਅਸੀਂ ਨਸ਼ਾ ਤਸਕਰੀ ਵਿਰੁੱਧ ਆਪਣੀ ਲੜਾਈ ਵਿਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ।

ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਸ ਪਾਰਟੀ ਨੇ ਰਜਿਸਟ੍ਰੇਸ਼ਨ ਨੰਬਰ ਪੀਬੀ 11 ਬੀਆਰ 9443 ਵਾਲੀ ਹੁੰਡਈ ਵਰਨਾ ਕਾਰ ਨੂੰ ਰੋਕਿਆ, ਜੋ ਕਿ ਰਜਿਸਟ੍ਰੇਸ਼ਨ ਨੰਬਰ ਪੀਬੀ 12 ਐਮ 7631 ਦੇ ਨਾਲ ਇੱਕ ਟਾਟਾ ਟਰੱਕ ਨੂੰ ਲੈ ਕੇ ਜਾ ਰਹੀ ਸੀ। ਪੁਲਸ ਟੀਮ ਦੀ ਅਗਵਾਈ ਥਾਣਾ ਸਦਰ ਦੇ ਐਸ.ਐਚ.ਓ., ਥਾਣਾ ਨੰਗਲ ਭੂਰ ਦੇ ਐਸ.ਆਈ ਸੋਹਰਤ ਮਾਨ ਨੇ ਪੁਲਸ ਪਾਰਟੀ ਸਮੇਤ ਇੱਕ ਵਰਨਾ ਕਾਰ ਸਵਾਰ ਟਰੱਕ ਨੂੰ ਰੋਕ ਕੇ ਟਰੱਕ ਵਿੱਚੋਂ 207 ਭੁੱਕੀ ਬਰਾਮਦ ਕੀਤੀ। ਸਾਰੇ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਐਨਡੀਪੀਐਸ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਐਸਐਸਪੀ ਖੱਖ ਨੇ ਇਸ ਮੁਹਿੰਮ ਵਿੱਚ ਸ਼ਾਮਲ ਟੀਮ ਦੀ ਤੇਜ਼ੀ ਨਾਲ ਕਾਰਵਾਈ ਕਰਨ ਅਤੇ ਖੇਤਰ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਪ੍ਰਤੀ ਸਮਰਪਣ ਦੀ ਸਲਾਘਾ ਕੀਤੀ ਹੈ। ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਸ ਨੇ ਭਰੋਸਾ ਦਿਵਾਇਆ ਹੈ ਕਿ ਉਹ ਲਗਾਤਾਰ ਚੌਕਸ ਰਹਿਣਗੇ ਅਤੇ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕਰਨਗੇ। ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ਾ ਤਸਕਰੀ ਨਾਲ ਸਬੰਧਤ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਦੇਣ ਲਈ ਅੱਗੇ ਆਉਣ। ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਰੈੱਡ ਕਰਾਸ ਦਿਵਸ ਮਨਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਰੈੱਡ ਕਰਾਸ ਦਿਨ ਮਨਾਇਆ ਗਿਆ। ਇਹ ਦਿਨ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਤੇ ਪ੍ਰਿੰਸੀਪਲ ਕਿਰਨ ਕੇਸਰ ਦੇ ਪ੍ਰਬੰਧਾਂ ਹੇਠ ਹੈਨਰੀ ਡੂਨਟ ਦੇ ਜਨਮ ਦਿਨ ਤੇ ਉਨ੍ਹਾਂ ਨੂੰ ਸਨਮਾਨ ਦੇਣ ਲਈ ਮਨਾਇਆ ਗਿਆ। ਸਕੂਲ ਕੈਂਪਸ ਵਿਖੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਦੁਆਰਾ ਲੇਖ ਲਿਖਣ, ਸਲੋਗਨ ਲਿਖਣ ਅਤੇ ਪੋਸਟਰ ਬਣਾਉਣ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਗਤੀਵਿਧੀਆਂ ਲਈ ਸਕੂਲ ਪ੍ਰਿੰਸੀਪਲ ਕਿਰਨ ਕੇਸਰ ਅਤੇ ਸਕੂਲ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਦੀ ਰਹਿਨੁਮਾਈ ਹੇਠ ਬੜੇ ਸੁੱਚੱਜੇ ਢੰਗ ਨਾਲ ਪ੍ਰਬੰਧ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੁਆਰਾ ਰੈੱਡ ਕਰਾਸ ਦੀ ਮਹੱਤਤਾ ਬਾਰੇ ਭਾਸ਼ਣ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਤੇ ਪ੍ਰਿੰ. ਕਿਰਨ ਕੇਸਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਦਿਨ ਹਰ ਸਾਲ 8 ਮਈ ਨੂੰ ਬਿਮਾਰਾਂ ਅਤੇ ਜ਼ਖਮੀਆਂ ਦਾ ਮੁਫਤ ਇਲਾਜ ਕਰਵਾਉਣ ਦੇ ਮੁੱਖ ਉਦੇਸ਼ ਨਾਲ ਮਨਾਇਆ ਜਾਂਦਾ ਹੈ। ਸਾਨੂੰ ਰੈੱਡ ਕਰਾਸ ਦਿਵਸ ਦਾ ਸੰਦੇਸ ਸਾਰੇ ਸਮਾਜ ਦੇ ਵਿੱਚ ਰਹਿੰਦੇ ਲੋਕਾਂ ਨੂੰ ਦੇਣਾ ਚਾਹੀਦਾ ਹੈ ਅਤੇ ਮਰੀਜ਼ਾਂ 'ਤੇ ਜ਼ਖਮੀਆਂ ਦੀ ਮਦਦ ਕਰਨੀ ਚਾਹੀਦੀ ਹੈ।

## ਪਾਣੀ ਦੀ ਨਿਕਾਸੀ ਲਈ ਬਣਿਆ ਨਾਲਾ ਅੱਜ ਵੀ ਨਗਰ ਕੌਂਸਲ ਦੀ ਅਣਗਹਿਲੀ ਦਾ ਸ਼ਿਕਾਰ !



**ਗੁਰਦਾਸਪੁਰ, (ਜਨਕ ਮਹਾਜਨ)**- ਲਾਇਬ੍ਰੇਰੀ ਰੋਡ ਗੁਰਦਾਸਪੁਰ ਸਥਿਤ ਸੜਕ ਕੰਢੇ ਪੈਂਦੇ ਗੰਦੇ ਪਾਣੀ ਦੇ ਨਿਕਾਸ ਲਈ ਬਣੇ ਨਾਲੇ ਦੀ ਖਸਤਾ ਹਾਲਤ ਬਾਰੇ ਨਗਰ ਕੌਂਸਲ ਗੁਰਦਾਸਪੁਰ ਵਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਬਾਰੇ ਅੱਠ ਦਿਨ ਪਹਿਲਾਂ ਵੀ ਅਖ਼ਬਾਰਾਂ ਵਿਚ ਛਪਣ ਦੇ ਬਾਅਦ ਵੀ ਇਸ ਨਾਲੇ ਦੀ ਸਫ਼ਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਨਾ ਹੀ ਕੋਈ ਸਫ਼ਾਈ ਕੀਤੀ ਗਈ ਹੈ। ਇਹ ਨਾਲਾ ਗੋਲਡਨ ਸਕੂਲ ਗਲੀ ਤੋਂ ਲੈ ਕੇ ਡਾਕਟਰ ਅਸ਼ੋਕ ਮਹਾਜਨ ਦੀ ਗਲੀ ਤੱਕ ਦੀ ਹਾਲਤ ਕਾਫ਼ੀ ਖਸਤਾ ਹੈ। ਖ਼ਾਸ ਕਰਕੇ ਇਸ ਸੜਕ 'ਤੇ ਪੈਂਦੇ ਪੰਜਾਬ ਨੈਸ਼ਨਲ ਬੈਂਕ ਅੱਗੇ ਖੁੱਲ੍ਹੇ ਨਾਲੇ ਦੀ ਹਾਲਤ ਕਾਫ਼ੀ ਬਦਤਰ ਹੋਈ ਪਈ ਹੈ ਜਦਕਿ ਜ਼ਿਆਦਾਤਰ ਨਾਲਾ ਕਈ ਜਗ੍ਹਾ ਤੋਂ ਢਕਿਆ ਹੋਇਆ ਹੈ। ਇਸ ਨਾਲੇ ਦੀ ਹਾਲਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ ਹੈ ਅਤੇ ਨਾਲੇ ਵਿਚ ਗੰਦਗੀ ਦੇ ਅੰਬਾਰ ਲੱਗੇ ਹੋਏ ਹਨ ਤੇ ਨਾਲਾ ਗੰਦਗੀ ਨਾਲ ਓਵਰਫਲੋ ਹੋ ਗਿਆ ਹੈ। ਇਸ ਨਾਲੇ ਵਿਚ ਗੰਦਗੀ ਜਮਾਂ ਹੋਣ ਕਾਰਨ ਕਾਫ਼ੀ ਬਦਬੂ ਆਉਂਦੀ ਰਹਿੰਦੀ ਹੈ ਅਤੇ ਮੱਖੀ, ਮੱਛਰ ਦੀ ਵੀ ਭਰਮਾਰ ਰਹਿੰਦੀ ਹੈ ਜਿਸ ਨਾਲ ਕੋਈ ਵੀ ਭਿਆਨਕ ਬਿਮਾਰੀ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ। ਪੰਜਾਬ ਨੈਸ਼ਨਲ ਬੈਂਕ ਹਨੂੰਮਾਨ ਚੌਂਕ ਬਰਾਂਚ ਅੱਗੇ ਬਣੇ ਨਾਲੇ ਦੀ ਗੰਦਗੀ ਦੀ ਬਦਬੂ ਕਾਰਨ ਬੈਂਕ ਵਿਚ ਆਉਣ ਵਾਲੇ ਖਾਤਾਧਾਰਕਾਂ ਨੂੰ ਕਾਫ਼ੀ ਮੁਸ਼ਕਿਲ ਪੇਸ਼ ਆਉਂਦੀ ਹੈ। ਲੋਕਾਂ ਨੇ ਦੱਸਿਆ ਕਿ ਨਾਲੇ ਵਿਚ ਪਈ ਗੰਦਗੀ ਕਾਰਨ ਮੱਖੀ, ਮੱਛਰ ਕਾਰਨ ਹਰ ਸਮੇਂ ਬਦਬੂ ਫੈਲਣ ਕਾਰਨ ਕੋਈ ਭਿਆਨਕ ਬਿਮਾਰੀ ਫੈਲ ਸਕਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਜਦਕਿ ਪੂਰੇ ਭਾਰਤ ਵਿਚ ਕੋਰੋਨਾ ਬਿਮਾਰੀ ਨੇ ਦਸਤਕ ਦੇ ਦਿੱਤੀ ਹੈ ਉਥੇ ਪੰਜਾਬ ਵਿਚ ਵੀ ਇਕਾ ਦੁਕਾ ਕੇਸ ਸੁਣਨ ਨੂੰ ਮਿਲ ਰਿਹਾ ਹੈ। ਲੋਕਾਂ ਦੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਪਾਸੋਂ ਮੰਗ ਹੈ ਕਿ ਪੰਜਾਬ ਨੈਸ਼ਨਲ ਬੈਂਕ ਹਨੂੰਮਾਨ ਚੌਂਕ ਗੁਰਦਾਸਪੁਰ ਅੱਗੇ ਗੰਦੇ ਪਾਣੀ ਦੇ ਨਿਕਾਸ ਲਈ ਬਣੇ ਨਾਲੇ ਦੀ ਅਚਨਚੇਤ ਚੈਕਿੰਗ ਕਰਵਾਈ ਜਾਵੇ ਅਤੇ ਇਸ ਨਾਲੇ ਦੀ ਸਫ਼ਾਈ ਵੱਲ ਜ਼ਰੂਰੀ ਹਦਾਇਤਾਂ ਜਾਰੀ ਕਰਨ ਤੋਂ ਇਲਾਵਾ ਲਾਇਬ੍ਰੇਰੀ ਰੋਡ ਸੜਕ ਦੀ ਸਫ਼ਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਜ਼ਿਕਰਯੋਗ ਹੈ ਕਿ ਲਾਇਬ੍ਰੇਰੀ ਰੋਡ ਦੀ ਸਫ਼ਾਈ ਸਵੇਰੇ ਦੇਰ ਨਾਲ ਹੁੰਦੀ ਹੈ। ਅਕਸਰ ਵੇਖਣ ਵਿਚ ਆਇਆ ਹੈ ਕਿ ਇਸ ਸੜਕ ਦੀ ਸਫ਼ਾਈ 9-10 ਵਜੇ ਤੱਕ ਅਧੂਰੀ ਰਹਿੰਦੀ ਹੈ।

## ਹੈਰੀਟੇਜ ਸਟ੍ਰੀਟ ਧਮਾਕਿਆਂ ਦੀ ਜਾਂਚ ਦੌਰਾਨ ਕੋਈ ਵੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਸਖੀਰਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਸੇਵਾ, ਸਿਮਰਨ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਹਰਿਮੰਦਰ ਸਾਹਿਬ ਨੂੰ ਜਾਣ ਵਾਲੀ ਹੈਰੀਟੇਜ ਸਟ੍ਰੀਟ ਵਿਖੇ ਬੀਤੇ ਦਿਨੀਂ ਲਗਾਤਾਰ ਹੋਏ ਲੜੀਵਾਰ ਧਮਾਕਿਆਂ ਦੀ ਉੱਚ ਤਾਕਤੀ ਸੁਰੱਖਿਆ ਏਜੰਸੀ ਦੇ ਕੋਲੋਂ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਸੰਨ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ ਨੇ ਇਸ ਨੂੰ ਸਿੱਖ ਪੰਥ ਅਤੇ ਸਿੱਖ ਕੌਮ ਦੇ ਦੋਖੀਆਂ ਦੀ ਗਿਣੀ ਮਿਥੀ ਸਾਜਿਸ਼ ਕਰਾਰ ਦਿੱਤਾ ਹੈ। ਜਾਂਚ ਦੌਰਾਨ ਕਿਸੇ ਵੀ ਕਿਸਮ ਦੀ ਢਿੱਲ ਮੱਠ ਤੇ ਲਿਹਾਜ਼ ਨੂੰ ਨਜ਼ਰਅੰਦਾਜ ਕਰਨ ਬਾਬਤ ਵੀ ਕਿਹਾ ਗਿਆ ਹੈ। ਭਾਈ ਜਰਨੈਲ ਸਿੰਘ ਸਖੀਰਾ ਨੇ ਕਿਹਾ ਕਿ ਗੁਰੂ ਘਰ ਨਤਮਸਤਕ ਹੋਣ ਆਉਣ ਵਾਲੇ ਸ਼ਰਧਾਲੂਆਂ ਦੇ ਲਈ ਹੈਰੀਟੇਜ ਸਟ੍ਰੀਟ ਦੀ ਅਹਿਮ ਭੂਮਿਕਾ ਹੈ। ਭੇਦ ਭਰੇ ਹਾਲਾਤ ਵਿੱਚ ਸਿਲਸਿਲੇਵਾਰ ਧਮਾਕੇ ਹੋਣਾ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸੁਰੱਖਿਆ ਏਜੰਸੀਆਂ ਤੇ ਪੰਜਾਬ ਪੁਲਸ ਦੀ ਕਾਰਜਸ਼ੈਲੀ ਨੂੰ ਪ੍ਰਸ਼ਨ ਚਿੰਨ੍ਹਾ ਦੇ ਘੇਰੇ ਵਿੱਚ ਲਿਆਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਕੁਦਰਤੀ ਤੌਰ 'ਤੇ ਕਿਸੇ ਵੀ ਸ਼ਰਧਾਲੂ ਦਾ ਕੋਈ ਜਾਨੀ ਮਾਲੀ ਨੁਕਸਾਨ ਨਹੀਂ ਹੋਇਆ ਪਰ ਸੇਵਾ, ਸਿਮਰਨ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੀ ਹੈਰੀਟੇਜ ਸਟ੍ਰੀਟ ਤੇ ਅਜਿਹਾ ਕੁੱਝ ਵਾਪਰਨਾ ਸਮੁੱਚੀ ਸਿੱਖ ਕੌਮ ਤੇ ਪੰਥ ਨੂੰ ਹਜ਼ਮ ਹੋਣ ਵਾਲਾ ਨਹੀਂ। ਉਨ੍ਹਾਂ ਕਿਹਾ ਕਿ ਇਹ ਸਿਰਫ ਤੇ ਸਿਰਫ ਗੁਰੂ ਘਰ ਦੇ ਦੋਖੀਆਂ ਦੇ ਵੱਲੋਂ ਸ਼ਰਧਾਲੂਆਂ ਦੇ ਵਿੱਚ ਡਰ ਤੇ ਖੌਫ ਪੈਦਾ ਕਰਨ ਦੇ ਨਾਲ ਨਾਲ ਸਿੱਖ ਕੌਮ ਤੇ ਪੰਥ ਨੂੰ ਬਦਨਾਮ ਕਰਨ ਲਈ ਰੱਚੀ ਗਈ ਸਾਜ਼ਿਸ਼ ਦਾ ਹਿੱਸਾ ਹੈ ਜਿਸ ਨੂੰ ਲੈ ਕੇ ਪੰਜਾਬ ਦੀ ਆਪ ਸਰਕਾਰ ਤੇ ਪੁਲਿਸ ਮੁੱਖੀ ਡੀਜੀਪੀ ਗੌਰਵ ਯਾਦਵ ਦੇ ਵੱਲੋਂ ਫੋਕੀ ਬਿਆਨਬਾਜ਼ੀ ਕਰਕੇ ਤੇ ਇਸ ਦੇ ਲਈ ਵਿਸ਼ੇਸ਼ ਜਾਂਚ ਟੀਮ ਦਾ ਗੱਠਨ ਕਰਨ ਦੇ ਨਾਲ ਹੀ ਜ਼ਿੰਮੇਵਾਰੀ ਨਹੀਂ ਖਤਮ ਹੋ ਜਾਦੀ। ਰੋਜ਼ਮਰਾ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਦੇ ਲਈ ਸਮੁੱਚੀਆਂ ਸਰਕਾਰੀ ਧਿਰਾਂ ਜ਼ਿੰਮੇਵਾਰ ਹਨ। ਭਾਈ ਜਰਨੈਲ ਸਿੰਘ ਸਖੀਰਾ ਨੇ ਕਿਹਾ ਕਿ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵੱਡੇ ਪੱਧਰ ਤੇ ਹੋ ਰਹੀਆਂ ਬੇਅੱਦਬੀ ਦੀਆਂ ਘਟਨਾਵਾ ਦੇ ਦੌਰਾਨ ਅਜਿਹਾ ਕੁੱਝ ਵਾਪਰਨਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਿੱਖਾਂ ਦੀਆਂ ਵਿਰੋਧੀ ਜ਼ਮਾਤਾ ਨੂੰ ਘੱਟ ਗਿਣਤੀ ਸਿੱਖ ਕੌਮ ਦੀ ਚੜ੍ਹਤ ਬਰਦਾਸ਼ਤ ਨਹੀਂ ਹੁੰਦੀ ਜਿਸ ਦੇ ਚੱਲਦਿਆਂ ਅਜਿਹੀਆਂ ਘਿਨੌਣੀਆਂ ਘਟਨਾਵਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ ਜਿਸ ਦਾ ਸਿੱਖ ਪੰਥ ਤੇ ਕੌਮ ਸਮੇਂ ਸਿਰ ਮਾਕੂਲ ਜਵਾਬ ਦੇਣਾ ਜਾਣਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾ ਕੌਮ ਤੇ ਪੰਥ ਦੇ ਵਿੱਚ ਡਰ ਤੇ ਖੌਫ ਕਦੀ ਵੀ ਪੈਦਾ ਨਹੀਂ ਕਰ ਸਕਦੀਆਂ। ਭਾਈ ਜਰਨੈਲ ਸਿੰਘ ਸਖੀਰਾ ਨੇ ਕਿਹਾ ਕਿ ਇਨ੍ਹਾਂ ਧਮਾਕਿਆਂ ਦੀ ਜਾਂਚ ਦੇ ਦੌਰਾਨ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਦੀ ਸਾਫ ਤੇ ਸ਼ਪੱਸ਼ਟ ਤਸਵੀਰ ਉੱਭਰ ਕੇ ਸਾਹਮਣੇ ਆਉਣਾ ਸਮੇਂ ਦੀ ਮੰਗ ਅਤੇ ਲੋੜ ਹੈ। ਉਨ੍ਹਾਂ ਦੇਸ਼ ਵਿਦੇਸ਼ ਦੇ ਸਿੱਖ ਭਾਈਚਾਰੇ ਤੇ ਹੋਰ ਗੁਰੂ ਘਰ ਦੇ ਪਿਆਰਿਆਂ ਨੂੰ ਇਸ ਮਾਮਲੇ ਦੀ ਨਿਰਪੱਖ ਜਾਂਚ ਦੇ ਲਈ ਕੇਂਦਰ ਤੇ ਪੰਜਾਬ ਸਰਕਾਰ 'ਤੇ ਦਬਾਅ ਵਧਾਉਣ ਲਈ ਇੱਕ ਮੁੱਠ ਤੇ ਇੱਕ ਜੁੱਟ ਹੋਣ ਦੀ ਅਪੀਲ ਵੀ ਕੀਤੀ ਹੈ। ਉਨ੍ਹਾਂ ਨੇ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੇ ਕੋਲੋਂ ਕਿਸੇ ਰਹੱਸ ਤੋਂ ਜਲਦ ਤੋਂ ਜਲਦ ਪਰਦਾ ਉਠਾਉਣ ਦੀ ਮੰਗ ਵੀ ਦੋਹਰਾਈ ਹੈ।

ਨਵਾਂ ਜ਼ਮਾਨਾ
ਵੀਰਵਾਰ, 11 ਮਈ 2023

## ਸਮੇਂ ਤੋਂ ਪਹਿਲਾਂ ਜਨਮ

ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੁਨੀਆ ਭਰ ਵਿਚ ਚੱਲ ਰਹੀਆਂ ਲੜਾਈਆਂ, ਜਲਵਾਯੂ ਪਰਿਵਰਤਨ ਤੇ ਕੋਰੋਨਾ ਮਹਾਂਮਾਰੀ ਨੇ ਮਹਿਲਾਵਾਂ ਤੇ ਬੱਚਿਆਂ ਲਈ ਖਤਰਾ ਵਧਾ ਦਿੱਤਾ ਹੈ। ਖਾਸਕਰ ਬੱਚਿਆਂ ’ਚ ਸਮੇਂ ਤੋਂ ਪਹਿਲਾਂ ਜਨਮ ਦੀ ਸਮੱਸਿਆ ਵਧੀ ਹੈ। ਰਿਪੋਰਟ ’ਚ ਦੱਸਿਆ ਗਿਆ ਹੈ ਕਿ ਸਾਲ 2020 ਵਿਚ ਹੀ ਦੁਨੀਆ ਭਰ ’ਚ ਕਰੀਬ ਇਕ ਕਰੋੜ 30 ਲੱਖ ਬੱਚਿਆਂ ਦਾ ਜਨਮ ਸਮੇਂ ਤੋਂ ਪਹਿਲਾਂ ਹੋਇਆ। ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ 45 ਫੀਸਦੀ ਬੱਚਿਆਂ ਦਾ ਜਨਮ ਸਿਰਫ ਪੰਜ ਦੇਸ਼ਾਂ ’ਚ ਹੋਇਆ, ਜਿਨ੍ਹਾਂ ’ਚ ਪਾਕਿਸਤਾਨ, ਨਾਇਜੀਰੀਆ, ਇਥੋਪੀਆ ਤੇ ਚੀਨ ਦੇ ਨਾਲ ਭਾਰਤ ਵੀ ਹੈ। ‘ਬੋਰਨ ਟੂ ਸੂਨ : ਡਿਕੇਡ ਆਫ ਐਕਸ਼ਨ ਔਨ ਪ੍ਰੀਟਰਮ ਬਰਥ’ ਨਾਂਅ ਦੀ ਰਿਪੋਰਟ ’ਚ ਖੁਲਾਸਾ ਕੀਤਾ ਗਿਆ ਹੈ ਕਿ ਬੱਚਿਆਂ ਦਾ ਸਮੇਂ ਤੋਂ ਪਹਿਲਾਂ ਜਨਮ ਇਕ ਹੰਗਾਮੀ ਸਥਿਤੀ ਹੈ ਤੇ ਇਹ ਬੱਚਿਆਂ ਦੀ ਸਿਹਤ ’ਤੇ ਬੁਰਾ ਅਸਰ ਪਾਉਂਦੀ ਹੈ। 2020 ਵਿਚ ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ 134 ਲੱਖ ਬੱਚਿਆਂ ਵਿੱਚੋਂ ਕਰੀਬ 10 ਲੱਖ ਦੀ ਮੌਤ ਹੋ ਗਈ ਸੀ। ਬੰਗਲਾਦੇਸ਼ ਵਿਚ ਸਮੇਂ ਤੋਂ ਪਹਿਲਾਂ (ਗਰਭ ਦੇ 40 ਹਫਤਿਆਂ ਦੀ ਥਾਂ 37 ਹਫਤਿਆਂ ਤੋਂ ਪਹਿਲਾਂ) ਜਨਮ ਲੈਣ ਵਾਲੇ ਬੱਚਿਆਂ ਦਾ ਅੰਕੜਾ ਸਭ ਤੋਂ ਵੱਧ 16.2 ਫੀਸਦੀ ਹੈ। ਇਸ ਦੇ ਬਾਅਦ ਮਲਾਵੀ ਤੇ ਪਾਕਿਸਤਾਨ ਦਾ ਨੰਬਰ ਆਉਂਦਾ ਹੈ। ਰਿਪੋਰਟ ਮੁਤਾਬਕ ਦੁਨੀਆ ਨੇ ਪਿਛਲੇ ਦਹਾਕੇ ’ਚ ਡਾਕਟਰੀ ਦੇ ਖੇਤਰ ਵਿਚ ਕਾਫੀ ਪ੍ਰਗਤੀ ਕੀਤੀ ਹੈ, ਪਰ ਸਮੇਂ ਤੋਂ ਪਹਿਲਾਂ ਬੱਚਿਆਂ ਦੇ ਜਨਮ ਜਾਂ ਉਨ੍ਹਾਂ ਦੀ ਗਿਣਤੀ ਘਟਾਉਣ ਵਿਚ ਕੋਈ ਪ੍ਰਗਤੀ ਨਹੀਂ ਹੋਈ। ਸਮਾਂ ਹੈ ਕਿ ਗਰਭਵਤੀਆਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ ਅਤੇ ਨਵ-ਜੰਮਿਆਂ ਤੇ ਬੱਚਿਆਂ ਦੀ ਚੰਗੀ ਸਿਹਤ ਯਕੀਨੀ ਬਣਾਈ ਜਾਏ। ਸਮੇਂ ਤੋਂ ਪਹਿਲਾਂ ਜਨਮ ਬੱਚਿਆਂ ਦੀਆਂ ਮੌਤਾਂ ਦਾ ਵੱਡਾ ਕਾਰਨ ਹੈ। ਅਜਿਹੇ ਪੰਜ ਵਿੱਚੋਂ ਇਕ ਬੱਚੇ ਦੀ ਪੰਜ ਸਾਲਾਂ ਦੀ ਉਮਰ ਤੋਂ ਪਹਿਲਾਂ ਮੌਤ ਹੋ ਜਾਂਦੀ ਹੈ। ਜਿਹੜੇ ਬਚਦੇ ਹਨ, ਉਨ੍ਹਾਂ ਨੂੰ ਅਪੰਗਤਾ ਤੇ ਹੋਰ ਅਢੁੱਕਵੇਂ ਵਿਕਾਸ ਦਾ ਸਾਹਮਣਾ ਕਰਨਾ ਪੈਂਦਾ ਹੈ। ਗਰੀਬ ਦੇਸ਼ਾਂ ਵਿਚ ਤਾਂ ਇਨ੍ਹਾਂ ਦੀ ਹਾਲਤ ਬਹੁਤ ਬਦਤਰ ਹੁੰਦੀ ਹੈ, ਜਿੱਥੇ 10 ਵਿੱਚੋਂ ਇਕ ਹੀ ਸਹੀ-ਸਲਾਮਤ ਰਹਿੰਦਾ ਹੈ। ਗਰੀਬੀ ਤੇ ਸਿਹਤ ਸਹੂਲਤਾਂ ਦੀ ਕਮੀ ਤਾਂ ਬੱਚਿਆਂ ਦੀਆਂ ਮੌਤਾਂ ਦਾ ਕਾਰਨ ਬਣਦੀਆਂ ਹੀ ਹਨ, ਹਵਾ ਦਾ ਪ੍ਰਦੂਸ਼ਣ ਵੀ ਬਹੁਤ ਬੁਰਾ ਅਸਰ ਪਾਉਂਦਾ ਹੈ। ਇਸ ਨਾਲ ਹਰ ਸਾਲ ਲੱਖਾਂ ਬੱਚੇ ਸਮੇਂ ਤੋਂ ਪਹਿਲਾਂ ਪੈਦਾ ਹੋ ਜਾਂਦੇ ਹਨ।

## ਨੌਜਵਾਨਾਂ ’ਚ ਘਟ ਰਹੀ ਸਹਿਣਸ਼ੀਲਤਾ

**ਲੈਕਚਰਾਰ ਲਲਿਤ ਗੁਪਤਾ**

ਇਹ ਸੱਚ ਹੈ ਕਿ ਪੁਰਾਣੇ ਸਮਿਆਂ ਦੇ ਮੁਕਾਬਲੇ ਅੱਜ ਜੀਵਨ ਦੀ ਰਫਤਾਰ ਬਹੁਤ ਤੇਜ਼ ਹੋ ਗਈ ਹੈ। ਅੱਜਕੱਲ੍ਹ ਲੋਕਾਂ ਕੋਲ ਕੰਮ ਜ਼ਿਆਦਾ ਹੈ ਅਤੇ ਸਮਾਂ ਵੀ ਘੱਟ ਹੈ। ਅੱਜ ਹਰ ਕੋਈ ਬਹੁਤ ਵਿਅਸਤ ਅਤੇ ਤਣਾਅ ਵਿੱਚ ਹੈ। ਉਹ ਥੋੜ੍ਹੀ ਜਿਹੀ ਦੇਰੀ ਵੀ ਬਰਦਾਸ਼ਤ ਨਹੀ ਕਰ ਸਕਦਾ। ਕਿਸੇ ਕੰਮ ਲਈ ਥੋੜ੍ਹਾ ਜਿਹਾ ਇੰਤਜ਼ਾਰ ਕਰਨਾ ਵੀ ਜਾਇਜ਼ ਨਹੀਂ ਸਮਝਦਾ। ਜ਼ਿੰਦਗੀ ਵਿੱਚ ਸਭ ਕੁਝ ਸਭ ਤੋਂ ਜ਼ਿਆਦਾ ਅਤੇ ਸਭ ਤੋਂ ਪਹਿਲਾਂ ਹਾਸਲ ਕਰਨ ਦੀ ਦੌੜ ਨੌਜਵਾਨਾਂ ਨੂੰ ਅਸਹਿਣਸ਼ੀਲ ਬਣਾ ਰਹੀ ਹੈ। ਉਨ੍ਹਾਂ ਦਾ ਵਿਹਾਰ ਹਮਲਾਵਰ ਹੁੰਦਾ ਜਾ ਰਿਹਾ ਹੈ। ਇਸ ਕਾਰਨ ਨੌਜਵਾਨਾਂ ਵਿੱਚ ਚਿੰਤਾ, ਡਿਪਰੈਸ਼ਨ ਅਤੇ ਹਾਈਪਰਟੈਨਸ਼ਨ ਵਰਗੀਆਂ ਮਨੋਵਿਗਿਆਨਕ ਸਮੱਸਿਆਵਾਂ ਤੇਜ਼ੀ ਨਾਲ ਵਧ ਰਹੀਆਂ ਹਨ।

ਸੜਕਾਂ ’ਤੇ ਵਾਹਨ ਚਲਾਉਂਦੇ ਸਮੇਂ ਅਕਸਰ ਝਗੜਿਆਂ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜੋ ਕਈ ਵਾਰ ਭਿਆਨਕ ਰੂਪ ਧਾਰਨ ਕਰ ਲੈਂਦੀਆਂ ਹਨ। ਕਈ ਵਾਰ ਇਹ ਘਟਨਾਵਾਂ ਹਿੰਸਕ ਅਤੇ ਘਾਤਕ ਵੀ ਸਾਬਤ ਹੁੰਦੀਆਂ ਹਨ, ਜੋ ਅੱਜ ਦੇ ਨੌਜਵਾਨਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਕਈ ਵਾਰ ਦੋ ਵਾਹਨ ਅਜਿਹੀ ਜਗ੍ਹਾ ’ਤੇ ਫਸ ਜਾਂਦੇ ਹਨ ਕਿ ਇਕ ਧਿਰ ਨੂੰ ਪਿੱਛੇ ਕਰਨਾ ਪੈਂਦਾ ਹੈ, ਪਰ ਇਸ ਵਿਚ ਵੀ ਅਸੀਂ ਵਾਹਨ ਨੂੰ ਪਿੱਛੇ ਕਰਨ ਲਈ ਆਪਣੇ ਆਪ ਨੂੰ ਘਟੀਆ ਸਮਝਣਾ ਸ਼ੁਰੂ ਕਰ ਦਿੰਦੇ ਹਾਂ। ਕਈ ਵਾਰ ਮਾਮਲਾ ਇਸ ਹੱਦ ਤੱਕ ਵਧ ਜਾਂਦਾ ਹੈ ਕਿ ਨੌਬਤ ਲੜਾਈ-ਝਗੜੇ ਤੱਕ ਵੀ ਹੋ ਜਾਂਦੀ ਹੈ।

ਜਿਥੋਂ ਤੱਕ ਨੌਜਵਾਨਾਂ ਵਿੱਚ ਸਹਿਣਸ਼ੀਲਤਾ ਘਟ ਰਹੀ ਹੈ, ਇਸ ਦਾ ਮੁੱਖ ਕਾਰਨ ਨਵੀਂ ਪੀੜ੍ਹੀ ਦਾ ਮਹੱਤਵ ਆਕੰਕਸ਼ੀ ਅਤੇ ਬਹੁਤ ਉਤਸ਼ਾਹੀ ਹੋਣਾ ਹੈ। ਉਹ ਧਨ-ਦੌਲਤ ਅਤੇ ਸ਼ੋਹਰਤ ਹਾਸਲ ਕਰਨ ਦੀ ਦੌੜ ਵਿੱਚ ਦਿਨ-ਰਾਤ ਰੁੱਝਿਆ ਹੋਇਆ ਹੈ। ਉਸ ਕੋਲ ਕੋਈ ਸਬਰ ਨਹੀਂ ਹੈ। ਇਸੇ ਕਾਰਨ ਨਵੀਂ ਪੀੜ੍ਹੀ ਦੇ ਲੋਕ ਦੂਜਿਆਂ ਦੀ ਗੱਲ ਸੁਣਨ ਅਤੇ ਸਮਝਣ ਲਈ ਤਿਆਰ ਨਹੀਂ ਹਨ। ਇਸ ਲਈ ਅੱਜ ਸਾਡੇ ਜੀਵਨ ’ਤੇ ਦੁੱਖ ਅਤੇ ਤਣਾਅ ਹਾਵੀ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਅਸੀਂ ਛੋਟੀਆਂ-ਛੋਟੀਆਂ ਮੁਸੀਬਤਾਂ ਕਾਰਨ ਜਲਦੀ ਡਰ ਜਾਂਦੇ ਹਾਂ ਅਤੇ ਗੁੱਸੇ ਹੋ ਜਾਂਦੇ ਹਾਂ। ਅੱਜ ਦੇ ਨੌਜਵਾਨਾਂ ਕੋਲ ਆਪਣੇ ਬਜ਼ੁਰਗ ਮਾਪਿਆਂ ਲਈ ਵੀ ਸਮਾਂ ਨਹੀਂ ਹੈ। ਅੱਜ ਦੇ ਨੌਜਵਾਨ ਸਿਰਫ ਆਪਣੀ ਤਰੱਕੀ ਬਾਰੇ ਹੀ ਸੋਚਦੇ ਹਨ, ਪਰ ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਇੱਥੇ ਨੌਜਵਾਨਾਂ ਦੀ ਜ਼ਿੰਮੇਵਾਰੀ ਵੀ ਵਧ ਜਾਂਦੀ ਹੈ ਕਿਉਂਕਿ ਆਪਣੀ ਉਮਰ ਵਧਣ ਕਾਰਨ ਪੁਰਾਣੀ ਪੀੜ੍ਹੀ ਦੇ ਲੋਕ ਆਪਣੇ ਅੰਦਰ ਬਹੁਤਾ ਬਦਲਾਅ ਨਹੀਂ ਲਿਆ ਸਕਦੇ। ਅੱਜ ਲੋੜ ਹੈ ਕਿ ਅਸੀਂ ਅਤੇ ਸਾਡੀ ਨੌਜਵਾਨ ਪੀੜ੍ਹੀ ਸਹਿਣਸ਼ੀਲ ਹੋਈਏ ਤਾਂ ਜੋ ਸਾਡੇ ਕੰਮਾਂ ਅਤੇ ਵਿਹਾਰ ਤੋਂ ਕਿਸੇ ਨੂੰ ਠੇਸ ਨਾ ਪਹੁੰਚੇ।

# ਸੰਪਰਕ : 9781590500

# ਉਦਾਰੀਕਰਨ ਨੈਤਿਕ ਅਤੇ ਸਮਾਜਕ ਕਦਰਾਂ-ਕੀਮਤਾਂ ਦੀ ਗਿਰਾਵਟ ਦਾ ਕਾਰਨ-1


ਪਵਨ ਕੁਮਾਰ ਕੌਸ਼ਲ

ਸਾਮਰਾਜੀ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਅੱਜ ਸਾਰੇ ਵਿਸ਼ਵ ਅੰਦਰ ਵੱਡੀ ਉੱਥਲ-ਪੁਥਲ ਪੈਦਾ ਕਰ ਦਿੱਤੀ ਹੈ। ਵਿਸ਼ਵੀਕਰਨ ਵਿਸ਼ਵ ਆਰਥਕਤਾ ਦੇ ਵਪਾਰ ਦਾ ਉਦਾਰੀਕਰਨ ਰਾਹੀਂ ਨਿਵੇਸ਼ ਅਤੇ ਬੰਦਸ਼ਾਂ ਤੋਂ ਆਜ਼ਾਦ ਕਰਨਾ ਅਤੇ ਕਾਰੋਬਾਰ (ਬਿਜ਼ਨੈੱਸ) ਦਾ ਨਿੱਜੀਕਰਨ ਰਾਹੀਂ ਇੱਕਤਰੀਕਰਨ ਕਰ ਦਿੱਤਾ ਜਾਂਦਾ ਹੈ ਤਾਂ ਜੋ ਬਹੁ-ਕੌਮੀ ਕਾਰਪੋਰੇਸ਼ਨਾ ਕੌਮੀ ਸਰਹੱਦਾਂ ਤੋਂ ਬਾਹਰ ਅਜਾਦੀ ਨਾਲ ਕੰਮ ਕਰ ਸਕਣ। ਅਮਰੀਕਾ ਅਤੇ ਯੂਰਪੀ ਦੇਸ਼ਾਂ ਦੀ ਅਰਥ-ਵਿਵਸਥਾ ਪਿਛਲੇ 4-5 ਸਾਲਾਂ ਤੋਂ ਗੰਭੀਰ ਆਰਥਕ ਸੰਕਟ ਦਾ ਸ਼ਿਕਾਰ ਹੈ। ਵਿਕਸਤ ਦੇਸ਼ਾਂ ਅੰਦਰ ਲਗਾਤਾਰ ਵਧ ਰਹੀ ਮਹਿੰਗਾਈ, ਬੇ-ਰੁਜ਼ਗਾਰੀ, ਉਜਰਤਾਂ ਵਿੱਚ ਕਟੌਤੀ ਅਤੇ ਕਾਰਪੋਰੇਟ ਸੈਕਟਰ ਦੇ ਅੰਨ੍ਹੇ ਮੁਨਾਫੇ ਵਿੱਰੁਧ ਸਾਰੇ ਵਿਸ਼ਵ ਅੰਦਰ ਹਾਹਾਕਾਰ ਮਚੀ ਹੋਈ ਹੈ ਅਤੇ ਲਹਿਰ ਉੱਠ ਰਹੀ ਹੈ, ਇਸ ਲਹਿਰ ਦਾ ਮੁੱਖ ਨਾਹਰਾ ਹੈ ‘ਨੋ ਕਾਰਪੋਰੇਟ ਗਰੀਡ’ (ਕਾਰਪੋਰੇਟ ਅਦਾਰਿਆਂ ਨੂੰ ਮੁਨਾਫਾ ਨਹੀਂ)। ਅਜਿਹਾ ਸਭ ਕੁਝ ਵਿਸ਼ਵੀਕਰਨ ਦੀਆਂ ਉਪਰੋਕਤ ਨੀਤੀਆਂ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਕਾਰਨ ਹੋ ਰਿਹਾ ਹੈ। ਏਸ਼ੀਆਈ ਦੇਸ਼ਾਂ ਦਾ ਪੱਛਮੀਂ ਦੇਸ਼ਾਂ ਦੇ ਮੁਕਾਬਲੇ ਉਠ ਖੜੇ ਹੋਣ ਨਾਲ ਸਰਮਾਏਦਾਰ ਵਿਕਸਤ ਦੇਸ਼ਾਂ ਦੀਆਂ ਬਰਾਮਦਾਂ ਘਟਣ ਅਤੇ ਉਨ੍ਹਾਂ ਤੋਂ ਹੁੰਦੀ ਲੁੱਟ ਦੇ ਘਟਣ ਨਾਲ ਉਨ੍ਹਾਂ ਦੇਸ਼ਾਂ ਦੇ ਉਤਪਾਦਨ ਵਿੱਚ ਖੜੋਤ ਆ ਗਈ, ਜਿਹੜਾ ਵਿਕਸਤ ਦੇਸ਼ਾਂ ਦੇ ਆਰਥਕ ਸੰਕਟ ਦੇ ਕਾਰਨਾਂ ਵਿਚੋਂ ਇੱਕ ਕਾਰਨ ਵੀ ਹੈ। ਸਾਮਰਾਜੀ ਦੇਸ਼ਾਂ ਅੰਦਰ ਆਈ ਇਸ ਖੜੋਤ ਨੂੰ ਤੋੜਨ ਲਈ ਉਨ੍ਹਾਂ ਵਾਸਤੇ ਵਿਸ਼ਵ ਮੰਡੀ ਦੀ ਲੋੜ ਹੁੰਦੀ ਹੈ ਅਤੇ ਵਿਸ਼ਵੀਕਰਨ ਇਸੇ ਦੀ ਮਾਂ ਹੈ।

ਵਿਸ਼ਵ ਸਾਮਰਾਜਵਾਦੀ ਦੇਸ਼, ਜਿਨ੍ਹਾਂ ਦੀ ਅਗਵਾਈ ਅਮਰੀਕਨ ਸਾਮਰਾਜਵਾਦ ਕਰ ਰਿਹਾ ਹੈ, ਨੇ 1980ਵਿਆਂ ਤੋਂ ਸ਼ੁਰੂ ਕੀਤੀਆਂ ਇਨ੍ਹਾਂ ਨੀਤੀਆਂ ਨਾਲ ਆਪਣੀ ਡਗਮਗਾਉਂਦੀਂ ਆਰਥਕਤਾ ਨੂੰ ਵਿਸ਼ਵ ਵਪਾਰ ਸੰਸਥਾ (ਡਬਲਯੂ ਟੀ ਓ) ਦਾ ਗਠਨ ਕਰਕੇ ਠੁੰਮਣਾ ਦੇਣ ਦੇ ਯਤਨ ਕੀਤੇ ਅਤੇ ਵਿਕਾਸ-ਸ਼ੀਲ ਦੇਸ਼ਾਂ ਉਪਰ ਵਪਾਰ ਸੰਬਧੀ ਆਪਣੀਆਂ ਸ਼ਰਤਾਂ ਲਾਗੂ ਕਰਵਾਉਣ ਲਈ ਉਥੋਂ ਦੇ ਕਾਨੂੰਨਾਂ ਵਿੱਚ ਸੋਧਾਂ ਕਰਵਾਈਆਂ। ਇਸ ਦੇ ਬਾਵਜੂਦ ਇਨ੍ਹਾ ਸਰਮਾਏਦਾਰ ਦੇਸ਼ਾਂ ਦਾ ਆਰਥਕ ਸੰਕਟ ਵਧਦਾ ਹੀ ਗਿਆ। ਅੱਜ ਇਹ ਸੰਕਟ ਚਰਮ ਸੀਮਾ ਅੰਦਰ ਜਾ ਪੁੱਜਾ ਹੈ, ਜਿਥੋਂ ਪਿੱਛੇ ਮੁੜਨਾ ਸਭਵ ਨਹੀਂ ਅਤੇ ਵਰਤਮਾਨ ਸਾਮਰਾਜੀ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਇਸ ਸੰਕਟ ਵਿਚੋਂ ਨਿਕਲਣ ਦਾ ਸਾਮਰਾਜਵਾਦੀਆਂ ਦਾ ਇਹ ਆਖਰੀ ਦਾਅ ਹੈ। ਇਸ ਸੰਕਟ ਵਿਚੋਂ ਨਿਕਲਣ ਲਈ ਇਹ ਕਿਸੇ ਵੀ ਗਿਰਾਵਟ ਤੱਕ ਜਾ ਸਕਦੇ ਹਨ। ਮਾਰਕਸ ਦੇ ਕਥਨ ਅਨੁਸਾਰ, ‘ਕੁਦਰਤ ਖਲਾਅ ਨਾਲ ਘਿਰਣਾ ਕਰਦੀ ਹੈ,ਉਸੇ ਤਰ੍ਹਾਂ ਸਰਮਾਇਆ ਇਸ ਗੱਲ ਨੂੰ ਬਹੁਤ ਨਾ-ਪਸੰਦ ਕਰਦਾ ਹੈ ਕਿ ਮੁਨਾਫਾ ਨਾ ਹੋਵੇ ਜਾਂ ਬਹੁਤ ਘੱਟ ਹੋਵੇ। ਯੋਗ ਮੁਨਾਫਾ ਹੋਵੇ ਤਾਂ ਸਰਮਾਇਆ ਬਹੁਤ ਹਿੰਮਤ ਵਖਾਉਂਦਾ ਹੈ। ਜੇ ਤਕਰੀਬਨ 10 ਫੀਸਦੀ ਵਿਚ ਉਤਸੁਕਤਾ ਵਿਖਾਈ ਦੇਣ ਲੱਗ ਪੈਂਦੀ ਹੈ। 50 ਫੀਸਦੀ ਦੀ ਆਸ ਹੋਵੇ ਤਾਂ ਸਰਮਾਇਆ ਸਪੱਸ਼ਟ ਹੀ ਦਲੇਰ ਬਣ ਜਾਂਦਾ ਹੈ। 100 ਫੀਸਦੀ ਦਾ ਮੁਨਾਫਾ ਯਕੀਨੀ ਹੋਵੇ ਤਾਂ ਇਹ ਮਨੁੱਖਤਾ ਦੇ ਸਾਰੇ ਕਾਨੂੰਨਾਂ ਨੂੰ ਪੈਰਾਂ ਥੱਲੇ ਰੋਲਣ ਨੂੰ ਤਿਆਰ ਹੋ ਜਾਂਦਾ ਹੈ ਅਤੇ ਜੇਕਰ 300 ਫੀਸਦੀ ਮੁਨਾਫੇ ਦੀ ਉਮੀਦ ਹੋ ਜਾਵੇ ਤਾਂ ਅਜਿਹਾ ਕੋਈ ਵੀ ਅਪਰਾਧ ਨਹੀਂ, ਜਿਸ ਨੂੰ ਕਰਨ ਵਿਚ ਸਰਮਾਏ ਨੂੰ ਸੰਕੋਚ ਹੋਵੇਗਾ ਅਤੇ ਕੋਈ ਵੀ ਖਤਰਾ ਅਜਿਹਾ ਨਹੀਂ ਜਿਸ ਦਾ ਸਾਹਮਣਾ ਕਰਨ ਲਈ ਉਹ ਤਿਆਰ ਨਹੀਂ ਹੋਵੇਗਾ।’ (ਸਰਮਾਇਆ-1 ਨੋਟ ਸਫਾ 820)

ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਅਧੀਨ ਵਿਸ਼ਵ-ਆਰਥਕਤਾ ਦੀ ਉਸਾਰੀ ਦੇ ਸਿੱਟੇ ਵਜੋਂ ਏਸ਼ੀਆਈ ਮੁਲਕਾਂ ਅਤੇ ਯੂਰਪੀ ਮੁਲਕਾਂ ਤੇ ਅਮਰੀਕਾ ਦਰਮਿਆਨ ਵਿਰੋਧਤਾਈਆਂ ਵਧਦੀਆਂ ਜਾ ਰਹੀਆਂ ਹਨ, ਇਹਦੇ ਨਾਲ ਹੀ ਇਨ੍ਹਾਂ ਮੁਲਕਾਂ ਦੀਆਂ ਅੰਦਰੂਨੀ ਵਿਰੋਧਤਾਈਆਂ ਵੀ ਤੇਜ਼ ਹੁੰਦੀਆਂ ਜਾ ਰਹੀਆਂ ਹਨ। ਵੱਧ ਮੁਨਾਫੇ ਲਈ ਦੌੜ ਨੇ ਕਾਮਿਆਂ ਦੀ ਛਾਂਟੀ ਅਤੇ ਉਜਰਤਾਂ ਵਿਚ ਕਟੌਤੀ ਨੇ ਜਿਥੇ ਬੇਰੁਜ਼ਗਾਰੀ ਵਿਚ ਵਾਧਾ ਕੀਤਾ, ਉਥੇ ਕਾਮਿਆ ਦੀ ਖਰੀਦ ਸ਼ਕਤੀ ਨੂੰ ਵੀ ਖੋਰਾ ਲੱਗ ਰਿਹਾ ਹੈ। ਪੂੰਜੀਵਾਦੀ ਅਰਥ-ਵਿਵਸਥਾ ਕਾਰਨ ਧਰਤੀ ਦੇ ਵਾਤਾਵਰਣ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ।

ਪੂੰਜੀਵਾਦੀ ਵਿਕਸਤ ਅਤੇ ਵਿਕਾਸ਼ਸ਼ੀਲ ਦੇਸ਼ਾਂ ਵੱਲੋਂ ਵਿਸ਼ਵੀਕਰਨ ਦੀਆਂ ਨੀਤੀਆਂ ਰਾਹੀਂ ਲੋਕਾਂ ਅੰਦਰ ਸਮਾਜਕ ਵਿਕਾਸ ਦੇ ਭੁਲੇਖੇ ਪਾ ਕੇ ਉਨ੍ਹਾ ਅੰਦਰ ਵੰਡੀਆਂ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਅਸਫਲ ਕਰਨ, ਟਰੇਡ ਯੂਨੀਅਨ ਬਣਾਉਣ ਤੋਂ ਰੋਕਣ ਅਤੇ ਪਹਿਲਾਂ ਤੋਂ ਬਣੀਆਂ ਟਰੇਡ ਯੂਨੀਅਨਾਂ ਨੂੰ ਤੋੜਣ ਲਈ ਕਿਰਤ ਕਾਨੂੰਨਾਂ ਵਿਚ ਇਜਾਰੇਦਾਰ ਤੇ ਬਹੁ-ਕੌਮੀ ਕਾਰਪੋਰੇਸ਼ਨਾਂ ਪੱਖੀ ਸੋਧਾਂ ਕੀਤੀਆਂ ਜਾ ਰਹੀਆਂ ਹਨ।

ਅੱਜ ਵਿਸ਼ਵੀਕਰਨ ਦੇ ਰਹੱਸ ਨੂੰ ਨੰਗਾ ਕਰਨ ਅਤੇ ਲੋਕਾ ਸਾਹਮਣੇ ਲਿਆਉਣ ਦੀ ਲੋੜ ਹੈ ਅਤੇ ਮਨੁੱਖਤਾ ਦੇ ਭਲੇ ਲਈ ਇਨ੍ਹਾਂ ਨੀਤੀਆਂ ਨੂੰ ਲਾਗੂ ਹੋਣੋ ਰੋਕਣਾ ਅਤਿ ਜ਼ਰੂਰੀ ਹੈ। ਵਿਸ਼ਵੀਕਰਨ, ਉਦਾਰੀਕਰਨ, ਅਤੇ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਸੱਤਾ ਦਾ ਸੰਤੁਲਨ ਜਨਤਕ ਖੇਤਰ ਤੋਂ ਨਿੱਜੀ ਖੇਤਰ ਵੱਲ ਜਾ ਰਿਹਾ ਹੈ ਅਤੇ ਕਾਰਪੋਰੇਟ ਸੈਕਟਰ ਰਾਜ ਸੱਤਾ ਉੱਪਰ ਆਪਣੀ ਪਕੜ ਮਜ਼ਬੂਤ ਕਰਦਾ ਜਾ ਰਿਹਾ ਹੈ। ਵਿਸ਼ਵੀਕਰਣ ਦੀਆਂ ਨੀਤੀਆਂ ਰਾਹੀਂ ਸਾਮਰਾਜੀ ਦੇਸ਼ ਅਰਧ-ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਉੱਪਰ ਆਰਥਕ ਤੌਰ ’ਤੇ ਹਾਵੀ ਹੋ ਰਹੇ ਹਨ।

ਵਿਕਾਸਸ਼ੀਲ ਦੇਸ਼ਾਂ ਅੰਦਰ ਸ਼ੋਸ਼ਣ ’ਤੇ ਅਧਾਰਤ ਰਾਜ ਪ੍ਰਬੰਧ ਅਧੀਨ ਅੱਤ ਦੀ ਗਰੀਬੀ ਤੇ ਬੇਰੁਜ਼ਗਾਰੀ ਕਾਰਨ ਮਿਲਦੀ ਸਸਤੀ ਕਿਰਤ ਦੀ ਬਦੌਲਤ ਸਾਮਰਾਜੀ ਵਿਕਸਤ ਦੇਸ਼ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਰਾਹੀਂ ਵਿਸ਼ਾਲ ਮੁਨਾਫੇ ਆਪਣੇ ਦੇਸ਼ਾਂ ਅੰਦਰ ਲਿਜਾਣ ਲਈ ਵਿਕਾਸਸ਼ੀਲ ਦੇਸ਼ਾਂ ਵਿੱਚ ਬਹੁ-ਕੌਮੀ ਕੰਪਨੀਆਂ ਰਾਹੀਂ ਆਪਣੀਆਂ ਸ਼ਰਤਾਂ ਅਧੀਨ ਪੂੰਜੀ ਨਿਵੇਸ਼ ਕਰਦੇ ਹਨ। ਅਜਿਹਾ ਕਰਨਾ ਸਾਮਰਾਜੀ ਦੇਸ਼ਾਂ ਦੀ ਲੋੜ ਹੁੰਦੀ ਹੈ ਅਤੇ ਆਪਣੀਆਂ ਉਪਜਾਂ ਨੂੰ ਵੇਚਣ ਲਈ ਇਨ੍ਹਾਂ ਨੂੰ ਨਵੀਆਂ ਮੰਡੀਆਂ ਦੀ ਲੋੜ ਹੁੰਦੀ ਹੈ।

ਬਸਤੀਵਾਦੀ ਜੂਲੇ ਤੋਂ ਆਜ਼ਾਦ ਹੋਏ ਭਾਰਤ ਵਰਗੇ ਦੇਸ਼ਾਂ, ਜਿਨ੍ਹਾਂ ਆਪਣੀ ਆਜ਼ਾਦੀ ਸਾਮਰਾਜੀ ਤਾਕਤਾਂ ਦੀਆਂ ਸ਼ਰਤਾਂ ਅਧੀਨ ਪ੍ਰਾਪਤ ਕੀਤੀ ਹੈ, ਉਨ੍ਹਾਂ ਅੰਦਰ ਅੱਜ ਵੀ ਬਸਤੀਵਾਦੀ ਕਾਨੂੰਨ ਲਾਗੂ ਹਨ ਅਤੇ ਇਸੇ ਕਾਰਨ ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਨੂੰ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਦਾਰੀਕਰਨ ਰਾਹੀਂ ਸਾਮਰਾਜੀ ਦੇਸ਼ ਵਿਕਾਸਸ਼ੀਲ ਦੇਸ਼ਾਂ ਦੇ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਵੀ ਖਿਲਵਾੜ ਕਰਦੇ ਹਨ। ਉਦਾਰੀਕਰਨ ਦਾ ਸ਼ਬਦੀ ਭਾਵ ਹੈ ‘ਰਾਜਨੀਤਕ, ਧਾਰਮਕ, ਕਾਨੂੰਨੀ ਜਾਂ ਇਖਲਾਕੀ ਬੰਦਸ਼ਾਂ ਤੋਂ ਅਜ਼ਾਦੀ।’ ਇਸ ਤਰ੍ਹਾਂ ਇਹ ਸਾਮਰਾਜੀ ਵਿਕਸਤ ਦੇਸ਼ ਜਿਥੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਅੰਦਰ ਬਹੁ-ਕੌਮੀ ਕੰਪਨੀਆਂ ਰਾਹੀਂ ਪੂੰਜੀ ਨਿਵੇਸ਼ ਕਰਕੇ ਦੇਸ਼ਾਂ ਅਤੇ ਉਥੋਂ ਦੀ ਜਨਤਾ ਦੀ ਲੁੱਟ-ਖਸੁੱਟ ਕਰਦੇ ਹਨ ਅਤੇ ਨਾਲ ਹੀ ਇਨ੍ਹਾਂ ਦੇਸ਼ਾਂ ਦੀਆਂ ਇਖਲਾਕੀ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਧਾਰਮਕ ਰਵਾਇਤਾਂ ਨਾਲ ਖਿਲਵਾੜ ਕਰਕੇ ਲਚਰਤਾ, ਅਨੈਤਿਕਤਾ ਅਤੇ ਅਸ਼ਲੀਲ ਸੱਭਿਆਚਾਰ ਨੂੰ ਜਨਮ ਦਿੰਦੇ ਹਨ। ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਰਾਹੀਂ ਸਮਾਜ ਅੰਦਰ ਅਨੈਤਿਕਤਾ, ਭ੍ਰਿਸ਼ਟਾਚਾਰ, ਲਿੰਗਕ ਸਰਗਰਮੀਆਂ ਅਤੇ ਨਸ਼ੇ ਆਦਿ ਕਰਨ ਲਈ ਰਾਹ ਖੁੱਲ੍ਹ ਜਾਂਦਾ ਹੈ। ਮਾਰਕਸ ਦੇ ਕਥਨ ਅਨੁਸਾਰ ਜਿੱਥੇ ਵੀ ਕਿੱਧਰੇ ਬੁਰਜੂਆਜੀ ਦਾ ਹੱਥ ਉੱਤੇ ਹੋਇਆ ਹੈ, ਇਹਨੇ ਸਾਰੇ ਜਗੀਰੂ, ਪਿਤਾ-ਪੁਰਖੀ, ਲੋਕ-ਗੀਤਾਂ ਵਾਲੇ ਸੰਬੰਧਾਂ ਦਾ ਖਾਤਮਾ ਕਰ ਦਿੱਤਾ। ਇਹਨੇ ਬੇਰਹਿਮੀ ਨਾਲ ਉਹ ਭਾਂਤ-ਭਾਂਤ ਦੇ ਜਗੀਰੂ ਸੰਬੰਧ ਤੋੜ ਕੇ ਰੱਖ ਦਿਤੇ, ਜਿਨ੍ਹਾਂ ਨੇ ਮਨੁੱਖ ਨੂੰ ਆਪਣੇ ਕੁੱਦਰਤੀ ਵਡੇਰਿਆਂ ਨਾਲ ਬੰਨ੍ਹ ਕੇ ਰੱਖਿਆ ਹੋਇਆ ਸੀ ਅਤੇ ਮਨੁੱਖ-ਮਨੁੱਖ ਦੇ ਵਿਚਕਾਰ ਹੋਰ ਕੋਈ ਸੰਬਧ ਨਹੀਂ ਰਹਿਣ ਦਿੱਤਾ, ਸਿਵਾਏ ਨੰਗੇ ਸਵੈ-ਹਿੱਤ ਦੇ, ਸਿਵਾਏ ਬੇਰਹਿਮ ਕਠੋਰ ‘ਨਗਦ ਅਦਾਇਗੀ’ ਦੇ।

ਨਿੱਜੀਕਰਣ ਰਾਹੀਂ ਸਰਕਾਰ ਦੇਸ਼ ਦੇ ਕੁਦਰਤੀ ਸਾਧਨਾਂ, ਵੱਡੇ ਸਨਅਤੀ ਅਦਾਰਿਆਂ, ਸਿਵਲ ਸੇਵਾਵਾਂ (ਆਊਟ ਸੋਰਸਿੰਗ ਰਾਹੀਂ) ਅਤੇ ਹੋਰ ਜਨਤਕ ਖੇਤਰ ਦੇ ਅਦਾਰਿਆਂ ਨੂੰ ਦੇਸ਼ ਦੇ ਇਜ਼ਾਰੇਦਾਰਾਂ ਅਤੇ ਬਹੁ-ਕੌਮੀ ਕੰਪਨੀਆਂ ਹਵਾਲੇ ਕਰਕੇ ਦੇਸ਼ ਨੂੰ ਸਾਮਰਾਜੀ ਤਾਕਤਾਂ ਦੀ ਆਰਥਕ ਗੁਲਾਮੀ ਵੱਲ ਧਕੇਲ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਵਿਸ਼ਵੀਕਰਨ ਦੀਆਂ ਨੀਤੀਆਂ ਇਜਾਰੇਦਾਰਾਂ ਤੇ ਸਰਮਾਏਦਾਰਾਂ ਦੇ ਵਿਕਾਸ ਅਤੇ ਦੇਸ਼ ਦੀ ਜਨਤਾ ਦੇ ਸਮਾਜਕ ਤੇ ਆਰਥਕ ਵਿਨਾਸ਼ ਦਾ ਕਾਰਨ ਬਣਦੀਆਂ ਹਨ ਅਤੇ ਜਿਥੇ ਪਹਿਲੋਂ ਹੀ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ ਤੇ ਭੁੱਖ ਨੰਗ ਦੀ ਮਾਰੀ ਜਨਤਾ ਦੀ ਕਮਰ ਟੁੱਟੀ ਪਈ ਹੈ, ਉਥੇ ਇਹ ਨੀਤੀਆਂ ਉਨ੍ਹਾਂ ਦੀ ਸਿਹਤ ਅੱਤੇ ਨੈਤਿਕ ਕਦਰਾਂ-ਕੀਮਤਾਂ ਨਾਲ ਵੀ ਖਿਲਵਾੜ ਕਰਦੀਆਂ ਹਨ। ਇੱਕ ਪਾਸੇ ਸਰਮਾਏ ਦੀ ਲਗਾਤਾਰ ਘਟਦੀ ਜਾ ਰਹੀ ਗਿਣਤੀ ਦੇ ਹੱਥਾਂ ਵਿੱਚ ਇਕੱਤਰਤਾ ਅਤੇ ਇਸ ਦੀ ਕੇਂਦਰਤਾ, ਦੂਜੇ ਪਾਸੇ ਸਦਾ ਵਧਦੀ ਗੁਰਬਤ ਅਤੇ ਬੇਰੁਜ਼ਗਾਰੀ ਦਾ ਅਮਲ ਹੈ। (ਵਾਧੂ ਕਦਰ ਵਿੱਚੋਂ)

ਵਿਕਾਸ ਦੇ ਪੂੰਜੀਵਾਦੀ ਪ੍ਰਬੰਧ ਦੇ ਚਲਦਿਆਂ ਆਰਥਕ ਸੰਕਟਾਂ ਦਾ ਪੈਦਾ ਹੋਣਾ ਲਾਜ਼ਮੀ ਹੈ। ਆਰਥਕ ਸੰਕਟ ਵਿਚੋਂ ਨਿਕਲਣ ਲਈ ਸਰਮਾਏਦਾਰਾਂ ਕੋਲ ਪਹਿਲਾ ਉਪਾਅ ਹੁੰਦਾ ਹੈ, ਮਜ਼ਦੂਰਾਂ ਦੀ ਛਾਂਟੀ, ਉਜਰਤਾਂ ’ਚ ਕਟੌਤੀ ਅਤੇ ਕੰਮ ਘੰਟਿਆਂ ਵਿੱਚ ਵਾਧਾ ਅਤੇ ਆਮ ਜਨਤਾ ਨੂੰ ਦਿੱਤੀਆਂ ਨਾਮਾਤਰ ਸਹੂਲਤਾਂ ਵਿੱਚ ਕਟੌਤੀ ਕਰਨਾ ਹੁੰਦਾਂ ਹੈ। ਇਸ ਦਾ ਸਿੱਟਾ ਵੀ ਸਾਡੇ ਸਾਹਮਣੇ ਹੈ। ਅੱਜ ਯੂਰਪ ਅਤੇ ਅਮਰੀਕਾ ਗੰਭੀਰ ਆਰਥਕ ਸੰਕਟ ਵਿੱਚੋਂ ਨਿਕਲਣ ਲਈ ਆਪਣੇ ਦੇਸ਼ਾਂ ਅੰਦਰ ਅਪਣਾਈਆਂ ਉਪਰੋਕਤ ਨੀਤੀਆਂ ਨੇ ਇਨ੍ਹਾ ਦੇਸ਼ਾਂ ਨੂੰ ਰਾਹਤ ਦੇਣ ਦੀ ਥਾਂ ਸੰਕਟ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਅੱਜ ਸਾਰੇ ਵਿਸ਼ਵ ਅੰਦਰ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਵਿਰੁੱਧ ਹੀ ਨਹੀਂ, ਸਗੋਂ ਵਿਕਾਸ ਦੇ ਪੂੰਜੀਵਾਦੀ ਪ੍ਰਬੰਧ ਦੇ ਵਿਰੋਧ ’ਚ ਲੋਕ ਸੜਕਾਂ ’ਤੇ ਉੱਤਰ ਆਏ ਹਨ।

ਉਪਰੋਕਤ ਨੀਤੀਆਂ ਦੇ ਹੁੰਦਿਆਂ ਨਿੱਤ ਵਧ ਰਹੀ ਮਹਿੰਗਾਈ ਤੇ ਬੇਰੁਜ਼ਗਾਰੀ ਨੇ ਨੌਜਵਾਨਾਂ, ਮਜ਼ਦੂਰਾਂ ਅਤੇ ਕਰਮਚਾਰੀਆਂ ਉਪਰ ਲਟਕਦੀ ਛਾਂਟੀ ਦੀ ਤਲਵਾਰ ਕਾਰਨ ਉਨ੍ਹਾਂ ਅੰਦਰ ਬੇਚੈਨੀ, ਮਾਨਸਿਕ ਤਣਾਅ ਅਤੇ ਉਦਾਸੀ (ਡਿਪਰੈਸ਼ਨ) ਲਗਾਤਾਰ ਵਧਦੀ ਜਾ ਰਹੀ ਹੈ। ਕਾਰਪੋਰੇਟ ਸੈਕਟਰ, ਸੂਚਨਾ ਤੇ ਤਕਨਾਲੋਜੀ, ਆਊਟ ਸੋਰਸਿੰਗ ਸਨਅਤ (ਬੀ.ਪੀ.ਓ) ਕਾਲ-ਸੈਂਟਰਾਂ ਅਤੇ ਹੋਰ ਦਫਤਰਾਂ ਅੰਦਰ ਕੰਮ ਕਰਨ ਦੇ ਸਮੇਂ ਵਿੱਚ ਲਗਾਤਾਰ ਤਬਦੀਲੀ, ਰਾਤ ਦੀਆਂ ਸ਼ਿਫਟਾਂ ਅਤੇ ਕੰਮ ਕਰਨ ਦੀ ਸ਼ੈਲੀ ’ਚ ਤਬਦੀਲੀ ਕਾਰਨ ਮਨੁੱਖੀ ਸਰੀਰ ਦੇ ਕੰਮ ਕਰਨ ਦੀ ‘ਕੁਦੱਰਤੀ ਪ੍ਰਣਾਲੀ’ (ਬਾਇਓਲਾਜੀਕਲ ਕਲਾਕ) ਅੰਦਰ ਵਿਗਾੜ ਪੈਦਾ ਹੋਣ ਨਾਲ ਕਾਮੇ ਉਨੀਂਦਰੇ ਤੇ ਮਾਨਸਿਕ ਤਣਾਓ ਦੇ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ। ਲਗਾਤਾਰ ਤਣਾਅ ’ਚ ਰਹਿਣ ਕਾਰਨ ਡਿਪਰੈਸ਼ਨ ਦੀ ਹਾਲਤ ’ਚ ਪਹੁੰਚ ਜਾਂਦੇ ਹਨ ਅਤੇ ਅਗੇ ਹੋਰ ਜੀਵਨ ਭਰ ਲਈ ਬਲਡ ਪ੍ਰੈਸ਼ਰ, ਦਿਲ ਦੇ ਰੋਗ, ਸ਼ੂਗਰ ਅਤੇ ਹੋਰ ਨਾ-ਮੁਰਾਦ ਬੀਮਾਰੀਆਂ ਆ ਘੇਰਦੀਆਂ ਹਨ। ਇਹ ਕਾਰਪੋਰੇਟ ਅਦਾਰੇ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਤੋਂ ਏਨਾ ਕੰਮ ਲੈਂਦੇ ਹਨ ਕਿ 50-55 ਸਾਲ ਦੀ ਉਮਰ ਤੱਕ ਨਕਾਰਾ ਕਰਕੇ ਸੇਵਾ-ਮੁਕਤੀ ਦੇ ਕੇ ਘਰ ਨੂੰ ਤੋਰ ਦਿੰਦੇ ਹਨ। ਸੇਵਾ-ਮੁਕਤੀ ਸਮੇਂ ਮਿਲੀ ਰਕਮ ਬਿਮਾਰੀਆਂ ਦੇ ਇਲਾਜ ਉੱਪਰ ਲੱਗ ਜਾਂਦੀ ਹੈ। ਕੋਈ ਸਮਾਜਕ ਸਾਂਝ ਨਾ ਹੋਣ ਕਰਕੇ ਬਹੁਤੇ ਤਾਂ ਮਾਨਸਕ ਸੰਤੁਲਨ ਗੁਆ ਬੈਠਦੇ ਹਨ ਅਤੇ ਸਮਾਜ ਅਤੇ ਪਰਵਾਰ ਉਪਰ ਬੋਝ ਬਣ ਜਾਂਦੇ ਹਨ। ਔਲਾਦ ਤੋਂ ਸਹਾਰਾ ਭਾਲਦੇ ਬਿਰਧ ਆਸ਼ਰਮ ਜਾ ਪਹੁੰਚਦੇ ਹਨ।

(ਚੱਲਦਾ)

# ਸੰਪਰਕ:- 98550-04500

# ਪੰਜਾਬ ’ਚ ਨਸ਼ੇ ਦਾ ਕਾਰੋਬਾਰ : ਜੇ ਹੁਣ ਵੀ ਖੁੰਝ ਗਏ


ਕਮਲਜੀਤ ਸਿੰਘ ਬਨਵੈਤ

ਅਖਬਾਰ ਦੇ ਪੰਨੇ ਫਰੋਲਦੇ ਹਾਂ, ਮੇਰੀ ਨਜ਼ਰ ਅਖਬਾਰ ਦੇ ਥਰਡ ਪੇਜ ਦੇ ਟੌਪ ਉੱਤੇ ਛਪੀ ਖਬਰ ’ਤੇ ਆ ਕੇ ਠਹਿਰ ਜਾਂਦੀ ਹੈ। ਖਬਰ ਦੇ ਨਾਲ ਛਪੀਆਂ ਤਸਵੀਰਾਂ ਦੇਖ ਕੇ ਮੇਰਾ ਤ੍ਰਾਹ ਨਿਕਲ ਜਾਂਦਾ ਹੈ। ਖਬਰ ਦੇ ਹੈਡਿੰਗ ’ਚ ਲਿਖਿਆ ਹੈ, ‘ਦੋ ਸੌ ਨੂੰ ਚਿੱਟਾ, 50 ਰੁਪਏ ਦਾ ਟੀਕਾ ਅਤੇ ਸੌ ਰੁਪਏ ਦੀ ਨਸ਼ਾ ਕਰਨ ਲਈ ਚੁਬਾਰਾ।’ ਖਬਰ ਦਾ ਸਬ ਹੈਡਿੰਗ ਲਿਖਿਆ ਹੈ ‘ਕੀ ਸਾਰੇ ਕੁਝ ਦਾ ਕੌਂਮਬੋ ਰੇਟ ਸਿਰਫ 300 ਰੁਪਏ।’ ਇਹ ਸਚਿੱਤਰ ਖਬਰ ਯੂ ਪੀ ਜਾਂ ਬਿਹਾਰ ਦੀ ਨਹੀਂ, ਸਗੋਂ ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਦੀ ਹੈ। ਜਿੱਥੇ ਨਸ਼ੇ ਦੇ ਵਪਾਰੀ ਸੜਕਾਂ ਦੇ ਕੰਢੇ ਨਸ਼ੇ ਦੀਆਂ ਫੜ੍ਹੀਆਂ ਲਾਉਣ ਲੱਗੇ ਹਨ। ਨਸ਼ਾ ਕਦੋਂ, ਕਿੱਥੇ ਅਤੇ ਕਿੰਨਾ ਚਾਹੀਦਾ ਹੈ, ਸਿਰਫ ਲੋੜ ਹੈ ਪੱਕੇ ਪਕਾਏ ਭੋਜਨ ਦੀ ਤਰ੍ਹਾਂ ਪਹੁੰਚ ਜਾਵੇਗਾ ਤੁਹਾਡੇ ਘਰ। ਖਬਰ ਦੇ ਨਾਲ ਛਾਪੀ ਤਸਵੀਰ ਵਿੱਚ ਇੱਕ ਨਾਬਾਲਗ ਲੜਕਾ ਆਪਣੀਆਂ ਨਸਾਂ ਵਿੱਚ ਨਸ਼ੇ ਦਾ ਟੀਕਾ ਲਗਾ ਰਿਹਾ ਹੈ। ਤੁਸੀਂ ਤਸਵੀਰ ਵਿੱਚ ਇੱਕ ਆਟੋ ਡਰਾਈਵਰ ਨਸੇ ਦੀ ਡਿਲੀਵਰੀ ਕਰਦਾ ਦਿਖਾਈ ਦਿੰਦਾ ਹੈ। ਯਕੀਨ ਨਹੀਂ ਆ ਰਿਹਾ ਇਹ ਤਸਵੀਰ ਆਪਣੇ ਪੰਜਾਬ ਦੀ ਹੈ ਕਿ ਨਸ਼ੇ ਦੇ ਵਪਾਰੀਆਂ ਦੇ ਦਿਲਾਂ ਵਿਚ ਪੁਲਸ ਜਾਂ ਸਰਕਾਰ ਦਾ ਕੋਈ ਖੌਫ ਨਹੀਂ ਰਿਹਾ। ਸਿਤਮ ਦੀ ਗੱਲ ਹੈ ਕਿ ਜਿਵੇਂ ਹੀ ਮੀਡੀਆ ਦੀ ਟੀਮ ਉੱਥੇ ਪਹੁੰਚਦੀ ਹੈ ਤਾਂ ਉਥੇ ਖੜ੍ਹੇ 5 ਨੌਜਵਾਨ ਨਸ਼ੇ ਦਾ ਰੇਟ ਲਗਾਉਣ ਲੱਗਦੇ ਹਨ। ਉਨ੍ਹਾਂ ਵੱਲੋਂ 200 ਤੋਂ ਲੈ ਕੇ ਸੌ ਤੱਕ ਭਾਅ ਦੀਆਂ ਆਵਾਜ਼ਾਂ ਲਗਦੀਆਂ ਹਨ।

ਪੰਜਾਬ ਵਿੱਚ ਨਸ਼ੇ ਦੀ ਅਲਾਮਤ ਸਧਾਰਨ ਗੱਲ ਬਣ ਗਈ ਹੈ। ਮਾਮਲਾ ਏਨਾ ਸਿੱਧ-ਪੱਧਰਾ ਨਹੀਂ ਜਿੰਨਾ ਪੰਜਾਬ ਸਰਕਾਰ ਅਤੇ ਪੁਲਸ ਲੈ ਰਹੀ ਹੈ। ਪੰਜਾਬ ਵਿਚ ਹਰ ਛੋਟੇ-ਵੱਡੇ ਡਰੱਗ ਰੈਕਟ ਦਾ ਕੋਈ ਨਾ ਕੋਈ ਪੁਲਸ ਅਫਸਰ ਜਾਂ ਸਿਆਸਤਦਾਨ ਹੁੰਦਾ ਹੈ। ਨਸ਼ੇ ਦੇ ਵਪਾਰੀਆਂ ਨੂੰ ਹੱਥ ਪਾਉਣ ਦੀ ਗੱਲ ਪੰਜਾਬ ਪੁਲਸ ਦੇ ਡੀ ਐੱਸ ਪੀ ਪਹਿਲਵਾਨ ਜਗਦੀਸ਼ ਭੋਲਾ ਤੋਂ ਤੁਰੀ ਸੀ। ਹੁਣ ਬਰਖਾਸਤ ਏ ਆਈ ਜੀ ਰਾਜਜੀਤ ਸਿੰਘ ਅਤੇ ਉਸ ਦੇ ਚੇਲੇ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਹੱਥ ਪਾ ਲਿਆ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਹੈਰਾਨੀ ਦੀ ਗੱਲ ਇਹ ਕਿ ਨਾ ਤਾਂ ਕਾਂਗਰਸ ਸਰਕਾਰ ਵੱਲੋਂ ਅਤੇ ਨਾ ਹੀ ਹੁਣ ਆਮ ਆਦਮੀ ਪਾਰਟੀ ਵੱਲੋਂ ਇਨ੍ਹਾਂ ਦੇ ਸਿਆਸੀ ਆਕਿਆਂ ਤੱਕ ਪਹੁੰਚਣ ਦੀ ਲੋੜ ਸਮਝੀ ਗਈ ਹੈ। ਇੱਥੇ ਹੀ ਬੱਸ ਨਹੀਂ ਜੇ ਮਜੀਠੀਆ ਕੇਸ ਦੀ ਮਜ਼ਬੂਤੀ ਨਾਲ ਪੈਰਵੀ ਕੀਤੀ ਜਾਂਦੀ ਤਾਂ ਉਹ ਸ਼ਾਇਦ ਜੇਲ੍ਹ ਵਿਚੋਂ ਬਾਹਰ ਆ ਸਕਦੇ। ਬਰਖਾਸਤ ਏ ਆਈ ਜੀ ਰਾਜਜੀਤ ਸਿੰਘ ਨਾਲ ਵੀ ਉਹ ਸਖਤੀ ਵਰਤੀ ਗਈ ਹੈ ਕਿ ਉਸ ਨੂੰ ਘਰੋਂ ਹੀ ਪੈਰ ਪੁੱਟਣ ਨਾ ਦਿੱਤਾ ਜਾਂਦਾ।

ਸੱਚ ਤਾਂ ਇਹ ਹੈ ਕਿ ਸਾਬਕਾ ਅਕਾਲੀ-ਭਾਜਪਾ ਸਰਕਾਰ ਦੇ ਕਈ ਨੇਤਾਵਾਂ ਨੇ ਨਸ਼ਾ ਮਾਫੀਏ ਦੀ ਸਰਪ੍ਰਸਤੀ ਕੀਤੀ ਸੀ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿਹਨਾ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਡੱਕਣ ਦੀ ਸਹੁੰ ਖਾਧੀ ਸੀ, ਉਹ ਪੰਜ ਸਾਲ ਅੱਖਾਂ ਮੀਟ ਕੇ ਬੈਠੇ ਰਹੇ। ਇਕ ਸੱਚ ਇਹ ਵੀ ਹੈ ਕਿ ਪੰਜਾਬ ਪੁਲਸ ਵੱਲੋਂ ਗਠਤ ਐੱਸਟੀ ਐੱਫ ਅਤੇ ਈ ਡੀ ਨੇ ਠੀਕ ਪੈਰਵੀ ਨਹੀਂ ਸੀ ਕੀਤੀ। ਬਾਅਦ ’ਚ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਮਜੀਠੀਆ ਦੇ ਖਿਲਾਫ ਐੱਫ ਆਈ ਆਰ ਦਰਜ ਕੀਤੀ, ਜਿਹੜੀ ਕਿ ਸਿੱਧੂ ਦੀ ਐੱਸ ਟੀ ਐੱਫ ਦੀ ਰਿਪੋਰਟ ’ਤੇ ਹੀ ਅਧਾਰਤ ਸੀ। ਸਵਾਲ ਇਹ ਉਠਦਾ ਹੈ ਕਿ ਜੇ ਬਿਕਰਮ ਸਿੰਘ ਮਜੀਠੀਆ ਸਮੇਤ ਸੱਚ ਨਹੀਂ ਸੀ ਹੋਣਾ ਫਿਰ ਉਸ ਖਿਲਾਫ ਸਬੂਤ ਇਕੱਠੇ ਕਰਨ ਜਾਂ ਜੇਲ੍ਹ ਭੇਜਣ ਦੀ ਕੀ ਲੋੜ ਸੀ।

ਅਸਲ ਗੱਲ ਇਹ ਹੈ ਕਿ ਸਬੂਤਾਂ ਦੀ ਘਾਟ ਬੇਦੋਸ਼ੇ ਹੋਣ ਦਾ ਪ੍ਰਮਾਣ ਨਹੀਂ ਬਣ ਸਕਦਾ। ਕਤਲਾਂ ਸਮੇਤ ਬਲਾਤਕਾਰ ਦੇ ਕਿਲ੍ਹੇ ਢਾਹੇ ਸਨ, ਉਥੇ ਸਹੂਲਤਾਂ ਦੀ ਘਾਟ ਕਰਕੇ ਹੀ ਦੋਸ਼ੀ ਬਰੀ ਹੋ ਜਾਂਦੇ ਰਹੇ ਹਨ। ਹਰਪ੍ਰੀਤ ਸਿੰਘ ਸਿੱਧੂ ਦੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਸੀ ਕੀ ਮਜੀਠੀਆ ਵੱਲੋਂ ਨਸ਼ੇ ਦੇ ਕਾਰੋਬਾਰ ਵਿੱਚ ਮਦਦ, ਸਹਿਯੋਗ ਦੇਣ, ਸਰਕਾਰੀ ਵਾਹਨ ਅਤੇ ਸਖਤ ਸੁਰੱਖਿਆ ਸਮੇਤ ਹੋਰ ਸਹੂਲਤਾਂ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਗਈ ਸੀ।

ਕਿੰਨਾ ਕੁ ਚਿਰ ਆਪਣੇ ਘਰਾਂ ਦੇ ਚਿਰਾਗ ਬੁਝਾ ਕੇ ਅਸੀਂ ਸਰਕਾਰ ਦੇ ਹੱਥਾਂ ਵੱਲ ਵੇਖਦੇ ਰਹਾਂਗੇ। ਕਾਂਗਰਸ ਅਤੇ ਅਕਾਲੀਆਂ ਦੀ ਸਰਕਾਰ ਨੂੰ ਅਸਾਂ ਪਹਿਲਾਂ ਹੀ ਪਰਖ ਲਿਆ ਹੈ ਜੇ ਬਦਲਾਅ ਤੋਂ ਬਾਅਦ ਭਗਵੰਤ ਸਿੰਘ ਮਾਨ ਦੀ ਸਰਕਾਰ ਨਸ਼ਿਆਂ ਦਾ ਵਹਿਣ ਨਾ ਡੱਕਿਆ ਗਿਆ ਤਾਂ ਲੱਗਦਾ ਐ ਅਸੀਂ ਆਖਰੀ ਮੌਕਾ ਵੀ ਖੁੰਝਾ ਲਵਾਂਗੇ, ਪਰ ਸਾਨੂੰ ਇਹ ਗੱਲ ਸਾਫ ਤੌਰ ’ਤੇ ਸਮਝਣੀ ਚਾਹੀਦੀ ਹੈ ਕਿ ਅਸੀਂ ਹੁਣ ਵੀ ਖੁੰਝ ਗਏ ਤਾਂ ਸਾਡੇ ਕੋਲ ਅਗਲੀਆਂ ਪੀੜ੍ਹੀਆਂ ਨਹੀਂ ਬਚਣਗੀਆਂ। ਇਸ ਤੋਂ ਵੱਡਾ ਦੁੱਖ ਇਹ ਵੀ ਕਿ ਨਸ਼ਿਆਂ ਦੀ ਅਲਾਮਤ ਤੋਂ ਆਪਣੇ ਬੱਚਿਆਂ ਨੂੰ ਬਚਾਅ ਕੇ ਰੱਖਣ ਲਈ ਅਸੀਂ ਵਿਦੇਸ਼ ਵਾਸਤੇ ਜਹਾਜ ਚੜ੍ਹਾਇਆ ਸੀ, ਉੱਥੇ ਹੀ ਉਹ ਇਸ ਜਕੜ ਵਿਚੋਂ ਬਾਹਰ ਨਿਕਲਣ ਦੀ ਥਾਂ ਹੋਰ ਬੁਰੀ ਤਰ੍ਹਾਂ ਅੰਦਰ ਧੱਸਦੇ ਜਾ ਰਹੇ ਹਨ। ਕਨੇਡਾ ਦੀ ਧਰਤੀ ਦੀ ਇੱਕ ਗੁਪਤ ਰਿਪੋਰਟ ਇਹ ਵੀ ਹੈ ਕਿ ਉਥੇ ਵਸਦੇ ਮੁੰਡੇ ਕੁੜੀਆਂ ਨੂੰ ਨਸ਼ਾ ਤੇਜ਼ੀ ਨਾਲ ਨਿਗਲਣ ਲੱਗਾ ਹੈ, ਚਾਹੇ ਇਹਨਾਂ ਮੌਤਾਂ ਨੂੰ ਅਸੀਂ ਹਾਰਟ ਫੇਲ ਹੋਣ ਦਾ ਨਾਂਅ ਦੇ ਕੇ ਆਪਣੇ ਆਪ ਨੂੰ ਧਰਵਾਸ ਦੇ ਰਹੇ ਹਾਂ, ਪਤਾ ਨਹੀਂ ਇਹ ਧਰਵਾਸ ਹੈ ਜਾਂ ਫਿਰ ਆਪਣੇ ਆਪ ਨਾਲ ਧੋਖਾ।

ਸੰਪਰਕ : 98147-34035

# ਤਰੱਕੀ ਦੇ ਰੰਗ ’ਚ ਅਸੀਂ ਕੀ ਕੁਝ ਗਵਾਇਆ ਹੈ


ਜਸਵੀਰ ਲਾਡੀ

ਕੋਈ ਵੀ ਕੌਮ ਵਿੱਦਿਅਕ ਆਸਰੇ ਬਗੈਰ ਤਰੱਕੀ ਨਹੀਂ ਕਰ ਸਕਦੀ। ਮਨੁੱਖ ਦੀ ਸਭ ਤੋਂ ਪਹਿਲੀ ਲੋੜ ਨਰੋਈ ਸਿਹਤ ਤੋਂ ਬਾਅਦ ’ਚ ਮਿਆਰੀ ਸਿੱਖਿਆ ਦਾ ਹੋਣਾ ਜ਼ਰੂਰੀ ਹੈ, ਜੇਕਰ ਅਸੀਂ ਇਹਨਾਂ ਦੋਹਾਂ ਖੇਤਰਾਂ ਵਿੱਚ ਸਫਲ ਨਹੀਂ ਹੁੰਦੇ ਤਾਂ ਸਾਡੀ ਤਰੱਕੀ ਦੇ ਰਾਹ ਕਿਸੇ ਪਾਸੇ ਤੋਂ ਵੀ ਨਹੀਂ ਖੁੱਲ੍ਹ ਸਕਦੇ। ਸਾਡੀ ਨਵੀਂ ਪੀੜ੍ਹੀ ਜਿਸ ਨੇ ਮੁਲਕ ਦੀ ਵਾਗਡੋਰ ਸੰਭਾਲਣੀ ਹੈ, ਜੇਕਰ ਉਸ ਕੋਲ ਸਮੇਂ ਦੇ ਹਾਣ ਦੀ ਸਿੱਖਿਆ ਯਾਨੀ ਗਿਆਨ ਨਹੀਂ ਤਾਂ ਉਹ ਦੇਸ, ਕੌਮ ਤਰੱਕੀ ਦੀ ਨੀਂਹ ’ਤੇ ਕਿਵੇਂ ਤੁਰੇਗੀ ? ਅੱਜ ਜਦੋਂ ਪੰਜਾਬ ਦੀ ਤਰੱਕੀ ਦੀ ਗੱਲ ਕਰਦੇ ਹਾਂ ਤਾਂ ਥੋੜ੍ਹਾ ਪਿੱਛੇ ਨਿਗ੍ਹਾ ਮਾਰੀਏ ਤਾਂ ਪਤਾ ਲੱਗਦਾ ਕਿ ਅਸੀਂ ਕਿੱਥੇ ਸੀ ਤੇ ਕਿੱਥੇ ਹਾਂ ? ਸਭ ਤੋਂ ਪਹਿਲਾਂ ਜੇ ਖਾਣ-ਪੀਣ ਵੱਲ ਝਾਤੀ ਮਾਰੀਏ ਤਾਂ ਕਿੱਥੇ ਗਏ ਸਾਡੇ ਦੇਸੀ ਕਣਕ, ਛੋਲੇ, ਜੌਂ, ਮੱਕੀ, ਜਵਾਰ ਅਤੇ ਬਾਜਰਾ ਸ਼ੁੱਧ ਅਨਾਜ ਦੀ ਥਾਂ ਰੇਆਂ ਸਪਰੇਆਂ ਵਾਲਾ ਮਨੁੱਖੀ ਸਿਹਤ ਨਾਲ ਖਿਲਵਾੜ ਕਰਦਾ ਅਨਾਜ ਖਾਣ ਲਈ ਮਜਬੂਰ ਹਾਂ। ਫੇਰ ਪਤਾ ਨਹੀਂ ਸਮੇਂ ਦੇ ਹਾਕਮਾਂ ਸਾਡੇ ਗਲ ਬਾਕੀ ਫਸਲਾਂ ਛੱਡ ਕੇ ਝੋਨੇ ਤੇ ਕਣਕ ਦੇ ਚੱਕਰਵਿਊ ਵਿੱਚ ਐਸੇ ਫਸਾਏ ਕਿ ਸਾਨੂੰ ਇਸ “ਅਭਿਮਨੂੰ” ਵਾਲੇ ਚੱਕਰਵਿਊ ਵਿੱਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਫੇਰ ਸਾਨੂੰ ਪਤਾ ਨਹੀਂ ਸਾਨੂੰ ਕਿੱਥੋਂ ਅਕਾਸ਼ਬਾਨੀ ਹੋਈ ਕਿ ਅਸੀਂ ਸਾਡੇ ਬਜ਼ੁਰਗਾਂ ਦੇ ਬਣਾਏ ਟੈਲਾਂ, ਕੜੀਆਂ ਬਾਲਿਆਂ ਦੇ ਉਸਾਰੇ ਕੱਚੇ ਕੋਠੇ ਢਾਹ ਕੇ ਮਹਿਲਾਂ ਵਰਗੀਆਂ ਕੋਠੀਆਂ ਉਸਾਰ ਦਿੱਤੀਆਂ, ਤੇ ਪਿੰਡਾਂ ਦੇ ਦੇਸੀ ਜੱਟ “ਬੀਜਾਂ ਵਾਲੀਆਂ ਥੈਲੀਆਂ” ਦੇ ਬਣਾਏ ਝੋਲੇ ਕੱਛਾਂ ’ਚ ਦੇ ਕੇ ਨਕਸ਼ਾ-ਨਵੀਸਾਂ (ਆਰਕੀਟੈਕਰ) ਦੇ ਦਫਤਰਾਂ ਦੇ ਗੇੜੇ ਕੱਢਣ ਲੱਗ ਪਏ। ਕਦੇ ਲੋਕ ਜ਼ਮੀਨ ਗਹਿਣੇ ਹੋਈ ਤੋਂ ਸ਼ਰਮ ਮੰਨਦੇ ਸਨ ਤੇ ਹੁਣ ਪਟਵਾਰਖਾਨੇ ਜਾ ਕੇ ਨਿਗ੍ਹਾ ਮਾਰੋਗੇ ਤਾਂ ਸਾਰਾ ਪੰਜਾਬ ਹੀ “ਆੜ ਰਹਿਣ” ਹੋਇਆ ਪਿਆ। ਸਭ ਕੁਝ ਪੁਰਾਣਾ ਨਵੇਂ ’ਚ ਬਦਲ ਗਿਆ ਹੈ। ਪੁਰਾਣੇ ਘਰਾਂ ਦੀ ਪਿੱਲੀ ਲਾਲ ਰੋੜੀ “ਮਕਰਾਣੇ” ਦੇ ਚਮਕਦੇ ਪੱਥਰ ਥੱਲੇ ਲਾਸ਼ ਬਣ ਕੇ ਦੱਬੀ ਗਈ। ਪਹਿਲਾਂ ਸਾਡੇ ਘਰਾਂ ਵਿੱਚ ਕਮਰੇ ਕਿੱਥੇ ਹੁੰਦੇ ਸਨ ? ਸਵਾਤ, ਦਾਣਿਆਂ ਵਾਲੇ ਭੜੋਲੇ, ਗੁਸਲਖਾਨੇ ਤੇ ਝਲਾਨੀ ਹੁੰਦੀ ਸੀ। ਗਰੀਬ ਲੋਕਾਂ ਦੇ ਘਰਾਂ ਵਿੱਚ ਤਾਂ ਗੁਸਲਖਾਨੇ ਵੀ ਨਹੀਂ ਸੀ ਹੁੰਦੇ ਔਰਤਾਂ ਮੰਜਾ ਟੇਢਾ ਕਰਕੇ ਹੀ ਨਹਾ ਲੈਂਦੀਆਂ ਸਨ ਤੇ ਝਲਾਨੀ ਦੀ ਥਾਂ ’ਤੇ ਓਟਾ ਹੁੰਦਾ ਸੀ। ਜਿਹੜਾ ਨਜ਼ਾਰਾ ਵਿਹੜੇ ’ਚ ‘ਫਰਾਟਾ ਪੱਖੇ’ ਮੂਹਰੇ ਮੰਜੇ ਡਾਹ ਕੇ ਪਾਲ ’ਚ ਪੈ ਕੇ ਸੌਣ ਦਾ ਸੁਆਦ ਆਉਂਦਾ ਸੀ, ਉਹ ਹੁਣ ਮਹਿੰਗੇ ਏਸੀਆਂ ਮੂਹਰੇ ਹੈ ਕਿਤੇ ਆਉਂਦੈ ?

ਐਸੀ ਤਰੱਕੀ ਹੋਈ ਕਿ ਜਿਹੜੇ ਜਵਾਕ ਅੱਧੀ ਕੈਂਚੀ ਸਾਈਕਲ ਦੀ ਚਲਾ ਕੇ ਖੁਸ਼ੀ ਮਹਿਸੂਸ ਕਰਦੇ ਸਨ ਜਾਂ ਸਕੂਟਰ ਦੇ ਅਗਲੇ ਪਹੀਏ ਨੂੰ ਘੁੰਮ ਕੇ ਮੀਟਰ ਦੀ ਨੰਬਰਿੰਗ ਦੇਖਣ ਵਿੱਚ ਸੁਆਦ ਲੈਂਦੇ ਸੀ, ਉਹ ਹੁਣ ‘ਪੱਬਜੀ’ ਵਿੱਚ ਕਿੱਥੇ ਧਰਿਆ ਪਿਆ ? ਜਵਾਕ ਸਾਡੇ ਤਾਰਿਆਂ ਦੀ ‘ਖਿੱਤੀ’ ਤੇ ‘ਸਰਵਨ ਦੀ ਵਹਿੰਗੀ’ ਕਿੱਥੇ ਦੇਖਣਗੇ, ਕਿਉਂਕਿ ਜਦੋਂ ਅੰਦਰੋਂ ਬਾਹਰ ਤਾਂ ਨਿਕਲਣਾ ਹੀ ਨਹੀਂ ਜਾਂ ਮੋਬਾਇਲ ਫੋਨ ਵਿੱਚ ਹੀ ਡੁੱਬੇ ਰਹਿਣਾ।

ਪੰਜਾਬ ਦੀ ਪਿਛਲਖੁਰੀ ਨੂੰ ਖੁੰਘਾਲਦੇ ਹਾਂ ਤਾਂ ਇੱਕ ਪੀੜ੍ਹੀ 1947 ਖਾ ਗਿਆ, ਇੱਕ 1980 ਵਾਲਾ ਖਾਲਿਸਤਾਨੀ ਦੌਰ ’ਚ ਦੋਵੇਂ ਪਾਸੇ ਖਾ ਗਏ। ਜੇ ਖਾਲਿਸਤਾਨੀਆਂ ਹੱਥੋਂ ਮਾਰੇ ਗਏ ਤਾਂ ਵੀ ਸਾਡੇ ਆਪਣੇ ਤੇ ਜੇ ਸਰਕਾਰੀ ਤੰਤਰ ਦੇ ਜ਼ੁਲਮ ਹੇਠ ਨਪੀੜੇ ਗਏ ਤਾਂ ਵੀ ਇਸ ਪੰਜਾਬ ਦੇ ਜਾਏ ਤੇ ਤੀਜੀ ਪੀੜ੍ਹੀ ਪੰਜਾਬ ਦੀ ਪੰਜ ਦਰਿਆਵਾਂ ਦੀ ਧਰਤੀ ’ਤੇ ਵਹਿੰਦਾ ਨਸ਼ਿਆਂ ਦੇ ਛੇਵੇਂ ਦਰਿਆ ਵਿੱਚ ਡੁਬੋ ਧਰੀ ਤੇ ਰਹਿੰਦੀ ਕਸਰ ਆ ਜਿਨ੍ਹਾ ਵਾਸਤੇ ਮਹਿਲਨੁਮਾ ਕੋਠੀਆਂ ਉਸਾਰੀਆਂ ਸੀ, ਉਹ ਬੇਰੁਜ਼ਗਾਰੀ ਦੇ ਸਤਾਏ ਲਾਚਾਰ ਧੀਆਂ-ਪੁੱਤ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦਿੱਲੀ ਦੇ ਤਿੰਨ ਨੰਬਰ ਟਰਮੀਨਲ ’ਤੇ ਟੈਚੀਆਂ ਮਗਰ ਖੜ ਕੇ ਫੋਟੋਆਂ ਖਿੱਚ ਫੇਸਬੁੱਕ ਅਤੇ ਇੰਸਟਾਗ੍ਰਾਮ ’ਤੇ ਫੋਟੋਆਂ ਪਾ ਕੇ ਜਹਾਜ਼ ਚੜ੍ਹਗੇ ਤੇ ਮਾਲ ਪਸ਼ੂ ਸਾਂਭਣ ਵਾਲਾ ਕੋਈ ਰਿਹਾ ਨਾ। ਜੋ ਚਰਾਂਦਾਂ ਸਨ, ਸਭ ਪੈਸੇ ਦੀ ਹੋੜ ਨੇ ‘ਹਰੇ ਇਨਕਲਾਬ ਦੇ ਰੰਗ ਵਿੱਚ ਰੰਗੀਆਂ ਗਈਆਂ। ਦੁੱਧ-ਪੁੱਤ ਦੀ ਸਹੁੰ ਖਾਣ ਵਾਲਿਆਂ ਦਾ ਨਤੀਜਾ ਇਹ ਨਿਕਲਿਆ ਕਿ ਡੰਗਰ-ਪਸ਼ੂ ਕਿੱਲਿਆਂ ਨਾਲ ਆ ਬੱਝੇ ਤੇ “ਦੁੱਧ ਜ਼ਹਿਰੀ ਹੋ ਗਿਆ ਤੇ ਪੁੱਤ ਪ੍ਰਦੇਸੀ ਹੋ ਗਿਆ”।

ਤਰੱਕੀ ਦੇ ਨਾਂਅ ਹੇਠ ਅਸੀਂ ਜਵਾਕਾਂ ਨੂੰ ਮਹਿੰਗੇ ਸਕੂਲਾਂ ਵਿੱਚ ਪੜ੍ਹਾਉਣ ਦਾ ਭਰਮ ਪਾਲਿਆ ਤੇ ਜ਼ਹਿਰ ਭਰਿਆ ਅੰਨ ਖਾ ਕੇ ਅਨੇਕਾਂ ਬਿਮਾਰੀਆਂ ਸਹੇੜੀਆਂ ਤੇ ਸਿੱਟੇ ਵਜੋਂ ਹਸਪਤਾਲਾਂ ’ਚ ਡਾਕਟਰਾਂ ਦਾ ਮੂੰਹ ਭਰਿਆ। ਤਰੱਕੀ ਐਸੀ ਹੋਈ ਕਿ ਦੋ-ਦੋ ਲੱਖ ਤਨਖਾਹਾਂ ਲੈਣ ਵਾਲਿਆਂ ਦੇ ਮੂੰਹ ’ਤੇ ਕਦੇ ਖੁਸ਼ੀ ਦਾ ਤਿਨਕਾ ਨਹੀਂ ਦੇਖਿਆ।

ਤਰੱਕੀ ਦਾ ਹੋਰ ਰੰਗ ਦੇਖੋ ਇੱਕ ਅੱਖੀਂ ਦੇਖੀ ਗੱਲ ਹੈ ਕਿ “ਮਾਂ ਜਵਾਕ ਨੂੰ ਕਹਿੰਦੀ ਪੁੱਤ ਦਾਲ ’ਚ ਮਖਣੀ ਪਾ ਲੈ, ਅੱਗੋਂ ਮੁੰਡਾ ਕਹਿੰਦੈ ਕਿ ਇਸ ਦੀ ਕਿਹੜਾ ਟੀ. ਵੀ ’ਤੇ ਮਸ਼ਹੂਰੀ ਆਉਂਦੀ ਹੈ।” ਯਾਨੀਕਿ ਅਸੀਂ ਪੰਜਾਬ ਦੇ ਜਾਏ ਜੋ ਐਡ ਰਾਹੀਂ ਸਾਨੂੰ ਪਰੋਸ ਕੇ ਦਿੱਤਾ ਜਾ ਰਿਹਾ ਹੈ, ਉਸ ’ਤੇ ਭਰੋਸੇਵੰਦ ਹੋ ਗਏ ਹਾਂ। ਆ ਹੁਣ ਪੰਜਾਬ ਪੰਜ ਦਰਿਆਵਾਂ ਦੀ ਧਰਤੀ ’ਤੇ ਪਾਣੀ ਦਾ ਪੱਧਰ ਕਿਤੇ ਦਾ ਕਿਤੇ ਗਿਆ ਤੇ ਪਾਣੀ ਬੋਤਲਾਂ ਵਿੱਚ ਵਿਕਦਾ ਹੈ ਤੇ ਅਸੀਂ ਫੋਕੀ ਟੌਹਰ ਲਈ ਪਾਣੀ ਬੰਦ ਗਿਲਾਸ ਵਾਲਾ ਪੀਂਦੇ ਹਾਂ ਤੇ ਹੁਣ ਆਹ ਫਿਲਮਾਂ ਵਾਲੇ “ਧਰਮਿੰਦਰ ਕਾ ਟੱਬਰ” ਸਾਨੂੰ ਆਰ.ਓ. ਵਾਲਾ ਪਿਉਰ ਪਾਣੀ ਪੀਣ ਦੀਆਂ ਸਲਾਹਾਂ ਦੇ ਰਿਹਾ ਹੈ ਤੇ ਅਸੀਂ “ਬੋਰ ਦੇ ਪਾਈਪ ’ਤੇ ਮੁੱਠੀ ਰੱਖਕੇ ਪਾਣੀ ਪੀ ਲੈਂਦੇ ਸੀ, ਭਾਵੇਂ ਉਸ ਵੇਲੇ ਹੁਣ ਵਾਲੀ ਤਰੱਕੀ ਨਹੀਂ ਸੀ ਹੋਈ ਤੇ ਉਸ ਵੇਲੇ ਪਾਣੀ ਦੀ ਕਦਰ ਸੀ।

ਸੋ ਇਸ ਤਰੱਕੀ ਨੇ ਜਿਹੜਾ ਰੇਡੀਓ ਤੋਂ ਪੰਜ ਵਜੇ ਗੁਰਬਾਣੀ ਸੁਣਨ ਦਾ ਸਕੂਨ ਮਿਲਦਾ ਸੀ, ਉਹ ਹੁਣ ਪੀ.ਟੀ.ਸੀ. ਦੇ ਲਾਇਵ ਦੇਖਣ ਵਿੱਚ ਸਕੂਨ ਨਹੀਂ ਹੈ। ਜਿਹੜੇ ਵਿਆਹ ਹਫਤਾ-ਹਫਤਾ ਚੱਲਦੇ ਸੀ, ਉਹ ਹੁਣ ਸਾਨੂੰ ਚਾਰ ਘੰਟਿਆਂ ਵਿੱਚ ਦੋਵੇਂ ਪਾਸਿਆਂ ਨੂੰ ਕਰਜ਼ਾਈ ਕਰ ਜਾਂਦਾ ਹੈ ਤੇ ਚੱਲ ਮੇਰਾ ਭਾਈ। ਇਸੇ ਤਰੱਕੀ ਦੇ ਪੱਥਰਾਂ ਥੱਲੇ ਸਾਡੀਆਂ ਇਤਿਹਾਸਕ ਯਾਦਗਾਰਾਂ ਦੱਬੀਆਂ ਗਈਆਂ। ਤਰੱਕੀ ਨੇ ਦੋਸਤੋ ਸਾਡੇ ਅੰਦਰ ਕਾਹਲ ਪੈਦਾ ਕੀਤੀ ਹੈ। ਸਾਡੇ ਕੋਲੋਂ ਸਹਿਜਮਤ ਖੋਹ ਲਿਆ ਹਾਂ, ਭੱਜ-ਦੌੜ ਐਨੀ ਹੋ ਗਈ ਜੇ ਕਿਤੇ ਰੇਲਵੇ ਫਾਟਕ ਲੱਗਿਆ ਹੋਵੇ, ਅਕਸਰ ਦੇਖਦੇ ਹਾਂ ਕਿ ਰੇਲ ਗੱਡੀ ਦੇ ਫਾਟਕ ਹੇਠ ਦੀ ਲੋਕ ਸਕੂਟਰ, ਮੋਟਰਸਾਈਕਲ ਲੰਘਾਉਂਦੇ ਹਨ ਤੇ ਰੇਲ ਗੱਡੀ ਹੇਠ ਆ ਜਾਂਦੇ ਹਨ ਤੇ ਅਨੇਕਾਂ ਹੀ ਪਰਵਾਰ ਉੱਜੜੇ ਹਨ। ਸੋ ਤਰੱਕੀ ਨੇ ਸਾਡਾ ਸਬਰ ਮੁਕਾ ਦਿੱਤਾ। ਸਵਾਲ ਤਾਂ ਇਹ ਉੱਠਦਾ ਹੈ ਕਿ ਤਰੱਕੀ ਦਾ ਫਾਇਦਾ ਕੀ ਹੋਇਆ ? ਜੇ ਤਰੱਕੀ ਬੰਦੇ ਦੇ ਭਲੇ ਲਈ ਸੀ, ਫੇਰ ਭਲਾ ਕਿਉਂ ਨਾ ਹੋਇਆ ? ਇਹ ਅਟੱਲ ਸਚਾਈ ਹੈ ਕਿ ਜਿੱਥੇ ਕੁਦਰਤ ਦੇ ਨਿਯਮਾਂ ਦੇ ਵਿਰੁੱਧ ਤਰੱਕੀ ਕਰਨ ਦੀ ਖੇਡ ਖੇਡਣ ਦੀ ਕੋਸ਼ਿਸ਼ ਹੈ, ਉੱਥੇ ਨਤੀਜਾ ਮਾੜਾ ਹੀ ਆਇਆ ਹੈ।

# ਸੰਪਰਕ : 98722-43621

# ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਭਲਵਾਨਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ



**ਮੋਗਾ (ਅਮਰਜੀਤ ਬੱਬਰੀ)**-ਅੱਜ ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਕਾ. ਸਤੀਸ਼ ਲੂੰਬਾ ਭਵਨ ਮੋਗਾ ਵਿੱਚ ਹੋਈ। ਮੀਟਿੰਗ ਦੀ ਪ੍ਰਧਾਨਗੀ ਯੂਨੀਅਨ ਦੇ ਪ੍ਰਧਾਨ ਬਚਿੱਤਰ ਸਿੰਘ ਧੋਥੜ ਨੇ ਕੀਤੀ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਯੂਨੀਅਨ ਦੇ ਮੈਂਬਰ ਮਿਸਤਰੀ ਪ੍ਰਕਾਸ਼ ਰਾਮ ਲੁਹਾਰ, ਮਾਸਟਰ ਬਲਬੀਰ ਸਿੰਘ ਰਾਮੂੰਵਾਲਾ ਦੇ ਭਣੋਈਆ, ਸਰਬਜੀਤ ਸਿੰਘ ਡਰਾਈਵਰ ਨੱਥੂਵਾਲਾ ਜਦੀਦ, ਸੁਰੇਸ਼ ਕੁਮਾਰ ਕਾਲਾ ਦੀ ਪਤਨੀ, ਅਜਮੇਰ ਸਿੰਘ ਕੈਸ਼ੀਅਰ ਦੇ ਰਿਸ਼ਤੇਦਾਰ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਸਤਪਾਲ ਸਿੰਘ ਸਹਿਗਲ ਨੇ ਚਲਾਈ ਅਤੇ ਪੈਨਸ਼ਨਰਾਂ ਨੂੰ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਜਨਰਲ ਮੈਨੇਜਰ ਮੋਗਾ ਦੇ ਦਫ਼ਤਰ ਵਿੱਚ ਹੁੰਦੇ ਭ੍ਰਿਸ਼ਟਾਚਾਰ ਨੂੰ ਵੀ ਮੁੱਦਾ ਬਣਾਇਆ। ਉਨ੍ਹਾ ਕਿਹਾ ਕਿ ਬਹੁਤ ਸਾਰੇ ਲੋਕ ਡੀ.ਏ. ਪ੍ਰਾਪਤ ਕਰਨ ਲਈ ਰਿੱਟਾਂ ਕਰਵਾ ਰਹੇ ਹਨ। ਉਨ੍ਹਾ ਲੋਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਡੀ.ਏ. ਬਾਰੇ ਵਿਸਥਾਰ ਪੂਰਵਕ ਸਮਝਾਇਆ।

ਇਸ ਮੌਕੇ ਦੋ ਮਤੇ ਪਾਸ ਕੀਤੇ ਗਏ। ਪਹਿਲਾ ਕਿ ਪੰਜਾਬ ਪੈਨਸ਼ਨਰਜ਼ ਯੂਨੀਅਨ ਦਿੱਲੀ ਦੇ ਜੰਤਰ ਮੰਤਰ ਵਿਖੇ ਭਲਵਾਨਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਦੀ ਹੈ, ਦੂਜਾ ਪੰਜਾਬ ਪੈਨਸ਼ਨਰਜ਼ ਯੂਨੀਅਨ ਫਾਸ਼ੀਵਾਦ ਦਾ ਪੁਰਜ਼ੋਰ ਵਿਰੋਧ ਕਰਦੀ ਹੈ। ਇਸ ਮੌਕੇ ਬਹੁਤ ਸਾਰੇ ਪੈਨਸ਼ਨਰਾਂ ਨੇ ਜਨਰਲ ਮੈਨੇਜਰ ਦੇ ਦਫ਼ਤਰ ਵਿੱਚ ਭੇਜੇ ਗਏ ਮੈਡੀਕਲ ਬਿੱਲਾਂ ਦੀ ਸਮੇਂ ਸਿਰ ਅਦਾਇਗੀ ਨਾ ਕੀਤੇ ਜਾਣ ਦਾ ਮਸਲਾ ਵੀ ਉਠਾਇਆ ਅਤੇ ਕਿਹਾ ਕਿ ਦਫ਼ਤਰ ਵਿੱਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਮੌਕੇ ਭੂਪਿੰਦਰ ਸਿੰਘ ਸੇਖੋਂ, ਅਜਮੇਰ ਸਿੰਘ ਅਖਾੜਾ, ਚਮਕੌਰ ਸਿੰਘ ਡਗਰੂ, ਅਮਰ ਸਿੰਘ ਮਹਿਣਾ, ਬਲਦੇਵ ਸਿੰਘ, ਪੋਹਲਾ ਸਿੰਘ ਬਰਾੜ, ਅਜਮੇਰ ਸਿੰਘ ਕੈਸ਼ੀਅਰ, ਬਲਵਿੰਦਰ ਸਿੰਘ ਧਰਮਕੋਟ, ਸੁਰਿੰਦਰ ਕੁਮਾਰ ਹੀਰੋ ਆਦਿ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

# ਆਈ ਜੀ ਛੀਨਾ ਤੇ ਐੱਸ ਐੱਸ ਪੀ ਦੀ ਅਗਵਾਈ 'ਚ ਕੱਢਿਆ ਫਲੈਗ ਮਾਰਚ

**ਤਪਾ ਮੰਡੀ (ਅਰੁਣ ਗੋਇਲ)**-ਪੰਜਾਬ ਪੁਲਸ ਵੱਲੋਂ ਚਲਾਏ ਵਿਜਲ ਅਪ੍ਰੇਸ਼ਨ ਤਹਿਤ ਆਈ.ਜੀ ਪਟਿਆਲਾ ਮੁਖਵਿੰਦਰ ਸਿੰਘ ਛੀਨਾ 'ਤੇ ਐਸ.ਐਸ.ਪੀ ਬਰਨਾਲਾ ਸ੍ਰੀ ਸੰਦੀਪ ਮਲਿਕ ਦੀ ਅਗਵਾਈ 'ਚ ਫਲੈਗ ਮਾਰਚ ਕੱਢਿਆ ਗਿਆ। ਬਾਲਮੀਕ ਚੌਕ 'ਤੇ ਰੇਲਵੇ ਸਟੇਸ਼ਨ ਤਪਾ ਦੀ ਚੈਕਿੰਗ ਕਰਨ ਉਪਰੰਤ ਆਈ.ਜੀ ਛੀਨਾ ਨੇ ਦੱਸਿਆ ਕਿ ਇਹ ਅਪ੍ਰੇਸ਼ਨ ਆਮ ਲੋਕਾਂ ਦੀ ਸੁਰੱਖਿਆ ਲਈ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਨੱਥ ਪਾਉਣ ਲਈ ਚਲਾਏ ਗਏ ਹਨ, ਕਿਉਂਕਿ ਪੁਲਸ ਦਿਨ-ਰਾਤ ਆਪਣੀ ਡਿਊਟੀ ਨਿਭਾਉਂਦੀ ਹੈ। ਇਸੇ ਤਰ੍ਹਾਂ ਅਪ੍ਰੇਸ਼ਨ ਜਾਰੀ ਰਹਿਣਗੇ ਅਤੇ ਇਸੇ ਤਰ੍ਹਾਂ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਾ ਵੇਚਣ ਵਾਲੇ ਵਿਅਕਤੀਆਂ ਦਾ ਖਾਤਮਾ ਕੀਤਾ ਜਾਵੇਗਾ।

ਇਸ ਮਾਰਚ ਦੌਰਾਨ ਤਪਾ ਵਿਚ ਸ਼ਾਂਤ ਮਾਹੌਲ ਪਾਇਆ ਗਿਆ ਅਤੇ ਸ਼ਹਿਰ 'ਚ ਪੁਲਸ ਵੱਲੋਂ ਅਮਨ ਕਾਨੂੰਨ ਕਾਇਮ ਰੱਖਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ। ਇਸ ਮੌਕੇ ਐਸ.ਪੀ ਅਨਮੋਲ ਚੌਧਰੀ,ਐਸ.ਪੀ ਮੇਜਰ ਸਿੰਘ, ਡੀ.ਐਸ.ਪੀ ਤਪਾ ਰਵਿੰਦਰ ਰੰਧਾਵਾ, ਡੀ.ਐਸ.ਪੀ ਮਾਨਵਜੀਤ ਸਿੰਘ, ਡੀ.ਐਸ.ਪੀ ਸਤਵੀਰ ਸਿੰਘ, ਥਾਣਾ ਮੁਖੀ ਤਪਾ ਨਿਰਮਲਜੀਤ ਸਿੰਘ ਸੰਧੂ, ਥਾਣਾ ਮੁਖੀ ਰੂੜੇਕੇ ਕਲਾਂ ਜਗਜੀਤ ਸਿੰਘ, ਚੌਕੀ ਇੰਚਾਰਜ ਗੁਰਪਾਲ ਸਿੰਘ ਤਪਾ ਆਦਿ ਵੱਡੀ ਗਿਣਤੀ 'ਚ ਵੱਖ-ਵੱਖ ਥਾਣਿਆਂ ਦੇ ਐਸ.ਐਚ.ਓਜ, ਸਹਾਇਕ ਥਾਣੇਦਾਰ ਹੌਲਦਾਰ ਤੇ ਮਹਿਲਾ ਪੁਲਸ ਹਾਜ਼ਰ ਸੀ।



# ਸੇਵਾ ਕੇਂਦਰਾਂ 'ਚ ਜਨਵਰੀ ਤੋਂ ਅਪ੍ਰੈਲ ਤੱਕ 133213 ਸੇਵਾਵਾਂ ਮੁਹੱਈਆ ਕਰਾਈਆਂ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਸ਼ਾਸਕੀ ਸੁਧਾਰਾਂ ਤਹਿਤ ਜ਼ਿਲ੍ਹੇ ਦੇ ਕੁੱਲ 26 ਪੇਂਡੂ ਅਤੇ ਸ਼ਹਿਰੀ ਸੇਵਾ ਕੇਂਦਰਾਂ ਵਿਚ ਲੋਕਾਂ ਨੂੰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 423 ਕਿਸਮ ਦੀਆਂ ਸੇਵਾਵਾਂ ਇੱਕੋ ਸਮੇਂ ਵਿਚ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸ਼ਹਿਰੀ ਖੇਤਰਾਂ ਵਿਚ ਆਉਂਦੇ 9 ਸੇਵਾ ਕੇਂਦਰਾਂ ਅਤੇ ਪਿੰਡਾਂ ਦੇ 17 ਸੇਵਾ ਕੇਂਦਰਾਂ ਵਿਚ ਵੱਖ-ਵੱਖ ਵਿਭਾਗਾਂ ਦੀਆਂ ਜਨਵਰੀ 2023 ਤੋਂ ਅਪ੍ਰੈਲ 2023 ਤੱਕ ਕੁੱਲ 133213 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ ਸਿਹਤ ਤੇ ਪਰਵਾਰ ਭਲਾਈ ਦੀਆਂ 12157, ਗ੍ਰਹਿ ਮਾਮਲੇ ਤੇ ਨਿਆਂ ਦੀਆਂ 3540, ਆਧਾਰ ਕਾਰਡ ਦੀਆਂ 34306, ਪ੍ਰਸੋਨਲ ਦੀਆਂ 3042, ਪਾਵਰ/ਇਲੈਕਟ੍ਰੀਸਿਟੀ ਦੀਆਂ 459, ਮਾਲ ਅਤੇ ਮੁੜ ਵਸੇਬੇ ਦੀਆਂ 10227, ਪੇਂਡੂ ਵਿਕਾਸ ਅਤੇ ਪੰਚਾਇਤ ਦੀਆਂ 154, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਬੁਢਾਪਾ ਪੈਨਸ਼ਨ, ਆਸ਼ਰਿਤ ਬੱਚਿਆਂ ਦੀਆਂ ਪੈਨਸ਼ਨਾਂ, ਅੰਗਹੀਣ ਸਰਟੀਫਿਕੇਟ, ਸੀਨੀਅਰ ਸਿਟੀਜ਼ਨ ਕਾਰਡ, ਵਿਧਵਾ ਪੈਨਸ਼ਨ ਆਦਿ ਦੀਆਂ 3661 ਐੱਸਸੀ/ਬੀਸੀ ਦੀ ਭਲਾਈ ਦੀਆਂ 6363, ਲੇਬਰ ਡਿਪਾਰਟਮੈਂਟ ਦੀਆਂ 6529, ਸਾਂਝ ਕੇਂਦਰਾਂ ਨਾਲ ਸਬੰਧਤ 309, ਫਾਰਮ ਭਰਾਈ, ਪੈਨ ਕਾਰਡ, ਮੋਬਾਇਲ ਰੀਚਾਰਜ ਆਦਿ ਦੀਆਂ 49247 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਨਿਪਟਾਰਾ ਸਮੇਂ ਸਿਰ ਕਰ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ 3219 ਅਰਜ਼ੀਆਂ ਵੀ ਪ੍ਰਾਪਤ ਹੋਈਆਂ, ਜਿਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਸੇਵਾਵਾਂ ਤੋਂ ਇਲਾਵਾ ਸੇਵਾ ਕੇਂਦਰ ਵਿੱਚ ਕੁੱਝ ਹੋਰ ਸੇਵਾਵਾਂ ਜਿਵੇਂ ਪੈਸਿਆਂ ਦਾ ਲੈਣ ਦੇਣ, ਬੀਮਾ (ਮੋਟਰ ਵਹੀਕਲ), ਪੈਨ ਕਾਰਡ, ਆਧਾਰ ਲਿੰਕ, ਉੱਚ ਸੁਰੱਖਿਆ ਨੰਬਰ ਪਲੇਟ (ਐੱਚਐੱਸਐੱਨਪੀ), ਪੀਐੱਮਈਕੇਵਾਈਸੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਇਹ ਸਾਰੀਆਂ ਸਰਕਾਰੀ ਸੇਵਾਵਾਂ 'ਸੇਵਾ ਦਾ ਅਧਿਕਾਰ' ਐਕਟ ਅਧੀਨ ਆਉਂਦੀਆਂ ਹਨ ਤੇ ਲੋਕਾਂ ਨੂੰ ਇਸ ਐਕਟ ਅਧੀਨ ਇਹ ਸੇਵਾਵਾਂ ਸਮਾਂਬੱਧ ਢੰਗ ਨਾਲ ਮੁਹੱਈਆ ਕਰਾਈਆਂ ਜਾ ਰਹੀਆਂ ਹਨ।

# ਮਾਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੌਤ

**ਮਾਨਸਾ (ਆਤਮਾ)**-ਰੇਲਵੇ ਲਾਈਨ ਕੋਟਲੀ ਕਲਾਂ-ਮੌੜ ਦਰਮਿਆਨ (ਕੋਟਲੀ ਕਲਾਂ ਵਾਲੀ ਨਹਿਰ 'ਤੇ) ਇੱਕ ਵਿਅਕਤੀ, ਜਿਸ ਦੀ ਉਮਰ ਕਰੀਬ 24 ਤੋਂ 25 ਸਾਲ ਹੈ, ਰੇਲਵੇ ਲਾਈਨ ਕਰਾਸ ਕਰਦੇ ਸਮੇਂ ਮਾਲ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਮੌਤ ਹੋ ਗਈ ਹੈ। ਇਹ ਜਾਣਕਾਰੀ ਏ.ਐਸ.ਆਈ. ਨਿਰਮਲ ਸਿੰਘ ਚੌਕੀ ਇੰਚਾਰਜ ਜੀ.ਆਰ.ਪੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਲਾਸ਼ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਵਿਖੇ ਰੱਖਿਆ ਗਿਆ ਹੈ, ਜਿਸ ਦਾ ਹੁਲੀਆ ਸਾਂਵਲਾ ਰੰਗ, ਲੰਬੂਤਰਾ ਚਿਹਰਾ, ਪਤਲਾ ਤੇ ਛਰਹੀਲਾ ਸਰੀਰ, ਸਿਰ ਦੇ ਵਾਲ ਕਾਲੇ ਅਤੇ ਕੱਟੇ ਹੋਏ, ਗਲ ਵਿਚ ਚਿੱਟਾ ਧਾਗਾ, ਖੱਬੀ ਬਾਂਹ ਦੀ ਕਲਾਈ 'ਤੇ ਧਾਗਾ ਬੰਨ੍ਹਿਆ ਹੈ। ਕੱਦ 5 ਫੁੱਟ 6 ਇੰਚ ਹੈ। ਵਧੇਰੇ ਜਾਣਕਾਰੀ ਲਈ ਚੌਕੀ ਇੰਚਾਰਜ ਨਿਰਮਲ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਬੈਂਕ ਲੁੱਟਣ ਦੇ ਮਾਮਲੇ 'ਚ ਪੇਸ਼ਗੀ ਜ਼ਮਾਨਤ ਅਰਜ਼ੀ ਖ਼ਾਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਵੀਰਇੰਦਰ ਅਗਰਵਾਲ ਦੀ ਅਦਾਲਤ ਨੇ ਇਕ ਨਿੱਜੀ ਬੈਂਕ ਲੁੱਟਣ ਦੇ ਮਾਮਲੇ ਵਿਚ ਥਾਣਾ ਘੱਲ ਖੁਰਦ ਪੁਲਿਸ ਨੂੰ ਲੋੜੀਂਦੇ ਇਕ ਵਿਅਕਤੀ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾਉਣ 'ਤੋਂ ਨਾਂਹ ਕਰਦੇ ਹੋਏ ਪੇਸ਼ਗੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ।

ਘੱਲ ਖੁਰਦ ਪੁਲਸ ਵੱਲੋਂ 21 ਅਕਤੂਬਰ 2021 ਨੂੰ ਦਰਜ ਮਾਮਲੇ ਵਿੱਚ ਦੱਸਿਆ ਗਿਆ ਕਿ ਮੁਲਜ਼ਮਾਂ ਨੇ ਹਕੂਮਤ ਸਿੰਘ ਵਾਲਾ ਸਥਿਤ ਐਕਸਿਸ ਬੈਂਕ ਦੀ ਬ੍ਰਾਂਚ ਨੂੰ ਅੱਧੀ ਰਾਤ ਵੇਲੇ ਸੰਨ ਲਗਾ ਕੇ ਸਟਰਾਂਗ ਰੂਮ ਤੋੜਦੇ ਹੋਏ 25 ਲੱਖ 71 ਹਜ਼ਾਰ 250 ਰੁਪਏ ਲੁੱਟੇ ਸਨ। ਇਸ ਮਾਮਲੇ ਵਿੱਚ ਪੁਲਸ ਵੱਲੋਂ ਗੁਰਪਿੰਦਰ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਪਿੰਡ ਠੇਠਰ ਕਲਾਂ ਫ਼ਿਰੋਜ਼ਪੁਰ ਨੂੰ ਨਾਮਜ਼ਦ ਕਰ ਕੇ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਗਈ। ਪੁਲਸ ਹਿਰਾਸਤ ਤੋਂ ਬਚਣ ਵਾਸਤੇ ਲਗਾਈ ਅਰਜ਼ੀ 'ਤੇ ਸਰਕਾਰੀ ਵਕੀਲ ਦਲੀਪ ਕੁਮਾਰ ਦੀ ਬਹਿਸ ਸੁਣਨ ਉਪਰੰਤ ਜ਼ਿਲ੍ਹਾ ਜੱਜ ਨੇ ਜੁਰਮ ਦੀ ਗੰਭੀਰਤਾ ਨੂੰ ਦੇਖਦੇ ਹੋਏ ਗੁਰਪਿੰਦਰ ਸਿੰਘ ਦੀ ਪੇਸ਼ਗੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ।

## ਕਾਤਰਾਂ

### ਸੜਕ ਹਾਦਸੇ 'ਚ ਬਖਸ਼ੀਵਾਲਾ ਦੇ ਨੌਜਵਾਨ ਦੀ ਮੌਤ



**ਬਰੇਟਾ (ਰੀਤਵਾਲ)**-ਪਿੰਡ ਬਖਸ਼ੀਵਾਲਾ ਦੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਹੈ। ਇਕੱਤਰ ਜਾਣਕਾਰੀ ਅਨੁਸਾਰ ਟੋਹਾਣਾ ਰੋਡ ਨਜ਼ਦੀਕ ਨਵਾਂ ਬੱਸ ਸਟੈਂਡ ਮੂਨਕ ਵਿਖੇ ਜਗਮੀਤ ਸਿੰਧੂ ਉਰਫ਼ ਚੈਰੀ ਦੀ (35) ਦੀ ਸੜਕ ਦੁਰਘਟਨਾ 'ਚ ਮੌਤ ਹੋ ਗਈ। ਪੁਲਸ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਆਪਣੇ ਕਿਸੇ ਦੋਸਤ ਨੂੰ ਮਿਲਣ ਲਈ ਟੋਹਾਣਾ ਵੱਲ ਜਾ ਰਿਹਾ ਸੀ ਤਾਂ ਅਚਾਨਕ ਬੱਸ ਸਟੈਂਡ ਕੋਲ ਮੋਟਰਸਾਇਕਲ ਦੇ ਬੇਕਾਬੂ ਹੋ ਜਾਣ 'ਤੇ ਨਜ਼ਦੀਕ ਪਾਰਕ ਦੇ ਜਾਲ਼ ਨਾਲ ਟਕਰਾ ਗਿਆ, ਜਿਸਦੀ ਮੌਕੇ 'ਤੇ ਮੌਤ ਹੋ ਗਈ। ਨੌਜਵਾਨ ਦੀ ਮੌਤ ਨੂੰ ਲੈ ਕੇ ਪੂਰੇ ਪਿੰਡ 'ਚ ਸੋਗ ਦੀ ਲਹਿਰ ਹੈ। ਮ੍ਰਿਤਕ ਵਿਅਕਤੀ ਆਪਣੇ ਪਿੱਛੇ ਬਜ਼ੁਰਗ ਮਾਤਾ ਤੋਂ ਇਲਾਵਾ ਪਤਨੀ ਤੇ ਇੱਕ ਲੜਕਾ ਛੱਡ ਗਿਆ ਹੈ।

### ਐਡਵੋਕੇਟ ਪ੍ਰਾਚੀ ਗੁਪਤਾ ਨੂੰ ਰਾਸ਼ਟਰੀ ਕਾਲ ਪੇਪਰ ਲਈ ਚੁਣਿਆ



**ਸਮਾਣਾ (ਇਕਬਾਲ ਸਿੰਘ ਬੱਲ,ਗੁਰਪਿਆਰ ਸਿੰਘ ਬੱਲ)**-ਸਮਾਣਾ ਦੀ ਬੇਟੀ ਪ੍ਰਾਚੀ ਗੁਪਤਾ ਜਿਸ ਨੇ ਹਾਲ ਹੀ 'ਚ ਆਪਣੀ ਲਾਅ ਦੀ ਪੜ੍ਹਾਈ ਪੂਰੀ ਕੀਤੀ ਹੈ, ਦੇ ਪਰਚੇ ਨੂੰ ਜਸਟਿਸ ਦੀਪਕ ਮਿਸ਼ਰਾ ਦੇ ਰਾਸ਼ਟਰੀ ਕਾਲ ਪੇਪਰ ਲਈ ਚੁਣਿਆ ਗਿਆ ਹੈ, ਜੋ ਕਿ ਪ੍ਰਾਚੀ ਗੁਪਤਾ ਦੇ ਨਾਲ ਨਾਲ ਉਸ ਦੇ ਮਾਪੇ ਜੋ ਸੁਰਗੀਏ ਮੁਕੇਸ਼ ਗਰਗ ਨੇ ਪ੍ਰਾਚੀ ਗੁਪਤਾ ਨੂੰ ਇਸ ਮੁਕਾਮ ਤੇ ਪਹੁੰਚਣ ਦੇ ਕਾਬਲ ਬਣਾਇਆ ਤਾਂ ਜੋ ਉਨ੍ਹਾਂ ਦੀ ਬੇਟੀ ਹੋਰ ਬੁਲੰਦੀਆਂ ਨੂੰ ਛੂ ਸਕੇ। ਐਡਵੋਕੇਟ ਪ੍ਰਾਚੀ ਗੁਪਤਾ ਨੇ ਦੱਸਿਆ ਕਿ ਉਸ ਦਾ ਇਹ ਪਰਚਾ ਜਸਟਿਸ ਏ.ਕੇ.ਦੁਆਰਾ ਸੰਪਾਦਿਤ ਪੁਸਤਕ ਗਲੋਬਲ ਵਿਚਾਰ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ। ਉਨ੍ਹਾ ਇਹ ਵੀ ਦੱਸਿਆ ਕਿ ਉਨ੍ਹਾ ਦਾ ਇਹ ਪਰਚਾ 2550 ਐਂਟਰੀਜ਼ ਵਿਚੋਂ ਪਹਿਲੇ 150 ਐਂਟਰੀਜ਼ ਵਿਚ ਆਇਆ ਹੈ, ਜੋ ਕਿ ਉਨ੍ਹਾਂ ਲਈ ਵੱਡੇ ਮਾਣ ਵਾਲੀ ਗੱਲ ਹੈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਦੇ ਕਰੀਬ 15 ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ ਪ੍ਰੰਤੂ ਦੇਸ਼ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਕਿਤਾਬ ਵਿਚ ਕੋਈ ਪੇਪਰ ਪ੍ਰਕਾਸ਼ਿਤ ਹੋਣਾ ਮੇਰੇ ਲਈ ਵੱਡੇ ਮਾਣ ਦੀ ਗੱਲ ਹੈ।

### ਡੀ ਐਸ ਪੀ ਜਸਯਜੋਤ ਸਿੰਘ ਨੇ ਨਸ਼ੇ ਦੇ ਕਾਰੋਬਾਰ ਨੂੰ ਪਾਈ ਠੱਲ੍ਹ : ਰਵੀ ਮੌੜ, ਲੱਖਾ ਚੰਨੂੰਵਾਲਾ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਜਦੋਂ ਤੋਂ ਡੀ ਐਸ ਪੀ ਜਸਯਜੋਤ ਸਿੰਘ ਨੇ ਆਪਣੇ ਬਾਘਾ ਪੁਰਾਣਾ ਦਾ ਚਾਰਜ ਸੰਭਾਲਿਆ ਹੈ ਉਦੋਂ ਤੋਂ ਉਨ੍ਹਾ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਕਰ ਕੇ ਬਾਘਾ ਪੁਰਾਣਾ ਅੰਦਰ ਕ੍ਰਾਈਮ ਨੂੰ ਠੱਲ੍ਹ ਪਈ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪ੍ਰਧਾਨ ਰਵੀ ਮੌੜ ਅਤੇ ਲੱਖਾ ਚੰਨੂੰਵਾਲਾ ਨੇ ਕਰਦਿਆਂ ਕਿਹਾ ਕਿ ਡੀ ਐਸ ਪੀ ਜਸਯਜੋਤ ਸਿੰਘ ਵੱਲੋਂ ਬਾਘਾ ਪੁਰਾਣਾ ਦੇ ਪਿੰਡਾਂ ਦੇ ਸਰਪੰਚਾਂ ਦੇ ਇਲਾਵਾ ਮੋਹਤਬਰ ਵਿਅਕਤੀਆਂ ਨਾਲ ਮੀਟਿੰਗਾਂ ਕਰ ਕੇ ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਉਨ੍ਹਾਂ ਦੇ ਪਿੰਡ ਵਿਚ ਨਸ਼ਾ ਜਾਂ ਸਮੱਗਲਿੰਗ ਦਾ ਕੰਮ ਕਰਦਾ ਹੈ ਉਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਜਾਵੇ ਅਤੇ ਉਨ੍ਹਾਂ ਦਾ ਨਾਂਅ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਜੋ ਵੀ ਪੀੜਤ ਵਿਅਕਤੀ ਡੀ ਐਸ ਪੀ ਦਫਤਰ ਵਿਚ ਆਪਣੀ ਫਰਿਆਦ ਲੈ ਕੇ ਜਾਂਦਾ ਹੈ, ਡੀ ਐਸ ਪੀ ਜਸਯਜੋਤ ਸਿੰਘ ਉਸ ਦਾ ਹੱਲ ਜ਼ਰੂਰ ਕਰਦੇ ਹਨ। ਇਸ ਕਰ ਕੇ ਡੀ ਐਸ ਪੀ ਜਸਯਜੋਤ ਸਿੰਘ ਹਲਕਾ ਬਾਘਾ ਪੁਰਾਣਾ ਦੇ ਲੋਕਾਂ 'ਚ ਹਰਮਨ ਪਿਆਰੇ ਅਫਸਰ ਵਜੋਂ ਜਾਣੇ ਜਾਂਦੇ ਹਨ। ਪ੍ਰਧਾਨ ਰਵੀ ਮੌੜ ਅਤੇ ਲੱਖਾ ਚੰਨੂੰਵਾਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਅਸੀਂ ਨਸ਼ਾ ਖਤਮ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅਜਿਹੇ ਇਮਾਨਦਾਰ ਅਫਸਰਾਂ ਦਾ ਸਾਥ ਜ਼ਰੂਰ ਦੇਣਾ ਚਾਹੀਦਾ ਹੈ।

# ਜਲਾਲਾਬਾਦ ਬਿਜਲੀ ਵੰਡ ਮੰਡਲ 'ਚ 74653 ਪਰਵਾਰਾਂ ਨੂੰ ਬਿਜਲੀ ਬਿੱਲਾਂ ਤੋਂ ਰਾਹਤ : ਗੋਲਡੀ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਘਰੇਲੂ ਬਿਜਲੀ ਵਰਤੋਂ 'ਚ 600 ਯੂਨਿਟ ਪ੍ਰਤੀ ਬਿਲਿੰਗ ਸਾਈਕਲ ਤੱਕ ਦਿੱਤੀ ਜ਼ੀਰੋ ਬਿੱਲ ਦੀ ਸਹੂਲਤ ਬਿਜਲੀ ਵੰਡ ਮੰਡਲ ਜਲਾਲਾਬਾਦ ਦੇ ਹਜ਼ਾਰਾਂ ਪਰਵਾਰਾਂ ਲਈ ਵੱਡੀ ਰਾਹਤ ਬਣ ਕੇ ਆਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕੀਤਾ। ਵਿਧਾਇਕ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰੇਕ ਵਰਗ ਨੂੰ ਧਿਆਨ ਵਿਚ ਰੱਖਦਿਆਂ ਘਰੇਲੂ ਬਿਜਲੀ ਵਰਤੋਂ ਦੇ ਖ਼ਪਤਕਾਰਾਂ ਨੂੰ ਇੱਕ ਸਮਾਨ 600 ਯੂਨਿਟ ਤੱਕ ਵਰਤੋਂ ਹੋਣ 'ਤੇ ਜ਼ੀਰੋ ਬਿਜਲੀ ਬਿੱਲ ਦੀ ਸਹੂਲਤ ਦਾ ਲਾਭ ਦਿੱਤਾ ਹੈ। ਉਨ੍ਹਾ ਕਿਹਾ ਕਿ ਮੌਜੂਦਾ ਸਰਕਾਰ ਪੱਖਪਾਤ ਤੋਂ ਉਪਰ ਉਠ ਕੇ ਹਰ ਵਰਗ ਨੂੰ ਸਰਕਾਰ ਦੀਆਂ ਸਕੀਮਾਂ ਦਾ ਲਾਹਾ ਦੇ ਰਹੀ ਹੈ। ਵਿਧਾਇਕ ਗੋਲਡੀ ਕੰਬੋਜ ਅਨੁਸਾਰ ਜੋ ਡਾਟੇ ਉਨ੍ਹਾ ਕੋਲ ਬਿਜਲੀ ਅਧਿਕਾਰੀਆਂ ਦੀ ਮਾਰਫਤ ਪਹੁੰਚੇ ਹਨ, ਉਨ੍ਹਾਂ ਡਾਟਿਆਂ ਅਨੁਸਾਰ ਸਾਲ 2022-23 ਦੇ ਆਖਰੀ ਬਿਲਿੰਗ ਤੱਕ ਜਲਾਲਾਬਾਦ ਬਿਜਲੀ ਵੰਡ ਮੰਡਲ ਦੀਆਂ ਪੰਜਾਂ ਬਿਜਲੀ ਸਬ ਡਵੀਜ਼ਨਾਂ ਤੋਂ 85 ਫ਼ੀਸਦੀ ਘਰੇਲੂ ਬਿਜਲੀ ਖ਼ਪਤਕਾਰ ਇਸ ਸੁਵਿਧਾ ਦਾ ਲਾਭ ਲੈ ਰਹੇ ਹਨ। 600 ਯੂਨਿਟ ਤੱਕ ਵਰਤੋਂ ਹੋਣ 'ਤੇ ਜ਼ੀਰੋ ਬਿਜਲੀ ਬਿੱਲ ਦੀ ਦਿੱਤੀ ਸਹੂਲਤ ਦਾ ਇਸ ਬਿਜਲੀ ਵੰਡ ਮੰਡਲ ਦੇ 74653 ਖ਼ਪਤਕਾਰਾਂ ਨੇ ਲਾਹਾ ਹਾਸਲ ਕੀਤਾ ਹੈ। ਉਨ੍ਹਾ ਦੱਸਿਆ ਕਿ ਪਾਵਰਕਾਮ ਦੇ ਇਸ ਵੰਡ ਮੰਡਲ ਵਿੱਚ ਕੁੱਲ ਘਰੇਲੂ ਸਪਲਾਈ ਖਪਤਕਾਰ 87629 ਹਨ। ਵਿਧਾਇਕ ਨੇ ਮੰਡਲ ਵਾਰ ਵੇਰਵੇ ਦਿੰਦਿਆਂ ਦੱਸਿਆ ਕਿ ਜਲਾਲਾਬਾਦ ਸਿਟੀ ਬਿਜਲੀ ਉਪਮੰਡਲ ਵਿੱਚ 25872 ਘਰੇਲੂ ਖ਼ਪਤਕਾਰਾਂ ਵਿੱਚੋਂ 21724 ਪਰਵਾਰਾਂ ਦਾ ਬਿੱਲ ਜ਼ੀਰੋ ਆਇਆ ਹੈ। ਇਸੇ ਤਰ੍ਹਾਂ ਜਲਾਲਾਬਾਦ ਸਬ ਅਰਬਨ ਬਿਜਲੀ ਉਪ ਮੰਡਲ ਵਿੱਚ 14849 ਪਰਵਾਰਾਂ 'ਚੋਂ 12933 ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ। ਇਸ ਤੋਂ ਇਲਾਵਾ ਜੇ ਗੁਆਂਢੀ ਹਲਕੇ ਗੁਰਹਰਸਹਾਏ 'ਚ 18336 ਘਰੇਲੂ ਬਿਜਲੀ ਖ਼ਪਤਕਾਰਾਂ ਵਿੱਚੋਂ 15088 ਪਰਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ। ਬਿਜਲੀ ਉਪ ਮੰਡਲ ਸਬ ਅਰਬਨ ਗੁਰਹਰਸਹਾਏ ਵਿੱਚ ਕੁੱਲ 16973 ਘਰੇਲੂ ਬਿਜਲੀ ਕੁਨੈਕਸ਼ਨ ਹਨ, ਜਿਨ੍ਹਾਂ ਵਿੱਚੋਂ 15080 ਦਾ ਬਿੱਲ ਜ਼ੀਰੋ ਆਇਆ ਹੈ। ਘੁਬਾਇਆ ਬਿਜਲੀ ਉਪ ਮੰਡਲ ਵਿੱਚ 11599 ਘਰੇਲੂ ਕੁਨੈਕਸ਼ਨਾਂ 'ਚੋਂ 9828 ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ।

# ਰੇਤ ਦੀ ਨਜਾਇਜ਼ ਖੱਡ 'ਤੇ ਅੱਧੀ ਰਾਤ ਪੁਲਸ ਨੇ ਕੀਤੀ ਛਾਪੇਮਾਰੀ

*12 ਖਿਲਾਫ਼ ਮਾਮਲਾ ਦਰਜ, 7 ਵਾਹਨ ਜ਼ਬਤ*

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੂੰਮ ਕਲਾਂ ਥਾਣਾ ਅਧੀਨ ਪੈਂਦੇ ਸਤਲੁਜ ਦਰਿਆ ਅੰਦਰ ਰੇਤੇ ਦੀ ਨਜਾਇਜ਼ ਮਾਈਨਿੰਗ ਹਮੇਸ਼ਾ ਸੁਰਖ਼ੀਆਂ 'ਚ ਰਹਿੰਦੀ ਹੈ ਅਤੇ ਹੁਣ ਫਿਰ ਅੱਧੀ ਰਾਤ ਨੂੰ ਚੱਲਦੀ ਨਜਾਇਜ਼ ਖੱਡ 'ਤੇ ਪੁਲਸ ਨੇ ਛਾਪੇਮਾਰੀ ਕਰ 12 ਵਿਅਕਤੀਆਂ ਬਹਾਦਰ ਸਿੰਘ, ਮਨਜੀਤ ਸਿੰਘ, ਗੁਰਮੁਖ ਸਿੰਘ, ਸੁਰਿੰਦਰਪਾਲ ਸਿੰਘ ਲੱਲੀ (ਸਾਰੇ ਵਾਸੀ ਹਾਦੀਵਾਲ), ਬਲਵਿੰਦਰ ਸਿੰਘ, ਮਨਜੀਤ ਸਿੰਘ, ਬੇਅੰਤ ਸਿੰਘ, ਅਮਰਜੀਤ ਸਿੰਘ, ਹਰਪ੍ਰੀਤ ਸਿੰਘ (ਸਾਰੇ ਵਾਸੀ ਮੰਡ ਚੌਂਤਾ) ਸਮੇਤ 3 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ 7 ਵਾਹਨ ਜ਼ਬਤ ਕੀਤੇ।

ਪ੍ਰਾਪਤ ਜਾਣਕਾਰੀ ਅਨੁਸਾਰ ਏਡੀਸੀਪੀ-4 ਤੁਸ਼ਾਰ ਗੁਪਤਾ ਵੱਲੋਂ ਭਾਰੀ ਫੋਰਸ ਬਲ ਨੂੰ ਨਾਲ ਲੈ ਕੇ ਸਤਲੁਜ ਦਰਿਆ ਦੀ ਘੇਰਾਬੰਦੀ ਕੀਤੀ ਤੇ ਉਨ੍ਹਾਂ ਨੂੰ ਸੂਚਨਾ ਸੀ ਕਿ ਇੱਥੇ ਵੱਡੀ ਮਾਤਰਾ ਵਿੱਚ ਰਾਤ ਸਮੇਂ ਰੇਤੇ ਦੀ ਨਜਾਇਜ਼ ਮਾਈਨਿੰਗ ਹੁੰਦੀ ਹੈ। ਜਾਣਕਾਰੀ ਅਨੁਸਾਰ ਪੁਲਸ ਤੋਂ ਬਚਾਅ ਲਈ ਇਹ ਨਜਾਇਜ਼ ਮਾਈਨਿੰਗ ਕਰਨ ਵਾਲਿਆਂ ਵੱਲੋਂ ਸੁਰਿੰਦਰਪਾਲ ਸਿੰਘ ਉਰਫ਼ ਲੱਲੀ ਆਪਣੇ ਸਾਥੀਆਂ ਸਮੇਤ ਸਤਲੁਜ ਦਰਿਆ ਨੇੜੇ ਨਿਗਰਾਨੀ ਕਰ ਰਿਹਾ ਸੀ ਕਿ ਜੇਕਰ ਪੁਲਸ ਆਵੇ ਤਾਂ ਤੁਰੰਤ ਸੂਚਿਤ ਕੀਤਾ ਜਾਵੇ ਤਾਂ ਜੁ ਉਹ ਆਪਣੇ ਵਾਹਨ ਭਜਾ ਕੇ ਲੈ ਜਾਣ। ਪੁਲਸ ਵਲੋਂ ਜਦੋਂ ਸਤਲੁਜ ਦਰਿਆ 'ਚ ਜਾਂਚ ਕੀਤੀ ਗਈ ਤਾਂ ਨਿਗਰਾਨੀ ਲਈ ਖੜ੍ਹੇ ਸੁਰਿੰਦਰਪਾਲ ਲੱਲੀ ਨੇ ਅੰਦਰ ਨਜਾਇਜ਼ ਮਾਈਨਿੰਗ ਕਰਨ ਵਾਲਿਆਂ ਨੂੰ ਸੂਚਿਤ ਕਰ ਦਿੱਤਾ, ਜੋ ਆਪਣੇ ਵਾਹਨ ਭਜਾ ਕੇ ਲੈ ਗਏ। ਪੁਲਸ ਨੇ ਸੁਰਿੰਦਰਪਾਲ ਲੱਲੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 7 ਵਾਹਨ ਹੀ ਕਾਬੂ ਆਏ, ਜਦਕਿ ਬਾਕੀ ਮੌਕੇ ਤੋਂ ਟ੍ਰੈਕਟਰ ਲੈ ਕੇ ਫ਼ਰਾਰ ਹੋ ਗਏ। ਪੁਲਸ ਵੱਲੋਂ ਫਿਲਹਾਲ 12 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਰਕਾਰੀ ਸੈਕੰਡਰੀ ਸਕੂਲ ਰੱਲਾ ਦੀਆਂ ਮੈਰਿਟ 'ਚ ਆਉਣ ਵਾਲੀਆਂ 6 ਵਿਦਿਆਰਥਣਾਂ ਦਾ ਵਿਸ਼ੇਸ਼ ਸਨਮਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚ ਆਪਣਾ ਨਾਂਅ ਮੈਰਿਟ ਸੂਚੀ ਵਿੱਚ ਦਰਜ ਕਰਵਾਉਣ ਵਾਲੀਆਂ ਸਰਕਾਰੀ ਸੈਕੰਡਰੀ ਸਕੂਲ ਰੱਲਾ (ਕੁੜੀਆਂ) ਦੀਆਂ 6 ਵਿਦਿਆਰਥਣਾਂ ਦੀ ਹੌਸਲਾ ਅਫ਼ਜ਼ਾਈ ਲਈ ਸਕੂਲ ਵਿਖੇ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਹਰਿੰਦਰ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਭੁੱਲਰ ਨੇ ਸਮੂਹ ਸਟਾਫ਼ ਅਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਜ਼ਿਲੇ ਦੇ ਕੁੱਲ 14 ਵਿਦਿਆਰਥੀ ਮੈਰਿਟ ਵਿੱਚ ਆਏ ਹਨ, ਜਿਨਾਂ ਵਿੱਚੋਂ ਪਿੰਡ ਰੱਲਾ ਦੇ ਸਰਕਾਰੀ ਸੈਕੰਡਰੀ ਸਕੂਲ ਦੀਆਂ 6 ਵਿਦਿਆਰਥਣਾਂ ਨੇ ਮੈਰਿਟ ਵਿੱਚ ਜਗ੍ਹਾ ਹਾਸਲ ਕੀਤੀ ਹੈ। ਉਨ੍ਹਾ ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਭਵਿੱਖ ਵਿੱਚ ਵੀ ਆਪਸੀ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਮਿਹਨਤ ਕਰਨ ਅਤੇ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਮਦਨ ਲਾਲ ਕਟਾਰੀਆ ਨੇ ਕਿਹਾ ਕਿ ਸਕੂਲ ਦੀਆਂ 6 ਵਿਦਿਆਰਥਣਾਂ ਰਮਨਪ੍ਰੀਤ ਕੌਰ, ਗੁਰਜੋਤ ਕੌਰ, ਨੰਦਨੀ ਕੌਰ, ਗਗਨਪ੍ਰੀਤ ਕੌਰ, ਗੁਰਪ੍ਰੀਤ ਕੌਰ ਅਤੇ ਦਵਿੰਦਰ ਕੌਰ ਨੇ ਅਧਿਆਪਕਾਂ ਦੀ ਮਿਹਨਤ ਅਤੇ ਆਪਣੀ ਲਗਨ ਸਦਕਾ ਸੂਬੇ ਦੀ ਮੈਰਿਟ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਹੈ।

ਇਸ ਦੌਰਾਨ ਮੈਰਿਟਾਂ ਵਿਚ ਆਉਣ ਵਾਲੀਆਂ ਵਿਦਿਆਰਥਣਾਂ ਨੇ ਵੀ ਆਪਣੀ ਖ਼ੁਸ਼ੀ ਸਾਰਿਆਂ ਨਾਲ ਸਾਂਝੀ ਕਰਦੇ ਹੋਏ ਵਿਚਾਰ ਪੇਸ਼ ਕੀਤੇ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਕੇ ਆਪਣੇ ਸਕੂਲ, ਪਿੰਡ ਅਤੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੀਆਂ। ਇਸ ਮੌਕੇ ਉਪ-ਜ਼ਿਲਾ ਸਿੱਖਿਆ ਅਫਸਰ (ਐਲੀਮੈਂਟਰੀ) ਗੁਰਲਾਭ ਸਿੰਘ ਸਰਾਂ, ਪਿੰਡ ਰੱਲਾ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਮਨਜੀਤ ਸਿੰਘ, ਸਾਬਕਾ ਸਰਪੰਚ ਬਲਦੇਵ ਸਿੰਘ, ਰਿਟਾਇਰਡ ਅਧਿਆਪਕ ਬਿੱਕਰ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਮੇਜਰ ਸਿੰਘ, ਪੀ.ਟੀ.ਏ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ, ਸੂਬੇਦਾਰ ਮੇਜਰ ਦਰਸ਼ਨ ਸਿੰਘ, ਐਕਸ ਸਰਵਿਸਮੈਨ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਜਗਦੇਵ ਸਿੰਘ, ਮਨਜਿੰਦਰ ਸਿੰਘ ਲਵਲੀ, ਸੁਰਿੰਦਰ ਕੌਰ ਸਮਾਜ ਸੇਵੀ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਤਾ-ਪਿਤਾ ਤੋਂ ਇਲਾਵਾ ਹੋਰ ਵੀ ਵਿਅਕਤੀ ਮੌਜੂਦ ਸਨ।

# ਅਸ਼ਲੀਲ ਪੋਸਟਰ ਲਾਉਣ ਵਾਲੇ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇੱਕ ਔਰਤ ਸ਼ਾਮ ਸਮੇਂ ਜਦੋਂ ਆਪਣੇ ਚਾਚੇ ਸੁਹਰੇ ਦੇ ਘਰ ਜਾ ਰਹੀ ਸੀ, ਉਸ ਨੂੰ ਜਬਰੀ ਰੋਕ ਕੇ ਕੁਝ ਵਿਅਕਤੀਆਂ ਨੇ ਅਸ਼ਲੀਲ ਹਰਕਤਾਂ ਕਰਦਿਆਂ ਉਸ ਦੀ ਚੁੰਨੀ ਖਿੱਚ ਕੇ ਉਤਾਰਨ ਤੇ ਸਕੂਲ ਅਤੇ ਬਿਜਲੀ ਦੇ ਖੰਭਿਆਂ 'ਤੇ ਅਸਲੀਲ ਪੋਸਟਰ ਲਾਉਣ ਦੇ ਦੋਸ਼ਾਂ ਤਹਿਤ ਪੁਲਸ ਨੇ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਇੰਚਾਰਜ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਔਰਤ ਨੇ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਕਿ ਉਹ ਸ਼ਾਮ ਸਮੇਂ ਆਪਣੇ ਚਾਚੇ ਸਹੁਰੇ ਦੇ ਘਰ ਜਾ ਰਹੀ ਸੀ।

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਡਾਕਟਰ ਬੀ. ਆਰ. ਅੰਬੇਡਕਰ ਵੈਲਫੇਅਰ ਸੋਸਾਇਟੀ ਪਿੰਡ ਲਲਵਾਨ ਦੀ ਇਕ ਮੀਟਿੰਗ ਹੋਈ। ਜਿਸ ਵਿੱਚ ਸੂਬੇਦਾਰ ਸੁਦਰਸ਼ਨ ਕੁਮਾਰ, ਸੁਰਿੰਦਰਪਾਲ, ਜਗਦੀਸ਼ ਸਿੰਘ, ਹਰਪਾਲ ਸਿੰਘ, ਬੇਅੰਤ ਰਾਏ, ਜਸਪਾਲ ਸਿੰਘ, ਨਰਿੰਦਰ, ਮਾਸਟਰ ਰਾਮ ਲੁਭਾਇਆ, ਅੰਮ੍ਰਿਤ ਲਾਲ, ਹਰਪਾਲ ਪਾਲੀ, ਬਲਜੀਤ ਸਿੰਘ, ਤਰਲੋਚਨ ਸਿੰਘ ਸੰਧੂ ਸਾਰੇ ਕਮੇਟੀ ਮੈਂਬਰ ਤੇ ਪਿੰਡ ਵਾਸੀ ਹਾਜਰ ਹੋਏ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਦੇ ਸਬੰਧ ਵਿੱਚ ਇਕ ਵਿਸ਼ੇਸ਼ ਸਮਾਗਮ 14 ਮਈ ਦਿਨ ਐਤਵਾਰ ਨੂੰ ਡੇਰਾ ਸੇਵਾਪੁਰੀ ਪਿੰਡ ਲਲਵਾਨ ਵਿਖੇ ਕੀਤਾ ਜਾ ਰਿਹਾ ਹੈ। ਇਸ ਮੌਕੇ ਜਿਸ ਵਿੱਚ ਬਾਬਾ ਪਹੁੰਚ ਰਹੀ ਨਾਟਕ ਟੀਮ ਵੱਲੋਂ ਬਾਬਾ ਸਾਹਿਬ ਦੇ ਜੀਵਨ ਨਾਲ ਸਬੰਧਤ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਬੁਲਾਰੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਸੰਘਰਸ਼ਮਈ ਜਿੰਦਗੀ ਅਤੇ ਉਹਨਾਂ ਦੀ ਸਮਾਜ ਨੂੰ ਦੇਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਣਗੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿਚ ਡੇਰਾ ਸੇਵਾ ਪੁਰੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਗਦੀਸ਼ਵਰਾਨੰਦ ਵਿਸ਼ੇਸ਼ ਸਹਿਯੋਗ ਕਰ ਰਹੇ ਹਨ। ਇਸ ਮੌਕੇ ਸਮਾਗਮ ਵਿਚ ਪਹੁੰਚੀਆਂ ਸੰਗਤਾਂ ਲਈ ਖਾਣ ਪੀਣ ਦਾ ਉਚਿਤ ਪ੍ਰਬੰਧ ਹੋਵੇਗਾ। ਪ੍ਰਬੰਧਕ ਕਮੇਟੀ ਮੈਂਬਰਾਂ ਨੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ 14 ਮਈ ਦਿਨ ਐਤਵਾਰ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਤੋਂ ਜਾਣੂ ਹੋਣ।

# ਦੁਕਾਨਦਾਰਾਂ ਵੱਲੋਂ ਦਿੱਤੇ ਮੰਗ ਪੱਤਰ ਤੋਂ ਬਾਅਦ ਸਿਹਤ ਵਿਭਾਗ ਦੀ ਟੀਮ ਨੇ ਲਿਆ ਜਾਇਜ਼ਾ



ਟਰੱਕ ਯੂਨੀਅਨ ਨੇੜੇ ਜਾਇਜ਼ਾ ਲੈਣ ਮੌਕੇ ਸਿਹਤ ਵਿਭਾਗ ਦੀ ਟੀਮ ਤੇ ਨਾਲ ਸਮੂਹ ਦੁਕਾਨਦਾਰ।

**ਤਪਾ ਮੰਡੀ (ਅਰੁਣ ਗੋਇਲ)**

ਸੰਘਣੀ ਆਬਾਦੀ 'ਚੋਂ ਮੀਟ ਵਾਲੀਆਂ ਦੁਕਾਨਾਂ ਚੁਕਵਾਉਣ ਲਈ ਦਿੱਤੇ ਮੰਗ ਪੱਤਰ 'ਤੇ ਉਸ ਸਮੇਂ ਅਸਰ ਦੇਖਣ ਨੂੰ ਮਿਲਿਆ, ਜਦ ਸਿਹਤ ਵਿਭਾਗ ਦੀ ਟੀਮ ਨੇ ਮੌਕੇ ਦਾ ਜਾਇਜ਼ਾ ਲੈ ਕੇ ਰਿਪੋਰਟ ਸੀਨੀਅਰ ਮੈਡੀਕਲ ਅਫ਼ਸਰ ਨੂੰ ਸੌਂਪੀ ਗਈ।

ਐਸ.ਐਮ ਓ ਦੇ ਦਿਸ਼ਾਂ-ਨਿਰਦੇਸ਼ਾਂ ਤੇ ਸਿਹਤ ਵਿਭਾਗ ਦੇ ਐਸ.ਆਈ ਵਿਨੋਦ ਕੁਮਾਰ ਦੀ ਅਗਵਾਈ 'ਚ ਟੀਮ ਨੇ ਦੱਸਿਆ ਕਿ ਮੀਟ ਦੀਆਂ ਦੁਕਾਨਾਂ ਕਾਰਨ ਜਿੱਥੇ ਭੈੜੀ ਬਦਬੂ ਨੇ ਉਨ੍ਹਾਂ ਦਾ ਜੀਣਾ ਦੁੱਭਰ ਕਰਕੇ ਰੱਖਿਆ ਹੋਇਆ ਹੈ, ਉੱਥੇ ਅਕਸਰ ਹੀ ਅਵਾਰਾ ਜਾਨਵਰਾਂ ਤੇ ਮੱਖੀਆਂ ਕਾਰਨ ਗੰਦਗੀ ਫੈਲ ਰਹੀ ਹੈ, ਜਿਸ ਦਾ ਅਸਰ ਉਨ੍ਹਾਂ ਦੇ ਰੁਜ਼ਗਾਰ 'ਤੇ ਵੀ ਪੈ ਰਿਹਾ ਹੈ।

ਦੁਕਾਨਦਾਰਾਂ ਨੇ ਦੱਸਿਆ ਕਿ ਜੇ ਜਲਦ ਤੋਂ ਜਲਦ ਸੰਘਣੀ ਆਬਾਦੀ ਵਿੱਚੋਂ ਇਹ ਦੁਕਾਨਾਂ ਨਾ ਚੁਕਵਾਈਆਂ ਗਈਆਂ ਤਾਂ ਉਹ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਣਗੇ। ਜਦ ਇਸ ਸਬੰਧੀ ਸਿਹਤ ਵਿਭਾਗ ਦੀ ਟੀਮ ਦੇ ਐਸ.ਆਈ ਵਿਨੋਦ ਕੁਮਾਰ, ਐਮ.ਪੀ.ਡਬਲਿਊ ਜਗਦੇਵ ਸਿੰਘ ਤੇ ਕਸ਼ਮੀਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਟੀਮ ਵੱਲੋਂ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ ਹੈ, ਉਹ ਇਸ ਸਬੰਧੀ ਨਗਰ ਕੌਂਸਲ ਤਪਾ ਨੂੰ ਲਿਖ ਕੇ ਭੇਜਣਗੇ ਤਾਂ ਜੁ ਬਣਦੀ ਅਗਲੇਰੀ ਕਾਰਵਾਈ ਅਮਲ 'ਚ ਲਿਆਂਦੀ ਜਾ ਸਕੇ। ਇਸ ਮੌਕੇ ਟਿੰਕੂ ਧੂਰਕੋਟੀਆ, ਸ਼ੁਰੇਸ ਚੰਦੇਲ, ਬਿਕਰਮ ਕੁਮਾਰ, ਸੱਤਪਾਲ ਆਦਿ ਦੁਕਾਨਦਾਰ ਮੌਜੂਦ ਸਨ।

# ਜਣੇਪੇ ਤੋਂ ਬਾਅਦ ਨਵਜੰਮੀ ਧੀ ਦੀ ਮੌਤ

## ਡਿਪ੍ਰੈਸ਼ਨ 'ਚ ਮਾਂ ਨੇ ਵੀ ਕੀਤੀ ਖ਼ੁਦਕੁਸ਼ੀ



ਪ੍ਰਵੀਨ ਕੌਰ ਦੀ ਫਾਈਲ ਫੋਟੋ।

**ਮਾਛੀਵਾੜਾ ਸਾਹਿਬ (ਸ਼ੋਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਮੰਡ ਜੋਧਵਾਲ ਵਿਖੇ ਵਿਆਹੁਤਾ ਪ੍ਰਵੀਨ ਕੌਰ (25) ਨੇ ਆਪਣੇ ਸਹੁਰੇ ਘਰ ਵਿਚ ਹੀ ਗਲ਼ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਲੜਕੀ ਦੀ ਮਾਤਾ ਰੇਸ਼ਮ ਕੌਰ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਕਿ ਉਸਦੀ ਧੀ ਦਾ ਵਿਆਹ 2018 ਵਿੱਚ ਪਲਵਿੰਦਰ ਸਿੰਘ ਵਾਸੀ ਮੰਡ ਜੋਧਵਾਲ ਨਾਲ ਹੋਇਆ ਸੀ। ਉਸਦੀ ਲੜਕੀ ਦੀ ਕੁੱਖੋਂ ਪਹਿਲਾਂ 2 ਧੀਆਂ ਨੇ ਜਨਮ ਲਿਆ ਤੇ ਕਰੀਬ 8 ਮਹੀਨੇ ਪਹਿਲਾਂ ਹੀ ਤੀਜੀ ਲੜਕੀ ਵੱਡੇ ਅਪਰੇਸ਼ਨ ਨਾਲ ਪੈਦਾ ਹੋਈ ਸੀ, ਜਿਸ ਦੀ ਕਿ 14 ਦਿਨ ਬਾਅਦ ਮੌਤ ਹੋ ਗਈ।

ਆਪਣੀ ਨਵਜੰਮੀ ਧੀ ਦੀ ਮੌਤ ਤੋਂ ਬਾਅਦ ਪ੍ਰਵੀਨ ਕੌਰ ਡਿਪ੍ਰੈਸ਼ਨ ਵਿੱਚ ਰਹਿਣ ਲੱਗ ਪਈ ਸੀ। 8 ਮਈ ਨੂੰ ਉਸਦਾ ਪਤੀ ਪਲਵਿੰਦਰ ਸਿੰਘ ਤੇ ਸਹੁਰਾ ਭਜਨ ਸਿੰਘ ਰੋਜ਼ਾਨਾ ਦੀ ਤਰ੍ਹਾਂ ਆਪਣੇ ਕੰਮ 'ਤੇ ਚਲੇ ਗਏ ਜਿਸ ਕਾਰਨ ਪ੍ਰਵੀਨ ਕੌਰ ਆਪਣੇ ਘਰ ਵਿਚ ਇਕੱਲੀ ਸੀ। ਸ਼ਾਮ ਨੂੰ ਪ੍ਰਵੀਨ ਕੌਰ ਨੇ ਆਪਣੇ ਘਰ ਦੇ ਮਕਾਨ ਦੀ ਛੱਤ ਦੇ ਗਾਡਰ ਨਾਲ ਚੁੰਨੀ ਬੰਨ੍ਹ ਗਲ਼ ਫਾਹਾ ਲੈ ਕੇ ਆਤਮਹੱਤਿਆ ਕਰ ਲਈ, ਜਿਸ ਕਾਰਨ ਉਸਦੀ ਮੌਤ ਹੋ ਗਈ। ਮ੍ਰਿਤਕ ਪ੍ਰਵੀਨ ਕੌਰ ਦੀ ਮਾਤਾ ਅਨੁਸਾਰ ਇਸ ਵਿਚ ਉਸਦੀ ਧੀ ਦੇ ਸਹੁਰੇ ਪਰਵਾਰ ਦਾ ਕੋਈ ਕਸੂਰ ਨਹੀ, ਸਗੋਂ ਡਿਪ੍ਰੈਸ਼ਨ ਵਿੱਚ ਰਹਿਣ ਕਾਰਨ ਉਸਨੇ ਆਤਮਹੱਤਿਆ ਕਰ ਲਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਦਾਗਰ ਸਿੰਘ ਨੇ ਦੱਸਿਆ ਮ੍ਰਿਤਕ ਵਿਆਹੁਤਾ ਦੀ ਮਾਤਾ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ 'ਤੇ ਧਾਰਾ-174 ਤਹਿਤ ਕਾਨੂੰਨੀ ਕਾਰਵਾਈ ਕੀਤੀ ਗਈ ਹੈ ਤੇ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ।

# ਖੇਡ ਪ੍ਰੇਮੀ ਪਰਵਾਰ ਵੱਲੋਂ ਕੁਸ਼ਤੀ ਅਖਾੜੇ ਨੂੰ ਖੇਡ ਸਮਗਰੀ ਭੇਟ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਬੀਤੇ ਦਿਨੀਂ ਜ਼ਿਲ੍ਹਾ ਮੋਗਾ ਦੇ ਪ੍ਰਮੁੱਖ ਖੇਡ ਪ੍ਰੇਮੀ ਪਰਵਾਰ ਵੱਲੋਂ ਸਥਾਨਕ "ਬਾਬਾ ਸ਼ੇਖ ਫਰੀਦ ਕੁਸ਼ਤੀ ਅਖਾੜਾ" ਪਿੰਡ ਧੂੜਕੋਟ ਰਣਸੀਂਹ, ਹਲਕਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਨੂੰ ਕੁਸ਼ਤੀ ਖੇਡ ਨਾਲ ਸੰਬੰਧਤ ਵੱਖ ਵੱਖ ਤਰ੍ਹਾਂ ਦੀ ਖੇਡ ਸਮੱਗਰੀ ਤੇ ਕਿੱਟਾਂ ਭੇਟ ਕੀਤੀਆਂ ਗਈਆਂ। ਪਿੰਡ ਦੇ ਹੀ ਐਨ ਆਰ ਆਈ ਸੱਜਣਾਂ ਬਲਦੇਵ ਸਿੰਘ ਤੇ ਜਗਦੇਵ ਸਿੰਘ ਅਤੇ ਉਨ੍ਹਾਂ ਦੇ ਪੰਜਾਬ 'ਚ ਰਹਿੰਦੇ ਭਰਾ ਰਿਟਾਇਰਡ ਹੈਡਮਾਸਟਰ ਰਵਿੰਦਰ ਸਿੰਘ ਧੂੜਕੋਟ ਵੱਲੋਂ ਕੁਝ ਸਮਾਂ ਪਹਿਲਾਂ ਅਖਾੜੇ ਦੀ ਸਹਾਇਤਾ ਖਾਤਰ ਵੱਡੀ ਮਾਤਰਾ ਵਿਚ ਖੇਡ ਸਮੱਗਰੀ ਭੇਟਾ ਕਰਨ ਦਾ ਵਾਅਦਾ ਕੀਤਾ ਗਿਆ ਸੀ। ਉਸ ਨੂੰ ਅੱਜ ਅਮਲੀ ਜਾਮਾ ਪਹਿਨਾਉਂਦੇ ਵੇਲੇ ਪਰਵਾਰ ਵੱਲੋਂ ਵੱਖ ਵੱਖ ਪ੍ਰਕਾਰ ਦੀਆਂ ਕੁਸ਼ਤੀ ਖੇਡ ਨਾਲ ਸੰਬੰਧਤ ਕਿੱਟਾਂ ਅਖਾੜਾ ਕਮੇਟੀ ਨੂੰ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਭੇਟ ਕੀਤੀਆਂ ਗਈਆਂ। ਇਹ ਸਮੱਗਰੀ ਭੇਟਾ ਕਰਨ ਮੌਕੇ ਹੈਡਮਾਸਟਰ ਰਵਿੰਦਰ ਸਿੰਘ ਨੇ ਕਿਹਾ ਕੇ ਉਹ ਅਤੇ ਉਨ੍ਹਾਂ ਦਾ ਪਰਵਾਰ ਹਰ ਸਮੇਂ ਪਿੰਡ ਦੇ ਬੱਚਿਆਂ ਦੀ ਭਲਾਈ ਵਾਸਤੇ ਸੋਚਦੇ ਰਹਿੰਦੇ ਹਨ ਅਤੇ ਸਮੇਂ ਸਮੇਂ ਪਿੰਡ ਵਾਸਤੇ ਕੁਝ ਨਾ ਕੁਝ ਰਾਸ਼ੀ, ਆਪਣੀ ਹੱਕ ਮਿਹਨਤ ਦੀ ਕਮਾਈ ਵਿਚੋਂ ਭੇਟਾ ਕਰਦੇ ਰਹਿੰਦੇ ਹਨ ਤਾਂ ਕੇ ਪਿੰਡ ਵਿਚ ਪੜ੍ਹਾਈ ਅਤੇ ਖੇਡ ਸੱਭਿਆਚਾਰ ਪ੍ਰਫੁਲਤ ਹੁੰਦਾ ਰਹੇ। ਬਜ਼ੁਰਗ ਆਗੂ ਕਾਮਰੇਡ ਸੁਖਦੇਵ ਸਿੰਘ ਨੇ ਕਿਹਾ ਕਿ ਮਾਸਟਰ ਰਵਿੰਦਰ ਸਿੰਘ ਦਾ ਸਾਰਾ ਪਰਵਾਰ ਕਿਸਾਨ ਅੰਦੋਲਨ ਵੇਲੇ ਵੀ ਡਟ ਕੇ ਅੰਦੋਲਨ ਦੇ ਪੱਖ 'ਚ ਖੜ੍ਹਾ ਸੀ ਅਤੇ ਪਰਵਾਰ ਵੱਲੋਂ ਡਾਕਟਰ ਸਵੈਮਾਨ ਸਿੰਘ ਕੈਲੀਫੋਰਨੀਆ ਰਾਹੀਂ ਸਿੰਘੂ ਬਾਰਡਰ ਸਟੇਜ ਨੂੰ ਸਾਢੇ ਪੰਜ ਲੱਖ ਰੁਪਏ ਦੀ ਇੱਕ ਐਂਬੂਲੈਂਸ ਵੀ ਭੇਟਾ ਕੀਤੀ ਗਈ ਸੀ। ਜਨਰਲ ਸਕੱਤਰ ਸਿਰਤ ਸਿੰਘ ਧੂੜਕੋਟ ਨੇ ਕਿਹਾ ਕੇ ਅਖਾੜਾ ਪਿੰਡ ਵਾਸੀਆਂ ਦੇ ਸਹਿਯੋਗ ਦਾ ਬਹੁਤ ਰਿਣੀ ਹੈ। ਅਖਾੜਾ ਕਮੇਟੀ ਦੇ ਪ੍ਰਧਾਨ ਡਾ. ਹਰਗੁਰਪ੍ਰਤਾਪ ਸਿੰਘ ਦੀਪ ਹਸਪਤਾਲ ਵਾਲਿਆਂ ਵੱਲੋਂ ਅਖਾੜਾ ਕਮੇਟੀ ਅਤੇ ਜ਼ਿਲ੍ਹਾ ਕੁਸ਼ਤੀ ਸੰਸਥਾ ਮੋਗਾ ਦੀ ਤਰਫੋਂ ਹੈਡਮਾਸਟਰ ਰਵਿੰਦਰ ਸਿੰਘ ਅਤੇ ਉਨ੍ਹਾਂ ਦੇ ਐਨ.ਆਰ.ਆਈ. ਭਰਾਵਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਸਮੂਹ ਖਿਡਾਰੀਆਂ ਅਤੇ ਅਖਾੜਾ ਕਮੇਟੀ ਵੱਲੋਂ ਸਰਵਸੰਮਤੀ ਨਾਲ ਦਿੱਲੀ ਵਿਖੇ ਚੱਲ ਰਹੇ ਪਹਿਲਵਾਨਾਂ ਦੇ ਅੰਦੋਲਨ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ। ਕਾਮਰੇਡ ਸੁਖਦੇਵ ਸਿੰਘ ਧੂੜਕੋਟ ਵੱਲੋਂ 5000 ਰੁਪਏ ਅਖਾੜੇ ਦੇ ਸਹਿਯੋਗ ਲਈ ਮੌਕੇ 'ਤੇ ਜਾਰੀ ਕੀਤੇ ਗਏ। ਜਿੱਥੇ ਹੈਡਮਾਸਟਰ ਰਵਿੰਦਰ ਸਿੰਘ ਕੁਸ਼ਤੀ ਅਖਾੜਾ ਧੂੜਕੋਟ ਅਤੇ ਜ਼ਿਲ੍ਹਾ ਕੁਸ਼ਤੀ ਸੰਸਥਾ ਮੋਗਾ ਦੇ ਸੀਨੀਅਰ ਮੀਤ ਪ੍ਰਧਾਨ ਹਨ, ਉੱਥੇ ਉਨ੍ਹਾਂ ਦੇ ਵੱਡੇ ਭਰਾਤਾ ਜਗਦੇਵ ਸਿੰਘ ਕੈਨੇਡਾ ਵਿੱਚ ਵੱਖ ਵੱਖ ਸ਼ਹਿਰਾਂ ਵਿੱਚ ਕਬੱਡੀ ਅਤੇ ਕੁਸ਼ਤੀ ਦੇ ਕੋਚ ਵਜੋਂ ਸੇਵਾ ਨਿਭਾਉਂਦੇ ਰਹੇ ਹਨ।

ਇਸ ਸ਼ੁੱਭ ਕਾਰਜ ਸਮੇਂ ਹੋਰਨਾਂ ਤੋਂ ਇਲਾਵਾ ਅਖਾੜੇ ਦੇ ਸੂਪਰਸਤ ਚਮਕੌਰ ਸਿੰਘ ਧੂੜਕੋਟ, ਕੋਚ ਜਗਦੀਪ ਸਿੰਘ ਪਹਿਲਵਾਨ, ਮਾਸਟਰ ਪਰਤਾਪ ਸਿੰਘ, ਕੇਵਲ ਸਿੰਘ, ਨਸੀਬ ਸਿੰਘ, ਜਰਨੈਲ ਸਿੰਘ ਜੈਲੀ ਵੀ ਹਾਜ਼ਰ ਸਣ।

## ਕਾਤਰਾਂ

### ਭਾਰਤ ਦੀਆਂ ਏਜੰਸੀਆਂ ਨੇ ਕਰਵਾਇਆ ਪੰਜਵੜ ਦਾ ਕਤਲ : ਲੌਂਗੋਵਾਲ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸੁਨਾਮ ਦੇ ਹਲਕਾ ਇੰਚਾਰਜ ਅਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਜੋ ਵੀ ਵਿਅਕਤੀ ਜਿਹੜਾ ਘੱਟ ਗਿਣਤੀ ਦੇ ਹੱਕ ਲਈ ਸੰਘਰਸ਼ ਕਰਦਾ ਹੈ, ਉਸ ਨੂੰ ਬਲੈਕਲਿਸਟ ਕਰ ਦਿੱਤਾ ਜਾਂਦਾ ਹੈ। ਕੀ ਉਸ ਨੂੰ ਜਿਊਣ ਦਾ ਅਧਿਕਾਰ ਵੀ ਨਹੀਂ ਰਹਿੰਦਾ? ਪਰਮਜੀਤ ਸਿੰਘ ਪੰਜਵੜ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਸੀ। ਉਸ ਨੇ ਹਥਿਆਰਬੰਦ ਜੰਗ ਲੜੀ ਅਤੇ ਆਪਣੇ ਕਈ ਪਰਵਾਰ ਦੇ ਕਈ ਜੀਆਂ ਦੀ ਸ਼ਹੀਦੀ ਦਿੱਤੀ ਤੇ ਦੂਜੇ ਦੇਸ਼ 'ਚ ਚਲਾ ਗਿਆ। ਉਸ 'ਤੇ ਕਈ ਮੁਕੱਦਮੇ ਸਨ। ਉਸ ਨੂੰ ਬਲੈਕਲਿਸਟ ਕਰਾਰ ਦੇ ਦਿੱਤਾ, ਉਸ ਨੂੰ ਭਗੌੜਾ ਐਲਾਨ ਦਿੱਤਾ। ਦੇਸ਼ ਦੀ ਏਕਤਾ-ਆਖੰਡਤਾ ਦੀ ਰਾਖ਼ੀ ਦੇ ਨਾਂਅ 'ਤੇ ਉਸ ਸਿਰ ਪਾਕਿਸਤਾਨ ਤੋਂ ਹਥਿਆਰ, ਨਸ਼ਾ, ਪੈਸੇ ਭੇਜਣ ਦੇ ਦੋਸ਼ ਲਾਏ ਜਾਂਦੇ ਰਹੇ। ਉਸ ਨੂੰ ਕੱਲ੍ਹ ਲਾਹੌਰ 'ਚ ਦੋ ਅਣਪਛਾਤਿਆਂ ਨੇ ਘਰ ਦੇ ਨੇੜੇ ਸੁਰੱਖਿਆ ਮੁਲਾਜ਼ਮ ਸਮੇਤ ਮਾਰ ਦਿੱਤਾ ਸੀ।

### ਯੂ ਕੇ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਖੇਡਾਂ 'ਚ ਮਾਰੀਆਂ ਮੱਲਾਂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਯੂ ਕੇ ਇੰਟਰਨੈਸ਼ਨਲ ਸਕੂਲ ਦੇ ਅਲੱਗ-ਅਲੱਗ ਕਲਾਸਾਂ ਦੇ ਵਿਦਿਆਰਥੀਆਂ ਨੇ ਮਹਾਪ੍ਰੱਗਿਆ ਸਕੂਲ ਵਿਖੇ ਹੋਏ ਖੇਡ ਮੁਕਾਬਲਿਆਂ ਵਿੱਚ ਦੂਜਾ ਸਥਾਨ ਹਾਸਲ ਕਰਕੇ ਖੇਡ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ, ਜਿਨ੍ਹਾਂ ਵਿਚੋਂ ਅਲੱਗ-ਅਲੱਗ ਦਸ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਕੈਡਮੀਆਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਕੂਲ ਦੇ ਪ੍ਰਿੰਸੀਪਲ ਨੇ ਬੱਚਿਆਂ ਦੀ ਪ੍ਰਸੰਸਾ ਕੀਤੀ ਅਤੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

### ਡੀਜੀਪੀ ਨੇ ਬੱਸ ਸਟੈਂਡ ਤੋਂ ਕੀਤੀ ਚੈਕਿੰਗ ਦੀ ਸ਼ੁਰੂਆਤ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਗੈਲਰੀ ਵਿੱਚ ਇੱਕ-ਇੱਕ ਕਰਕੇ ਦੋ ਦਿਨਾਂ ਵਿਚ ਹੋਏ ਬੰਬ ਧਮਾਕਿਆਂ ਮਗਰੋਂ ਪੰਜਾਬ ਵਿੱਚ ਹਾਲਾਤ ਇੱਕ ਵਾਰ ਫਿਰ ਸਨਸਨੀਖੇਜ਼ ਹੁੰਦੇ ਮਹਿਸੂਸ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਅਜਿਹੇ ਬੰਬ ਧਮਾਕੇ 1984 ਦੇ ਦਿਨਾਂ ਵਿੱਚ ਵੀ ਨਹੀਂ ਸਨ ਹੋਏ। ਜ਼ਾਹਰ ਹੈ ਕਿ ਪੰਜਾਬ ਨੂੰ ਇੱਕ ਵਾਰ ਫੇਰ ਲਾਂਬੂ ਲਾਉਣ ਦੀ ਸਾਜ਼ਿਸ਼ ਰਚ ਰਹੇ ਸ਼ਰਾਰਤੀ ਅਨਸਰਾਂ ਨੇ ਖਤਰਨਾਕ ਸਾਜ਼ਿਸ਼ ਤੇ ਅਮਲ ਸ਼ੁਰੂ ਕਰ ਦਿੱਤਾ ਹੈ। ਅਜਿਹੀਆਂ ਸਾਰੀਆਂ ਹਰਕਤਾਂ ਨੂੰ ਨਾਕਾਮ ਕਰਨ ਲਈ ਪੰਜਾਬ ਪੁਲਸ ਵੀ ਪੂਰੀ ਤਰ੍ਹਾਂ ਚੌਕਸ ਅਤੇ ਮੁਸ਼ਤੈਦ ਹੋਈ ਨਜ਼ਰ ਆ ਰਹੀ ਹੈ। ਲੁਧਿਆਣਾ ਦੇ ਬਸ ਅੱਡੇ ਵਿਖੇ ਡੀ ਜੀ ਪੀ ਗੌਰਵ ਯਾਦਵ ਦੀ ਪ੍ਰੈਸ ਕਾਨਫਰੰਸ ਇਸ ਮੁਸਤੈਦੀ ਦਾ ਹੀ ਪਤਾ ਦੇ ਰਹੀ ਹੈ। ਪ੍ਰੈਸ ਕਾਨਫਰੰਸ ਸ਼ੁਰੂ ਹੋਣ ਤੋਂ ਪਹਿਲਾਂ ਬਸ ਸਟੈਂਡ ਦੇ ਆਲੇ ਦੁਆਲੇ ਭਾਰੀ ਪੁਲਿਸ ਫੋਰਸ ਸਭਨਾਂ ਤੇ ਚੌਕਸੀ ਰੱਖ ਰਹੀ ਸੀ। ਅੱਜ ਸਵੇਰੇ 11 ਕੁ ਵਜੇ ਹੀ ਬਸ ਸਟੈਂਡ ਤੇ ਪੁਲਸ ਦੀ ਮੌਜੂਦਗੀ ਚੱਪੇ ਚੱਪੇ 'ਤੇ ਨਜ਼ਰ ਆ ਰਹੀ ਸੀ। ਹਰ ਸ਼ੱਕੀ ਵਿਅਕਤੀ ਨੂੰ ਰੋਕਿਆ ਵੀ ਜਾ ਰਿਹਾ ਸੀ ਪਰ ਇਸ ਸਾਰੀ ਕਾਰਵਾਈ ਦੇ ਬਾਵਜੂਦ ਬਸ ਅੱਡੇ ਤੇ ਆਉਣ ਜਾਣ ਵਾਲਿਆਂ ਨੂੰ ਕੋਈ ਤੰਗੀ ਜਾਂ ਪ੍ਰੇਸ਼ਾਨੀ ਨਹੀਂ ਸੀ ਹੋ ਰਹੀ।

### ਪਰਾਲੀ ਤੋਂ ਬਣੇਗੀ ਕੰਪੋਸਟ, ਬਿਜਲੀ ਵੀ ਹੋਵੇਗੀ ਪੈਦਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-11 ਮਈ-ਫਾਜ਼ਿਲਕਾ ਵਿਖੇ ਝੋਨੇ ਦੀ ਪਰਾਲੀ ਤੋਂ ਬਾਇਓ ਖਾਦ ਬਣਾਈ ਜਾਵੇਗੀ। ਇਸ ਲਈ ਪ੍ਰੋਜੈਕਟ ਨੂੰ ਭਾਰਤ ਸਰਕਾਰ ਤੋਂ ਪ੍ਰਵਾਨਗੀ ਮਿਲ ਗਈ ਹੈ। ਇਸ ਸੰਬੰਧੀ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਸੰਪੂਰਨ ਐਗਰੀਵੈਂਚਰ ਫਾਜ਼ਿਲਕਾ ਵੱਲੋਂ ਐਤਵਾਰ ਨੂੰ ਸੰਜੀਵ ਪੈਲੇਸ ਫਾਜ਼ਿਲਕਾ ਵਿਖੇ ਸਵੇਰੇ 11 ਵਜੇ ਇਕ ਜਾਗਰੂਕਤਾ ਸਮਾਗਮ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਕਿਸਾਨਾਂ ਨੂੰ ਪਰਾਲੀ ਨੂੰ ਬਿਨਾ ਸਾੜੇ ਇਸ ਦੇ ਪ੍ਰਬੰਧਨ ਅਤੇ ਪਰਾਲੀ ਤੋਂ ਬਣੀ ਖਾਦ ਦੇ ਮਹੱਤਵ ਤੋਂ ਜਾਣੂ ਕਰਵਾਇਆ ਜਾਵੇਗਾ। ਕੰਪਨੀ ਦੇ ਐਮ ਡੀ ਸੰਜੀਵ ਨਾਗਪਾਲ ਨੇ ਅੱਜ ਇਸ ਸੰਬੰਧੀ ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੂੰ ਪ੍ਰੋਜੈਕਟ ਤੋਂ ਜਾਣੂ ਕਰਵਾਇਆ। ਉਨ੍ਹਾ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਸਲਾਨਾ ਉਨ੍ਹਾ ਦਾ ਪਲਾਂਟ 15000 ਮੀਟ੍ਰਿਕ ਟਨ ਪਰਾਲੀ ਲਵੇਗਾ ਜਿਸ ਤੋਂ ਪ੍ਰਤੀ ਘੰਟਾ 1 ਮੈਗਾਵਾਟ ਬਿਜਲੀ ਪੈਦਾ ਕਰਨ ਦੇ ਨਾਲ ਨਾਲ ਫਰਮੈਂਟਡ ਆਰਗੈਨਿਕ ਮੈਨੂਅਰ (ਬਾਇਓ ਖਾਦ) ਤਿਆਰ ਕੀਤੀ ਜਾਵੇਗੀ। ਉਨ੍ਹਾ ਦੱਸਿਆ ਕਿ 14 ਮਈ ਨੂੰ ਹੋਣ ਵਾਲੇ ਸਮਾਗਮ ਵਿਚ ਆਈਸੀਏਆਰ ਦੇ ਪ੍ਰਿੰਸੀਪਲ ਵਿਗਿਆਨੀ ਡਾ. ਨਰਿੰਦਰ ਗੁਪਤਾ ਵੀ ਫਾਜ਼ਿਲਕਾ ਪਹੁੰਚ ਰਹੇ ਹਨ। ਸੰਜੀਵ ਨਾਗਪਾਲ ਨੇ ਦੱਸਿਆ ਕਿ ਇਸ ਨਾਲ ਜਿੱਥੇ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ ਉਥੇ ਹੀ ਪਰਾਲੀ ਤੋਂ ਖਾਦ ਬਣਨ ਨਾਲ ਪਰਾਲੀ ਸਾੜਨ ਦੀ ਸਮੱਸਿਆ 'ਤੇ ਵੀ ਰੋਕ ਲੱਗੇਗੀ।

# ਬਿਜਲੀ ਵਿਭਾਗ ਦੀ ਅਣਗਹਿਲੀ ਹਾਦਸਿਆਂ ਨੂੰ ਦੇ ਰਹੀ ਸੱਦਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੇਲੇਵਾਲਾ ਰੋਡ 'ਤੇ ਪਾਵਰਕਾਮ ਵਿਭਾਗ ਦੀ ਅਣਗਿਹਲੀ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਲੇਲੇਵਾਲਾ ਰੋਡ 'ਤੇ ਮੀਟਰ ਦੇ ਬਕਸਿਆਂ ਵਾਲਾ ਇੱਕ ਇਲੈਕਟ੍ਰੀਕਲ ਬਾਕਸ ਜੋ ਬਿਨਾਂ ਤਾਕੀ ਤੋਂ ਹੈ ਅਤੇ ਇਸਦੇ ਅੰਦਰ ਸ਼ਰੇਆਮ ਨੰਗੀਆਂ ਤਾਰਾਂ ਹਨ, ਜਿਨ੍ਹਾਂ ਵਿੱਚ ਕਰੰਟ ਦਾ ਡਰ ਹੈ।

ਉਨ੍ਹਾਂ ਕਿਹਾ ਕਿ ਵਿਭਾਗ ਦੀ ਇਹ ਵੱਡੀ ਅਣਗਹਿਲੀ ਹੈ, ਇਸ ਨਾਲ ਕਿਸੇ ਵੀ ਸਮੇਂ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਉਨ੍ਹਾਂ ਕਿਹਾ ਕਿ ਬਾਕਸੇ ਅੰਦਰ ਨੰਗੀਆਂ ਤਾਰਾਂ ਨਾਲ ਕੋਈ ਵੀ ਬੱਚਾ, ਪਸ਼ੂ ਜਾਂ ਕੋਈ ਵਿਅਕਤੀ ਅਣਜਾਣਪੁਣੇ ਵਿੱਚ ਇਸਦੇ ਨਾਲ ਲੱਗ ਜਾਂਦਾ ਹੈ ਤਾਂ ਕਰੰਟ ਲੱਗ ਕੇ ਵੱਡਾ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਨਗਰ 'ਚ ਹੋਰ ਵੀ ਕਈ ਤਰ੍ਹਾਂ ਦੀਆਂ ਖਾਮੀਆਂ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਅੱਖੋਂ ਓਹਲੇ ਕੀਤਾ ਹੋਇਆ ਹੈ। ਐਸ.ਡੀ.ਓ ਨੇ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਪਹਿਲ ਦੇ ਆਧਾਰ 'ਤੇ ਤੁਰੰਤ ਇਸਦਾ ਹੱਲ ਕੀਤਾ ਜਾਵੇਗਾ। ਖਬਰ ਲਿਖੇ ਜਾਣ ਤੱਕ ਉਕਤ ਮਸਲਾ ਹੱਲ ਹੋਣ ਦੀ ਸੰਭਾਵਨਾ ਬਣੀ ਹੋਈ ਸੀ।

# ਖੇਡਾਂ ਸਾਡੇ ਅੰਦਰ ਪਿਆਰ ਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ : ਟਿਵਾਣਾ



**ਸਮਾਣਾ (ਇਕਬਾਲ ਸਿੰਘ ਬੱਲ)**-ਪਿੰਡ ਭੇਡਪੁਰੀ ਵਿਖੇ ਗ੍ਰਾਮ ਵਿਕਾਸ ਵੈਲਫੇਅਰ ਕਮੇਟੀ ਭੇਡਪੁਰੀ ਵੱਲੋਂ ਦੋ ਰੋਜ਼ਾ ਕ੍ਰਿਕਟ ਟੂਰਨਾਮੈਂਟ ਕਰਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਪੀ ਏ ਗੁਰਦੇਵ ਸਿੰਘ ਟਿਵਾਣਾ ਤੇ ਵਿਸ਼ੇਸ਼ ਮਹਿਮਾਨ ਵਜੋਂ ਸਮਾਜ ਸੇਵੀ ਲਖਵਿੰਦਰ ਸਿੰਘ ਜਵੰਦਾ ਤੇ ਆਗੂ ਸੰਦੀਪ ਸ਼ਰਮਾ, ਦੀਪਕ ਵਧਵਾ ਅਤੇ ਰਵੀ ਰੰਧਾਵਾ ਨੇ ਸ਼ਿਰਕਤ ਕੀਤੀ। ਪੀ ਏ ਟਿਵਾਣਾ ਨੇ ਕਿਹਾ ਕਿ ਖੇਡਾਂ ਸਾਡੇ ਅੰਦਰ ਪਿਆਰ ਅਤੇ ਭਾਈਚਾਰਕ ਸਾਂਝ ਪੈਦਾ ਕਰਦਿਆਂ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਗ੍ਰਾਮ ਵਿਕਾਸ ਵੈਲਫੇਅਰ ਕਮੇਟੀ ਪ੍ਰਧਾਨ ਨੈਬ ਸਿੰਘ, ਵਰਿੰਦਰ ਲੂੰਬਾ ਤੇ ਡਾ.ਹਰਮਨ ਸਿਕੰਦਰ ਆਦਿ ਵਲੋਂ ਕੀਤਾ ਗਿਆ ਇਹ ਉਪਰਾਲਾ ਸ਼ਲਾਘਾਯੋਗ ਹੈ।

ਇਸ ਮੌਕੇ ਸਮਾਜ ਸੇਵੀ ਜਵੰਦਾ, ਸੰਦੀਪ, ਵਧਵਾ ਤੇ ਰੰਧਾਵਾ ਨੇ ਕਿਹਾ ਕਿ ਖੇਡਾਂ ਸਾਡੀ ਦੀ ਜ਼ਿੰਦਗੀ 'ਚ ਅਹਿਮ ਰੋਲ ਅਦਾ ਕਰਦੀਆਂ ਹਨ ਤੇ ਖੇਡਾਂ ਨਾਲ ਖ਼ਿਡਾਰੀ ਆਪਣੀ ਅਤੇ ਆਪਣੇ ਦੇਸ਼ ਦੀ ਪਛਾਣ ਪੂਰੀ ਦੁਨੀਆ 'ਚ ਬਣਾਉਣ 'ਚ ਅਹਿਮ ਰੋਲ ਅਦਾ ਕਰਦੇ ਹਨ। ਇਸ ਲਈ ਹਰ ਪਿੰਡ ਹਰ ਸ਼ਹਿਰ ਵਿੱਚ ਕ੍ਰਿਕਟ, ਵਾਲੀਬਾਲ ਤੇ ਹੋਰ ਖੇਡਾਂ ਪ੍ਰਤੀ ਟੂਰਨਾਮੈਂਟ ਕਰਾਉਣੇ ਚਾਹੀਦੇ ਹਨ ਤਾਂ ਜੁ ਨੌਜਵਾਨਾਂ ਦੀ ਰੁਚੀ ਨੂੰ ਖੇਡਾਂ ਵਿੱਚ ਵਧਾ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਸਕੇ। ਇਸ ਮੌਕੇ ਤਰਸਪਾਲ ਸਿੰਘ, ਗੁਰਚਰਨ ਸਿੰਘ, ਜਗਦੀਪ ਸਿੰਘ, ਵੀਰਬਲ ਸਿੰਘ, ਚਮਕੌਰ ਸਿੰਘ, ਗੁਲਜ਼ਾਰ ਸਿੰਘ, ਮਨਪ੍ਰੀਤ ਸਿੰਘ ਮਿਸਤਰੀ, ਸੇਵਕ ਸਿੰਘ, ਮੇਜਰ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ, ਜਗਤਾਰ ਸਿੰਘ, ਗੁਰਦਿੱਤਾ ਦੋਦੜਾ ਤੇ ਅਰਸ਼ ਵਿਰਕ ਸਮੇਤ ਸਮੂਹ ਕਮੇਟੀ ਮੈਂਬਰ ਅਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

# ਸਤਿਗੁਰੂ ਹਰਦੇਵ ਸਿੰਘ ਨੂੰ ਸਮਰਪਤ ਸਮਰਪਣ ਦਿਵਸ 13 ਨੂੰ



**ਸਮਾਣਾ (ਇਕਬਾਲ ਸਿੰਘ)**-ਸੰਤ ਨਿਰੰਕਾਰੀ ਮਿਸ਼ਨ ਦੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਯਾਦ ਵਿੱਚ ਸਮਰਪਣ ਦਿਵਸ 13 ਮਈ ਨੂੰ ਸਵੇਰੇ 10 ਤੋਂ 12 ਤੱਕ ਸੰਤ ਨਿਰੰਕਾਰੀ ਸਤਿਸੰਗ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਸਮੂਹ ਨਿਰੰਕਾਰੀ ਪਰਵਾਰ ਤੇ ਸੰਗਤਾਂ ਹਾਜਰੀ ਭਰ ਕੇ ਬਾਬਾ ਹਰਦੇਵ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

ਬਾਬਾ ਹਰਦੇਵ ਸਿੰਘ ਜੀ ਮਹਾਰਾਜ ਪਿਆਰ, ਦਇਆ, ਦਿਆਲਤਾ ਅਤੇ ਸਾਦਗੀ ਦੇ ਜੀਵਤ ਸਰੂਪ ਸਨ। ਉਸ ਦਾ ਬ੍ਰਹਮ ਸਰੂਪ, ਸਰਬ-ਪ੍ਰੇਮੀ ਕੁਦਰਤ ਅਤੇ ਵਿਸਾਲ ਅਲੌਕਿਕ ਸੋਚ ਸਮੁੱਚੀ ਮਨੁੱਖ ਜਾਤੀ ਦੀ ਭਲਾਈ ਲਈ ਸਮਰਪਤ ਸੀ। ਉਨ੍ਹਾਂ ਨੇ 36 ਸਾਲਾਂ ਤੱਕ ਮਿਸ਼ਨ ਦੀ ਵਾਗਡੋਰ ਸੰਭਾਲੀ ਤੇ ਇਹ ਉਨ੍ਹਾਂ ਦੇ ਅਣਥੱਕ ਯਤਨਾਂ ਦਾ ਹੀ ਨਤੀਜਾ ਹੈ ਕਿ ਇਹ ਮਿਸ਼ਨ ਵਿਸ਼ਵ ਦੇ ਹਰ ਮਹਾਂਦੀਪ ਦੇ 17 ਦੇਸਾਂ ਤੋਂ 60 ਦੇਸਾਂ ਤੱਕ ਪਹੁੰਚਿਆ, ਜਿਸ ਵਿੱਚ ਸੰਤ ਸਮਾਗਮ, ਯੂਥ ਕਾਨਫਰੰਸ ਅਤੇ ਰਾਸਟਰੀ ਪੱਧਰ 'ਤੇ ਸਮਾਜ ਸੇਵੀ ਸੰਸਥਾਵਾਂ ਅਤੇ ਅੰਤਰਰਾਸਟਰੀ ਪੱਧਰ 'ਤੇ ਪ੍ਰਮੁੱਖ ਸੀ। ਉਨ੍ਹਾਂ ਦੇ ਅਣਮੁੱਲੇ ਯੋਗਦਾਨ ਦੇ ਨਤੀਜੇ ਵਜੋਂ ਮਿਸ਼ਨ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਦੇ ਨਾਲ-ਨਾਲ ਕਈ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ ਹੈ। ਬਾਬਾ ਜੀ ਨੇ ਕੇਵਲ ਮਨੁੱਖ ਨੂੰ ਬ੍ਰਹਮਗਿਆਨ ਤੋਂ ਜਾਣੂ ਹੀ ਨਹੀਂ ਕਰਾਇਆ ਸਗੋਂ ਲੋਕਾਂ ਦੇ ਦਿਲਾਂ ਵਿੱਚ ਪਿਆਰ ਦੀ ਠੰਢੀ, ਸ਼ੁੱਧ ਧਾਰਾ ਦਾ ਪ੍ਰਵਾਹ ਕੀਤਾ। ਮੌਜੂਦਾ ਸਮੇਂ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਵੱਲੋਂ ਦੂਰਅੰਦੇਸ਼ੀ ਬਾਬਾ ਹਰਦੇਵ ਸਿੰਘ ਦੇ ਸੱਚੇ ਸੁਪਨੇ ਨੂੰ ਸਾਕਾਰ ਕਰਨ ਅਤੇ ਜਨ-ਜਨ ਤੱਕ ਪੁਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਹਰ ਨਿਰੰਕਾਰੀ ਸ਼ਰਧਾਲੂ ਆਪਣਾ ਜੀਵਨ ਸਾਰਥਕ ਬਣਾ ਰਿਹਾ ਹੈ।

# ਪਾਵਰਕਾਮ ਪੈਨਸ਼ਨਰਾਂ ਨੇ ਮੰਗਾਂ ਸੰਬੰਧੀ ਸਰਕਾਰ ਦਾ ਧਿਆਨ ਮੰਗਿਆ



**ਧੂਰੀ (ਸੁਖਦੇਵ ਧੂਰੀ)**

ਪੀ ਐਸ ਪੀ ਸੀ ਐਲ (ਬਿਜਲੀ ਬੋਰਡ) ਪੈਨਸ਼ਨਰਜ਼ ਐਸੋਸੀਏਸ਼ਨ (ਰਜਿ;) ਮੰਡਲ ਧੂਰੀ ਦੀ ਜਨਰਲ ਬਾਡੀ ਦੀ ਮੀਟਿੰਗ ਦੀ ਪ੍ਰਧਾਨਗੀ ਸਾਥੀ ਸੁਖਦੇਵ ਸਿੰਘ ਪ੍ਰਧਾਨ ਨੇ ਕੀਤੀ। ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਲਾਗੂ ਕਰਨ ਦੀ ਮੰਗ ਕਰਦਿਆਂ ਜਿਵੇਂ ਕਿ 31.12.2015 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ 01.01.2016 ਦੇ ਪੈਨਸ਼ਨਰਾਂ ਵਾਂਗ 2.59 ਫੈਕਟਰ ਵੀ ਲਾਗੂ ਕੀਤਾ ਜਾਵੇ। ਕੈਸ਼ਲੈਸ ਸਕੀਮ ਬਿਜਲੀ ਵਿਭਾਗ ਦੇ ਪੈਨਸ਼ਨਰਾਂ ਅਤੇ ਮੁਲਾਜ਼ਮਾਂ 'ਤੇ ਲਾਗੂ ਕੀਤੀ ਜਾਵੇ।

ਜੁਲਾਈ 2015 ਤੋਂ ਡੀ.ਏ ਦੀ ਕਿਸ਼ਤ ਲਾਗੂ ਕੀਤੀ ਜਾਵੇ। ਮਿਤੀ 01.01.2016 ਤੋਂ ਪੇ ਸਕੇਲਾਂ ਦਾ ਏਰੀਅਰ ਤੁਰੰਤ ਰਿਲੀਜ਼ ਕੀਤਾ ਜਾਵੇ। ਪੈਨਸ਼ਨਰਾਂ ਨੂੰ ਬਿਜਲੀ ਯੂਨਿਟਾਂ ਵਿੱਚ ਰਿਆਇਤ ਦਿੱਤੀ ਜਾਵੇ। ਪੇ ਸਕੇਲਾਂ ਦਾ ਏਰੀਅਰ ਪੰਜਾਬ ਸਰਕਾਰ ਨੇ ਜੋ 01.01.2016 ਤੋਂ 31.07.2021 ਤੱਕ ਦੇਣਾ ਬਣਦਾ ਹੈ, ਆਪਣੇ ਫ਼ੈਸਲੇ ਮੁਤਾਬਕ ਦਿੱਤਾ ਜਾਵੇ। ਮਿਤੀ 01.01.2004 ਤੋਂ ਬੰਦ ਕੀਤੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਮੈਡੀਕਲ ਭੱਤੇ ਦੇ ਪੁਰਾਣੇ ਰੇਟ ਸੋਧੇ ਜਾਣ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਪਿਆਰਾ ਲਾਲ ਸਰਕਲ ਪ੍ਰਧਾਨ ਬਰਨਾਲਾ, ਅਮਰਜੀਤ ਸਿੰਘ ਅਮਨ, ਜਸਪਾਲ ਸਿੰਘ ਖੁਰਮੀ, ਹਰਦੇਵ ਸਿੰਘ, ਭੂਮ ਸਿੰਘ, ਸੰਤੋਖ ਸਿੰਘ, ਜੋਗਿੰਦਰ ਸਿੰਘ ਮੁਖਤਿਆਰ ਸਿੰਘ ਸ਼ੇਰੁਪਰ, ਮੁਰਾਰੀ ਲਾਲ, ਦਲਜੀਤ ਸਿੰਘ, ਬਲਦੇਵ ਮੀਮਸਾ ਨੇ ਪੰਜਾਬ ਸਰਕਾਰ ਤੋਂ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਹੱਕੀ ਮੰਗਾਂ ਨਾ ਮੰਨੀਆਂ ਤਾਂ ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਜਾਗਰੂਕਤਾ ਰੈਲੀ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ 'ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਪੰਜਾਬ ਰੈੱਡ ਕਰਾਸ ਸੋਸਾਇਟੀ ਸਟੇਟ ਯੂਨਿਟ ਦੇ ਮੁਤਾਬਕ ਡਿਪਟੀ ਕਮਿਸ਼ਨਰ ਕਮ ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੰਸਥਾ ਦੇ ਯਤਨਾਂ ਨਾਲ ਬਹੁਤ ਸਾਰੇ ਪ੍ਰੋਗਰਾਮਾਂ ਦੀ ਲੜੀ ਤਹਿਤ ਰੈੱਡ ਕੰਪਲੈਕਸ ਤੋਂ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰੈੱਡ ਕਰਾਸ ਵਿੱਚ ਚੱਲ ਰਹੇ ਟ੍ਰੇਨਿੰਗ ਕੋਰਸਾਂ ਦੀਆਂ ਵਿਦਿਆਰਥਣਾਂ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਲੜਕੀਆਂ ਤੇ ਰੈੱਡ ਕਰਾਸ ਲਾਇਬ੍ਰੇਰੀ ਦੇ ਪਾਠਕ ਮੈਂਬਰਾਂ ਨੇ ਭਾਗ ਲਿਆ। ਇਸ ਉਪਰੰਤ ਜ਼ਿਲ੍ਹਾ ਰੈਡ ਕਰਾਸ ਸੰਸਥਾ ਵਿੱਚ ਸ੍ਰੀ ਵਿਨੀਤ ਕੁਮਾਰ ਡਿਪਟੀ ਕਮਿਸਨਰ ਦੀ ਅਗਵਾਈ ਵਿੱਚ ਸਮਾਗਮ ਦਾ ਆਯੋਜਨ ਕੀਤਾ ਗਿਆ।

ਸਮਾਗਮ ਉਪਰੰਤ ਸਕੂਲੀ ਬੱਚਿਆਂ ਨੇ ਸੰਗੀਤ ਅਧਿਆਪਕ ਸ੍ਰੀ ਵਿਕਰਮ ਸਿੰਘ ਤੇ ਮੈਡਮ ਬਲਜੀਤ ਕੌਰ ਦੀ ਅਗਵਾਈ ਹੇਠ ਸ਼ਬਦ ਕੀਰਤਨ, ਦੇਸ਼ ਭਗਤੀ ਦੇ ਗੀਤ ਅਤੇ ਅੰਤ ਵਿੱਚ ਰਾਸ਼ਟਰੀ ਗੀਤ ਦਾ ਗਾਇਨ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਸਕੱਤਰ ਗੋਪਾਲ ਸਿੰਘ ਨੇ ਰੈੱਡ ਕਰਾਸ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਤੇ ਵਿਦਿਆਰਥੀਆਂ ਦੇ ਰੈੱਡ ਕਰਾਸ ਵਿੱਚ ਪਾਏ ਜਾ ਸਕਣ ਵਾਲੇ ਯੋਗਦਾਨ ਸਬੰਧੀ ਚਾਨਣਾ ਪਾਇਆ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੀ ਮੈਨੇਜਿੰਗ ਬਾਡੀ ਦੇ ਮੈਂਬਰਾਨ, ਗੈਰ ਸਰਕਾਰੀ ਸੰਸਥਾਵਾਂ ਦੇ ਕੋਆਰਡੀਨੇਟਰ ਅਤੇ ਮਾਨਵਤਾ ਫਾਊਂਡੇਸ਼ਨ ਦੇ ਸੰਚਾਲਕ ਡਾ. ਨਰੇਸ਼ ਪੁਰੂਥੀ, ਪੀ.ਏ.ਯੂ. ਦੇ ਸੇਵਾਮੁਕਤ ਕ੍ਰਿਸ਼ੀ ਵਿਗਿਆਨਕ ਡਾਕਟਰ ਸਤਿੰਦਰਪਾਲ ਸਿੰਘ ਅਤੇ ਵਾਲਿਆਂ ਲੈਬ ਦੇ ਸੰਚਾਲਕ ਸ. ਸਤਪਾਲ ਸਿੰਘ ਵਾਲੀਆ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਵਾਲੀਆ ਲੈਬ ਦੇ ਸੰਚਾਲਕ ਸ੍ਰੀ ਸੱਤ ਪਾਲ ਸਿੰਘ ਵਾਲੀਆ ਦੀ ਟੀਮ ਵੱਲੋਂ 44 ਬੱਚਿਆਂ ਦੇ ਸੀ.ਬੀ.ਸੀ, ਕਿਡਨੀ, ਲਿਵਰ ਤੇ ਹੋਰ ਕਈ ਮਹੱਤਵਪੂਰਨ ਟੈਸਟ ਮੁਫ਼ਤ ਕੀਤੇ। ਵਿਨੀਤ ਕੁਮਾਰ ਨੇ ਸਮਾਗਮ ਵਿੱਚ ਸ਼ਾਮਲ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਨੌਜਵਾਨਾਂ ਨੂੰ ਰੈੱਡ ਕਰਾਸ ਦੇ ਸੁਨੇਹੇ ਦੇ ਪ੍ਰਚਾਰਕ ਬਣ ਕੇ ਲੋਕਾਂ ਦੇ ਦੁੱਖ ਦਰਦ ਬਾਰੇ ਰੈੱਡ ਕਰਾਸ ਤੇ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਨ ਵਾਸਤੇ ਪ੍ਰੇਰਤ ਕੀਤਾ।

# ਪੰਚਾਇਤੀ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਦੇ ਕੰਮ 'ਚ ਕੋਤਾਹੀ ਬਰਦਾਸ਼ਤ ਨਹੀਂ : ਐਡਵੋਕੇਟ ਦਹੀਆ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪਿੰਡਾਂ ਦੀ ਪੰਚਾਇਤੀ ਜ਼ਮੀਨ ਨੂੰ ਠੇਕੇ 'ਤੇ ਦੇਣ ਦੇ ਕੰਮ ਵਿੱਚ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਐਡਵੋਕੇਟ ਰਜਨੀਸ਼ ਦਹੀਆ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਦਹੀਆ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਦੀ ਬੋਲੀ ਪਿੰਡ ਦੀਆਂ ਜਨਤਕ ਥਾਵਾਂ 'ਤੇ ਪਿੰਡ ਵਾਸੀਆਂ ਦੀ ਹਾਜ਼ਰੀ 'ਚ ਹੋਵੇਗੀ ਤੇ ਪੂਰੀ ਬੋਲੀ ਪ੍ਰਕਿਰਿਆ ਦੀ ਵੀਡਿਓਗ੍ਰਾਫੀ ਹੋਵੇਗੀ। ਉਨਾ ਕਿਹਾ ਕਿ ਪੰਚਾਇਤੀ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਦੀ ਪ੍ਰਕਿਰਿਆ ਵਿੱਚ ਕਿਸੇ ਵੀ ਪੱਧਰ 'ਤੇ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਸਰਪੰਚਾਂ ਜਾਂ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਜਾਂ ਕਿਸੇ ਵੀ ਰਸੂਖਦਾਰ ਵਿਅਕਤੀ ਵਿਸ਼ੇਸ਼ ਦੇ ਨਿੱਜੀ ਘਰਾਂ ਦੇ ਬੰਦ ਕਮਰਿਆਂ ਵਿੱਚ ਬੋਲੀ ਕਰਾਉਣ ਵਾਲੇ ਅਫਸਰ, ਕਰਮਚਾਰੀਆਂ ਖਿਲਾਫ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾ ਦੱਸਿਆ ਕਿ ਪਿੰਡ ਵਿੱਚ ਸ਼ਡਿਊਲ ਅਨੁਸਾਰ ਅਨਾਊਂਸਮੈਂਟ/ਮੁਨਾਦੀ ਕਰਵਾਉਣਾ ਲਾਜ਼ਮੀ ਹੋਵੇਗਾ ਤਾਂ ਜੋ ਪੰਚਾਇਤੀ ਜ਼ਮੀਨ ਨੂੰ ਠੇਕੇ 'ਤੇ ਲੈਣ ਵਾਲੇ ਪਿੰਡਾਂ ਦੇ ਚਾਹਵਾਨ ਲੋਕ ਬੋਲੀ ਵਿੱਚ ਭਾਗ ਲੈ ਸਕਣ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਬੋਲੀ ਕਰਵਾ ਰਹੇ ਅਧਿਕਾਰੀ ਅਗਰ ਸਫਲ ਬੋਲੀਕਾਰ ਦੀ ਮੌਕੇ 'ਤੇ ਰਸੀਦ ਨਹੀਂ ਕੱਟਣਗੇ ਤਾਂ ਬਣਦੀ ਰਕਮ ਸੰਬੰਧਤ ਅਧਿਕਾਰੀ/ਕਰਮਚਾਰੀ ਦੀ ਤਨਖਾਹ ਵਿੱਚੋਂ ਕੱਟੀ ਜਾਵੇਗੀ। ਉਨ੍ਹਾ ਕਿਹਾ ਕਿ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਕਿ ਪੰਚਾਇਤੀ ਜ਼ਮੀਨਾਂ ਤੋਂ ਹੋਈ ਆਮਦਨ ਸਹੀ ਤਰੀਕੇ ਨਾਲ ਪਿੰਡ ਦੇ ਵਿਕਾਸ ਕਾਰਜਾਂ 'ਚ ਵਰਤੋਂ 'ਚ ਲਿਆਂਦੀ ਜਾਵੇ। ਇਸ ਮੌਕੇ ਉਨ੍ਹਾ ਨਾਲ ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਅਤੇ ਨਿੱਜੀ ਸਕੱਤਰ ਰੋਬੀ ਸੰਧੂ ਵੀ ਸਨ।

# ਕੌਮੀ ਲੋਕ ਅਦਾਲਤ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕੀਤੀ ਮੀਟਿੰਗ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ 13 ਮਈ ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਵਿੱਚ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਤੇ ਸੈਸ਼ਨ ਜੱਜ ਅਰੁਣ ਗੁਪਤਾ ਨੇ ਸਥਾਈ ਲੋਕ ਅਦਾਲਤ ਦੇ ਚੇਅਰਮੈਨ ਤੇ ਮੈਂਬਰਾਂ ਨਾਲ ਅਹਿਮ ਮੀਟਿੰਗ ਕੀਤੀ ਅਤੇ ਲੋਕ ਅਦਾਲਤ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਦੇਣ ਵਾਸਤੇ ਪ੍ਰੇਰਿਤ ਕੀਤਾ। ਅਰੁਣ ਗੁਪਤਾ ਨੇ ਦੱਸਿਆ ਕਿ 13 ਮਈ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀਆਂ ਅਦਾਲਤਾਂ, ਸਬ-ਡਵੀਜ਼ਨ ਪੱਧਰ ਦੀਆਂ ਅਦਾਲਤਾਂ ਅਤੇ ਸਥਾਈ ਲੋਕ ਅਦਾਲਤ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਾਰੇ ਪ੍ਰਕਾਰ ਦੇ ਰਾਜ਼ੀਨਾਮੇ ਯੋਗ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ ਅਤੇ ਦੋਵੇਂ ਪਾਰਟੀਆਂ ਦੇ ਆਪਸੀ ਸਹਿਮਤੀ ਨਾਲ ਕੇਸ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ-ਕਮ-ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਅਰੁਣ ਗੁਪਤਾ ਨੇ ਦੱਸਿਆ ਕਿ ਕੌਮੀ ਲੋਕ ਅਦਾਲਤ ਨੂੰ ਵੱਧ ਤੋਂ ਵੱਧ ਸਫਲ ਬਣਾਉਣ ਲਈ ਨਿਆਇਕ ਅਧਿਕਾਰੀਆਂ, ਬੈਂਕ ਅਧਿਕਾਰੀਆਂ, ਬੀਮਾ ਅਧਿਕਾਰੀਆਂ, ਵਾਟਰ ਸਪਲਾਈ, ਪੀ.ਐਸ.ਪੀ.ਸੀ.ਐੱਲ, ਅਤੇ ਬੀ.ਐਸ.ਐਨ.ਐਲ., ਕਾਰਜਸਾਧਕ ਅਫਸਰਾਂ, ਬੈਂਕ ਅਤੇ ਬੀਮਾ ਕੰਪਨੀਆਂ ਦੇ ਐਡਵੋਕੇਟਜ਼ ਦੇ ਨਾਲ ਮੀਟਿੰਗਾਂ ਕੀਤੀਆਂ ਗਈਆਂ ਤਾਂ ਜੋ ਵੱਧ ਤੋਂ ਵੱਧ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਕਰਕੇ ਆਮ ਪਬਲਿਕ ਨੂੰ ਫਾਇਦਾ ਪਹੁੰਚਾਇਆ ਜਾ ਸਕੇ। ਗੁਪਤਾ ਨੇ ਕਿਹਾ ਕਿ ਇਨ੍ਹਾਂ ਵਿੱਚ ਸਮਝੌਤਾ ਹੋਣ ਦੀ ਸੂਰਤ ਵਿੱਚ ਕੋਰਟ ਫੀਸ ਵੀ ਵਾਪਸ ਹੁੰਦੀ ਹੈ ਅਤੇ ਲੋਕ ਅਦਾਲਤ ਦਾ ਫੈਸਲਾ ਵੀ ਅੰਤਿਮ ਹੁੰਦਾ ਹੈ।

# ਸਿਹਤ ਵਿਭਾਗ ਦੀ ਟੀਮ ਨੇ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਭਰੇ ਸੈਂਪਲ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਾਸੀਆਂ ਨੂੰ ਸਾਫ਼ ਸੁਥਰਾ ਖਾਦ ਪਦਾਰਥ ਮੁਹੱਈਆ ਕਰਾਉਣ ਤੇ ਖਾਧ ਪਦਾਰਥਾਂ ਵਿੱਚ ਹੁੰਦੀ ਮਿਲਾਵਟਖੋਰੀ ਨੂੰ ਰੋਕਣ ਲਈ ਸਿਵਲ ਸਰਜਨ ਡਾ. ਰਮਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ ਦੀ ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾਂ 'ਤੇ ਮਠਿਆਈਆਂ ਤੇ ਪ੍ਰੋਟੀਨ ਸਪਲੀਮੈਂਟ ਦੀ ਵਿਕਰੀ ਕਰ ਰਹੇ ਦੁਕਾਨਾਂ ਦੀ ਚੈਕਿੰਗ ਕਰਕੇ ਸੈਂਪਲ ਭਰੇ ਗਏ। ਫੂਡ ਸੇਫਟੀ ਅਫ਼ਸਰ ਕੰਵਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਜਿਸ ਵਿੱਚ ਫੂਡ ਸੇਫਟੀ ਅਫਸਰ ਪੁਨੀਤ ਸ਼ਰਮਾ ਵੀ ਸ਼ਾਮਲ ਸਨ, ਉਨ੍ਹਾਂ ਵੱਲੋਂ ਨਾਭਾ ਵਿਖੇ ਵੱਖ-ਵੱਖ ਮਠਿਆਈਆਂ ਦੀਆਂ ਦੁਕਾਨਾਂ ਤੇ ਚੈਕਿੰਗ ਕਰਕੇ ਉੱਥੋਂ ਮਠਿਆਈਆਂ ਦੇ ਚਾਰ ਸੈਂਪਲ ਭਰੇ ਗਏ। ਉਨ੍ਹਾਂ ਦੱਸਿਆ ਕਿ ਭਰੇ ਗਏ ਇਨ੍ਹਾਂ ਸੈਂਪਲਾਂ ਨੂੰ ਲੈਬਾਰਟਰੀ ਵਿਖੇ ਜਾਂਚ ਲਈ ਭੇਜਿਆ ਜਾਵੇਗਾ ਅਤੇ ਲੈਬਾਰਟਰੀ ਜਾਂਚ ਤੋਂ ਬਾਅਦ ਜੇਕਰ ਸੈਂਪਲ ਫ਼ੇਲ੍ਹ ਪਾਏ ਗਏ ਤਾਂ ਸਬੰਧਤ ਮਾਲਕਾਂ ਖ਼ਿਲਾਫ਼ ਫੂਡ ਸੇਫਟੀ ਐਕਟ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਫੂਡ ਸੇਫਟੀ ਅਫ਼ਸਰਾਂ ਵੱਲੋਂ ਮਠਿਆਈ ਵਿਕਰੇਤਾਵਾਂ ਨੂੰ ਮਠਿਆਈਆਂ ਦੀ ਮਿਆਦ ਪੁੱਗਣ ਮਿਤੀ ਲਿਖਣ ਬਾਰੇ ਸਖਤ ਹਦਾਇਤਾਂ ਕੀਤੀਆਂ ਅਤੇ ਵਸਤਾਂ ਦਾ ਉਤਪਾਦ ਕਰਨ ਅਤੇ ਵਿਕਰੀ ਸਮੇਂ ਸਾਫ਼ ਸਫ਼ਾਈ ਦਾ ਖਾਸ ਧਿਆਨ ਰੱਖਣ ਦੀਆਂ ਹਦਾਇਤਾਂ ਵੀ ਦਿੱਤੀਆਂ।

# ਗੱਟੀ ਰਾਜੋ ਕੇ ਸਕੂਲ 'ਚ ਵਿਸ਼ਵ ਰੈੱਡ ਕਰਾਸ ਦਿਵਸ ਮੌਕੇ ਸਮਾਗਮ

## 6ਵੀਂ ਜਮਾਤ ਦੇ ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਵੀ ਕਰਵਾਏ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਖੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਟੀ ਰਾਜੋਕੇ ਵਿੱਚ ਵਿਸ਼ਵ ਰੈੱਡ ਕਰਾਸ ਦਿਵਸ ਨੂੰ ਸਮਰਪਿਤ ਪ੍ਰਭਾਵਸ਼ਾਲੀ ਸਮਾਗਮ ਪ੍ਰਿੰਸੀਪਲ ਡਾ. ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਦੀ ਅਗਵਾਈ ਵਿੱਚ ਰਾਸ਼ਟਰੀ ਸੇਵਾ ਯੋਜਨਾ ਯੂਨਿਟ (ਐੱਨ ਐੱਸ ਐੱਸ) ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਮੌਕੇ ਸਕੂਲ ਵਿੱਚ 6ਵੀਂ ਜਮਾਤ 'ਚ ਨਵਾਂ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਕਰਵਾ ਕੇ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਗਿਆ।ਇਸ ਮੌਕੇ ਉਘੇ ਸਿੱਖਿਆ ਮਾਹਰ ਡਾ. ਰਮੇਸ਼ਵਰ ਸਿੰਘ ਰਾਸ਼ਟਰਪਤੀ ਐਵਾਰਡੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾ ਨੇ ਆਪਣੇ ਕੁੰਜੀਵਤ ਸੰਬੋਧਨ ਵਿੱਚ ਰੈੱਡ ਕਰਾਸ ਦਿਵਸ ਦੀ ਮਹੱਤਤਾ ਉੱਪਰ ਚਾਨਣਾ ਪਾਉਂਦਿਆਂ ਦੱਸਿਆ ਕਿ ਇਹ ਦਿਨ ਮਨੁੱਖਤਾ ਦੀ ਸੇਵਾ ਨੂੰ ਸਮਰਪਤ ਹੈ।ਉਨ੍ਹਾਂ ਨੇ ਰੈੱਡ ਕਰਾਸ ਦੇ ਬਾਨੀ ਹੈਨਰੀ ਡਿਊਨਾ ਤੇ ਭਾਈ ਕਨੱ੍ਹਈਆ ਜੀ ਦੇ ਜੀਵਨ ਸੰਬੰਧੀ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ।ਡਾ. ਸਤਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਭਲਾਈ ਲਈ ਲੋੜਵੰਦਾਂ ਦੀ ਮੱਦਦ, ਬਜ਼ੁਰਗਾਂ ਦਾ ਸਤਿਕਾਰ, ਨਸ਼ਿਆਂ ਖ਼ਿਲਾਫ਼ ਸਹਿਯੋਗ ਤੇ ਵਾਤਾਵਰਨ ਸੰਭਾਲ ਲਈ ਕੰਮ ਕਰਨ ਦੀ ਪ੍ਰੇਰਣਾ ਦਿੱਤੀ।ਐੱਨ ਐੱਸ ਐੱਸ ਇੰਚਾਰਜ ਲੈਕਚਰਾਰ ਪ੍ਰਿੰਅਕਾ ਜੋਸ਼ੀ ਤੇ ਨੈਨਸੀ ਨੇ ਵੀ ਸਮਾਗਮ ਨੂੰ ਸੰਬੋਧਨ ਕਰਦਿਆਂ ਇਸ ਦਿਨ ਦੀ ਮਹੱਤਤਾ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ।ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਕਵਿਤਾ, ਗੀਤ ਤੇ ਸਕਿੱਟ ਰਾਹੀਂ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।6ਵੀਂ ਜਮਾਤ ਦੇ ਵਿਦਿਆਰਥੀਆਂ ਦੇ ਵਿੱਦਿਅਕ ਮੁਕਾਬਲੇ ਅਧਿਆਪਕਾਂ ਅਮਰਜੀਤ ਕੌਰ ਤੇ ਬਲਜੀਤ ਕੌਰ ਨੇ ਸੁਚੱਜੇ ਢੰਗ ਨਾਲ ਕਰਵਾਏ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।ਲੈਕਚਰਾਰ ਗੁਰਪ੍ਰੀਤ ਕੌਰ ਵੱਲੋਂ ਕਰਵਾਏ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਕਰਨ ਵਾਲੇ ਬੱਚਿਆਂ ਨੂੰ ਵੀ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ ਡਾ. ਰਮੇਸ਼ਵਰ ਸਿੰਘ ਨੂੰ ਰੈੱਡ ਕਰਾਸ ਦੀਆਂ ਗਤੀਵਿਧੀਆਂ ਖਾਸ ਤੌਰ 'ਤੇ ਮੁੱਢਲੀ ਸਹਾਇਤਾ ਦੀ ਟ੍ਰੇਨਿੰਗ ਵਿੱਚ ਪਿਛਲੇ ਲੰਬੇ ਸਮੇਂ ਤੋਂ ਪਾਏ ਵੱਡਮੁੱਲੇ ਯੋਗਦਾਨ ਲਈ ਸਕੂਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਕੂਲ ਅਧਿਆਪਕਾ ਅਮਰਜੀਤ ਕੌਰ ਨੇ ਬਾਖੂਬੀ ਨਿਭਾਈ।ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਕਵਿਤਾ, ਗੀਤ ਤੇ ਸਕਿੱਟ ਰਾਹੀਂ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।

# ਸ਼ਿਵਾਲਿਕ ਪਬਲਿਕ ਸਕੂਲ 'ਚ ਡੇਂਗੂ ਤੇ ਮਲੇਰੀਆ ਸੰਬੰਧੀ ਜਾਗਰੂਕਤਾ ਸਮਾਗਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਿਹਤ ਵਿਭਾਗ ਵੱਲੋਂ ਡਾ. ਰੰਜੂ ਸਿੰਗਲਾ ਸਿਵਲ ਸਰਜਨ ਅਤੇ ਦੁਪਿੰਦਰ ਕੁਮਾਰ ਜ਼ਿਲ੍ਹਾ ਸਿਹਤ ਅਫਸਰ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅੰਦਰ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ ਅਤੇ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸਮੇਂ ਡਾ. ਰੰਜੂ ਸਿੰਗਲਾ ਨੇ ਦੱਸਿਆ ਕਿ ਗਰਮੀ ਦੇ ਮੌਸਮ ਅਤੇ ਬਾਰਸ਼ਾਂ ਸ਼ੁਰੂ ਹੋਣ ਕਾਰਨ ਮਲੇਰੀਆ ਅਤੇ ਡੇਂਗੂ ਦੀਆਂ ਬਿਮਾਰੀਆਂ ਦਾ ਖਤਰਾ ਵਧ ਜਾਂਦਾ ਹੈ, ਇਸ ਲਈ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਸਾਰੇ ਸਕੂਲਾਂ ਵਿਚ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ ਤਾਂ ਜੋ ਵਿਦਿਆਰਥੀਆਂ ਨੂੰ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਸੰਬੰਧੀ ਜਾਗਰੂਕ ਕਰਕੇ ਉਨ੍ਹਾਂ ਦੇ ਘਰਾਂ ਤੋਂ ਡੇਂਗੂ ਮਲੇਰੀਆ ਫੈਲਾਉਣ ਵਾਲੇ ਮੱਛਰਾਂ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ। ਜਿਸ ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਅੱਜ ਸ਼ਿਵਾਲਿਕ ਪਬਲਿਕ ਸਕੂਲ ਬਠਿੰਡਾ ਰੋਡ, ਸ੍ਰੀ ਮੁਕਤਸਰ ਸਾਹਿਬ ਵਿਖੇ ਮਲੇਰੀਆ ਅਤੇ ਡੇਂਗੂ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ ਨੇ ਦੱਸਿਆ ਕਿ ਮਲੇਰੀਆ ਅਤੇ ਡੇਂਗੂ ਤੋਂ ਡਰਨ ਦੀ ਲੋੜ ਨਹੀਂ, ਬਲਕਿ ਇਸ ਤੋਂ ਬਚਣ ਲਈ ਕੁਝ ਸਾਵਧਾਨੀਆਂ ਵਰਤਣ ਦੀ ਜ਼ਰੂਰਤ ਹੈ। ਡੇਂਗੂ ਬੁਖਾਰ ਏਡੀਜ਼ ਅਜੈਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਸਾਰਿਆਂ ਨੂੰ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ। ਘਰਾਂ ਵਿੱਚ ਵਾਧੂ ਬਰਤਨ ਜਿਵੇਂ ਟਾਇਰ, ਟੁੱਟੇ ਘੜੇ ਅਤੇ ਗਮਲੇ ਵਿੱਚ ਪਾਣੀ ਖੜ੍ਹਨ ਨਹੀਂ ਦੇਣਾ ਚਾਹੀਦਾ। ਮੱਛਰਦਾਨੀਆਂ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ, ਸਾਰੇ ਸਰੀਰ ਨੂੰ ਢੱਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਘਰ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢਕ ਕੇ ਰੱਖੋ। ਇਸ ਮੌਕੇ ਲਾਲ ਚੰਦ ਅਤੇ ਭਗਵਾਨ ਦਾਸ ਜ਼ਿਲ੍ਹਾ ਸਿਹਤ ਇੰਸਪੈਕਟਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸ਼ਹਿਰਾਂ ਦੇ ਵੱਖ ਵੱਖ ਖੇਤਰਾਂ ਅਤੇ ਹਾਈ ਰਿਸਕ ਏਰੀਏ 'ਚ ਜਾ ਕੇ ਲੋਕਾਂ ਨੂੰ ਘਰਾਂ ਵਿਚ ਅਤੇ ਘਰਾਂ ਦੇ ਆਸ ਪਾਸ ਪਾਣੀ ਜਮ੍ਹਾ ਨਾ ਹੋਣ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਖੜ੍ਹੇ ਪਾਣੀ ਵਿੱਚ ਲਾਰਵਾ ਵਿਰੋਧੀ ਸਪਰੇਅ ਕੀਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਡੇਂਗੂ ਪ੍ਰਤੀ ਜਾਣਕਾਰੀ ਦੇਣ ਲਈ ਪੈਂਫਲਿਟ ਵੰਡੇ ਜਾ ਰਹੇ ਹਨ ਅਤੇ ਘਰਾਂ ਵਿੱਚ ਖੜ੍ਹੇ ਪਾਣੀ ਵਿੱਚ ਪੈਦਾ ਹੋ ਰਹੇ ਮੱਛਰਾਂ ਦੇ ਲਾਰਵੇ ਨੂੰ ਮੌਕੇ 'ਤੇ ਨਸ਼ਟ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿਚ ਜਾ ਕੇ ਮਾਹਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ।

ਡੇਂਗੂ ਦੇ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਰਾਕੇਸ਼ ਪਰੂਥੀ ਐਮ.ਡੀ., ਕੁਸੁਮ ਪਰੂਥੀ ਪ੍ਰਿੰਸੀਪਲ, ਸ਼ਿਵਾਲਿਕ ਪਬਲਿਕ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਊਰਜਾ ਦੀ ਬੱਚਤ ਲਈ ਪੇਡਾ ਵੱਲੋਂ ਸੂਚੀਬੱਧ ਕੀਤੇ ਜਾਣਗੇ ਈ ਸੀ ਬੀ ਸੀ ਡਿਜ਼ਾਈਨ ਪੇਸ਼ੇਵਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਇਮਾਰਤਾਂ ਜਾਂ ਬਿਲਡਿੰਗ ਕੰਪਲੈਕਸਾਂ ਨੂੰ ਊਰਜਾ ਕੁਸ਼ਲ ਬਣਾਉਣ ਲਈ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਵੱਲੋਂ ਐਨਰਜੀ ਕੰਜ਼ਰਵੇਸ਼ਨ ਬਿਲਡਿੰਗ ਕੋਡ (ਈ.ਸੀ.ਬੀ.ਸੀ.) ਮਾਹਰ/ਪੇਸ਼ੇਵਰ ਸੂਚੀਬੱਧ (ਇੰਪੈਨਲ) ਕੀਤੇ ਜਾਣਗੇ, ਜੋ ਇਮਾਰਤਾਂ ਵਿੱਚ ਊਰਜਾ ਦੀ ਵੱਧ ਤੋਂ ਵੱਧ ਬੱਚਤ ਨੂੰ ਯਕੀਨੀ ਬਣਾਉਣਗੇ। ਪੰਜਾਬ ਸਰਕਾਰ ਵੱਲੋਂ ਸੂਬੇ 'ਚ 100 ਕਿਲੋਵਾਟ ਜਾਂ ਇਸ ਤੋਂ ਵੱਧ ਦੇ ਕੁਨੈਕਟਿਡ ਲੋਡ ਜਾਂ 120 ਕਿਲੋਵਾਟ-ਐਂਪੀਅਰ ਜਾਂ ਇਸ ਤੋਂ ਵੱਧ ਦੀ ਕੰਟਰੈਕਟ ਡਿਮਾਂਡ ਜਾਂ 500 ਵਰਗ ਮੀਟਰ ਜਾਂ ਇਸ ਤੋਂ ਵੱਧ ਕੰਡੀਸ਼ਨਡ ਏਰੀਏ ਵਾਲੀਆਂ ਨਵੀਆਂ ਵਪਾਰਕ ਇਮਾਰਤਾਂ ਦੀ ਉਸਾਰੀ ਲਈ ਐਨਰਜੀ ਕੰਜ਼ਰਵੇਸ਼ਨ ਬਿਲਡਿੰਗ ਕੋਡ ਨੋਟੀਫਾਈ ਕੀਤਾ ਗਿਆ ਹੈ। ਇਹ ਕੋਡ ਸਥਾਨਕ ਸਰਕਾਰਾਂ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਦੇ ਬਿਲਡਿੰਗ ਉਪ-ਨਿਯਮਾਂ 'ਚ ਵੀ ਸ਼ਾਮਲ ਕੀਤਾ ਗਿਆ ਹੈ, ਜੋ ਬਿਲਡਿੰਗ ਯੋਜਨਾਵਾਂ ਦੀ ਪ੍ਰਵਾਨਗੀ ਲਈ ਇਸ ਦੀ ਪਾਲਣਾ ਨੂੰ ਲਾਜ਼ਮੀ ਬਣਾਉਂਦਾ ਹੈ। ਅਮਨ ਅਰੋੜਾ ਨੇ ਕਿਹਾ ਕਿ ਪੇਡਾ ਨੇ ਈ.ਸੀ.ਬੀ.ਸੀ. ਡਿਜ਼ਾਈਨ ਪੇਸੇਵਰਾਂ ਨੂੰ ਸੂਚੀਬੱਧ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਪੇਸ਼ੇਵਰ ਸੂਬਾ ਪੱਧਰ 'ਤੇ ਈ.ਸੀ.ਬੀ.ਸੀ. ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਆਰਕੀਟੈਕਟਾਂ/ਮਾਲਕਾਂ ਦੀ ਸਹਾਇਤਾ ਕਰਨਗੇ। ਇੰਪੈਨਲਮੈਂਟ ਵਾਸਤੇ ਅਰਜ਼ੀਆਂ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ 25 ਮਈ, ਦੁਪਹਿਰ 3 ਵਜੇ ਤੱਕ ਹੈ ਅਤੇ ਅਰਜ਼ੀ ਨਾਲ ਲੋੜੀਂਦੀ ਇੰਪੈਨਲਮੈਂਟ ਫੀਸ ਅਤੇ ਦਸਤਾਵੇਜ਼ਾਂ ਜਮ੍ਹਾਂ ਕਰਾਉਣੇ ਹੋਣਗੇ। ਉਨ੍ਹਾ ਕਿਹਾ ਕਿ ਸੂਬੇ ਵਿੱਚ ਈ.ਸੀ.ਬੀ.ਸੀ. ਦੇ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ, ਈ.ਸੀ.ਬੀ.ਸੀ. ਡਿਜ਼ਾਈਨ ਪੇਸ਼ੇਵਰ ਇਮਾਰਤ ਦੇ ਨਿਰਮਾਣ ਸਮੇਂ ਮਾਲਕ/ਬਿਨੈਕਾਰ ਨੂੰ ਈ.ਸੀ.ਬੀ.ਸੀ. ਦੀ ਪਾਲਣਾ ਸੰਬੰਧੀ ਸਹੂਲਤ ਪ੍ਰਦਾਨ ਕਰਨਗੇ। ਉਹ ਵੱਖ-ਵੱਖ ਈ.ਸੀ.ਬੀ.ਸੀ ਅਨੁਕੂਲ ਵਪਾਰਕ ਇਮਾਰਤਾਂ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ ਨਵੀਨਤਮ ਊਰਜਾ ਸੰਭਾਲ ਬਿਲਡਿੰਗ ਕੋਡ ਅਤੇ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਜਾਰੀ ਈ.ਸੀ.ਬੀ.ਸੀ. ਨਿਯਮਾਂ/ਨੋਟੀਫਿਕੇਸ਼ਨਾਂ ਦੇ ਅਨੁਸਾਰ ਘੱਟੋ-ਘੱਟ ਊਰਜਾ ਕੁਸ਼ਲਤਾ ਪੱਧਰਾਂ ਦੀ ਜਾਂਚ ਕਰਨਗੇ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਈ.ਸੀ.ਬੀ.ਸੀ, ਇਮਾਰਤਾਂ/ਬਿਲਡਿੰਗ ਕੰਪਲੈਕਸਾਂ ਜਿਵੇਂ ਕਿ ਦਫਤਰ, ਹੋਟਲ, ਹਸਪਤਾਲ, ਸ਼ਾਪਿੰਗ ਕੰਪਲੈਕਸ, ਗਰੁੱਪ ਹਾਊਸਿੰਗ ਕੰਪਲੈਕਸ ਅਤੇ ਹੋਰਨਾਂ ਇਮਾਰਤਾਂ, ਜਿਨ੍ਹਾਂ ਦੀ ਵਰਤੋਂ ਮੁੱਖ ਤੌਰ 'ਤੇ ਉਦਯੋਗਿਕ ਅਰਥਾਤ ਨਿਰਮਾਣ ਦੇ ਉਦੇਸ਼ ਲਈ ਨਹੀਂ ਕੀਤੀ ਜਾਂਦੀ, 'ਤੇ ਲਾਗੂ ਹੁੰਦਾ ਹੈ। ਉਨ੍ਹਾ ਦੱਸਿਆ ਕਿ ਪੇਡਾ ਦਫਤਰ ਵਿੱਚ ਬਿਲਡਿੰਗ ਸੈੱਲ ਵੀ ਸਥਾਪਤ ਕੀਤਾ ਗਿਆ ਹੈ ਜਿਸ ਵਿੱਚ ਦੋ ਇੰਜੀਨੀਅਰ ਅਤੇ ਇੱਕ ਆਰਕੀਟੈਕਟ ਸ਼ਾਮਲ ਹੈ। ਇਹ ਸੈੱਲ ਲੋੜੀਂਦੇ ਦਸਤਾਵੇਜ਼ ਤਿਆਰ ਕਰਨ, ਸੂਬੇ ਵਿੱਚ ਪੰਜਾਬ ਈ.ਸੀ.ਬੀ.ਸੀ. ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਸਾਰੇ ਹਿੱਸੇਦਾਰਾਂ ਦੀ ਮਦਦ ਕਰ ਰਿਹਾ ਹੈ। ਬਿਲਡਿੰਗ ਸੈੱਲ ਨੇ ਵਿਭਾਗਾਂ/ਸੰਸਥਾਵਾਂ ਨਾਲ ਵਿਚਾਰ-ਵਟਾਂਦਰਾ ਕਰਨ ਦੇ ਨਾਲ ਨਾਲ 650 ਤੋਂ ਵੱਧ ਆਰਕੀਟੈਕਟਾਂ ਅਤੇ ਇੰਜੀਨੀਅਰਾਂ ਨੂੰ ਸਿਖਲਾਈ ਦਿੱਤੀ ਹੈ। ਪੰਜਾਬ ਈ.ਸੀ.ਬੀ.ਸੀ. ਸੰਬੰਧੀ ਹਿੱਸੇਦਾਰਾਂ ਦੇ ਸਮਰੱਥਾ ਨਿਰਮਾਣ ਲਈ ਨਗਰ ਨਿਗਮਾਂ ਅਤੇ ਹੋਰ ਯੂ.ਐਲ.ਬੀਜ਼ ਵਿਖੇ 85 ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ, ਜਿਸ ਵਿੱਚ 8800 ਤੋਂ ਵੱਧ ਪੇਸ਼ੇਵਰਾਂ ਨੂੰ ਸਿਖਲਾਈ ਦਿੱਤੀ ਗਈ ਹੈ।

# ਸਿੱਖਿਆਰਥੀਆਂ ਵੱਲੋਂ ਪਹਿਲਵਾਨਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ




**ਬਹਿਰਾਮ (ਅਵਤਾਰ ਕਲੇਰ)** ਸ਼ਹੀਦ ਏ ਆਜ਼ਮ ਭਗਤ ਸਿੰਘ ਆਈ ਟੀ ਆਈ ਦੇ ਸਿਖਿਆਰਥੀਆਂ ਵਲੋਂ ਪਹਿਲਵਾਨਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਿਲ੍ਹਾ ਆਗੂ ਰਾਜੂ ਬਰਨਾਲਾ ਅਤੇ ਆਈ ਟੀ ਆਈ ਦੇ ਸਾਬਕਾ ਸਕੱਤਰ ਯੂਗੇਸ਼ ਕੁਮਾਰ ਨੇ ਕਿਹਾ ਕਿ ਭਾਰਤੀ ਉਲੰਪਿਕ ਖਿਡਾਰੀ ਵਿਨੇਸ ਫੋਗਾਟ ਨਾਲ ਹੋਏ ਜਿਨਸੀ ਸੋਸ਼ਣ ਦੇ ਦੋਸ਼ੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਤੇ ਬੀਜੇਪੀ ਦੇ ਸਾਂਸਦ ਬਿਰਜ ਭੂਸ਼ਣ ਸ਼ਰਣ ਸਿੰਘ ਖਿਲਾਫ ਦਿੱਲੀ ਜੰਤਰ ਮੰਤਰ ਇਨਸਾਫ ਲਈ ਧਰਨੇ ਤੇ ਹਨ। ਜਿਨ੍ਹਾਂ ਵਿੱਚ ਉਲੰਪਿਕ ਸੋਨਾ ਤਗਮਾ ਜੇਤੂ ਬਜਰੰਗ ਪੂਨੀਆਂ, ਸਾਕਸ਼ੀ ਮਲਿਕ, ਵਿਨੇਸ ਫੋਗਾਟ ਆਗਵਾਈ ਕਰ ਰਹੇ ਹਨ, ਪਰ ਹਜੇ ਤੱਕ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਦੋਸ਼ੀ ਭਾਜਪਾ ਦਾ ਖਾਸ ਬੰਦਾ ਹੋਣ ਕਰਕੇ ਖਿਡਾਰੀਆਂ ਨੂੰ ਐਫ ਆਰ ਆਈ ਦਰਜ ਕਰਾਉਣ ਲਈ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪਿਆ। ਬੀਜੇਪੀ ਦੀ ਸਰਕਾਰ ਜੋ ਕਿ ਆਰ ਐਸ ਐਸ ਪੱਖੀ ਔਰਤਾਂ ਵਿਰੋਧੀ ਸੋਚ ਵਾਲੀ ਹੈ ਕਿਉਂਕਿ ਇਹਨਾਂ ਦੇ ਸਰਕਾਰ ਵਿੱਚ ਗੁਜਰਾਤ ਦੰਗੇ ਵਿੱਚ ਬਿਲਕਸ ਬਾਨੋ ਨਾਲ ਸਮੂਹਿਕ ਬਲਾਤਕਾਰ ਤੇ ਫਿਰ ਕਸ਼ਮੀਰ ਦੀ ਸੱਤ ਸਾਲ ਦੀ ਬੱਚੀ ਆਸੀਫਾ ਨਾਲ ਬਲਾਤਕਾਰ ਵੀ ਇਹਨਾਂ ਸਮੇਂ ਦੀ ਸਰਕਾਰ ਵਿੱਚ ਹੋਈਆਂ ਤੇ ਦੋਸ਼ੀ ਖੁੱਲੇਆਮ ਘੁੰਮ ਰਹੇ ਹਨ। ਇਸ ਮੌਕੇ ਆਈ ਟੀ ਆਈ ਦੇ ਸਿਖਿਆਰਥੀਆਂ ਨੇ ਰੋਸ ਜਾਹਿਰ ਕਰਦੇ ਮੰਗ ਕੀਤੀ ਕਿ ਖਿਡਾਰੀਆਂ ਨੂੰ ਇਨਸਾਫ ਤੇ ਦੋਸੀ ਨੂੰ ਸਜਾ ਦਿੱਤੀ ਜਾਵੇ। ਇਸ ਮੌਕੇ ਆਈ ਟੀ ਆਈ ਦੇ ਸਿਖਿਆਰਥੀ ਆਗੂ ਸਿਮਰਨਜੀਤ ਸਿੰਘ, ਰੋਹਨ ਕੁਮਾਰ ਅਤੇ ਆਈ ਟੀ ਆਈ ਦੇ ਸਿਖਿਆਰਥੀ ਸੁਖਪ੍ਰੀਤ ਸਿੰਘ, ਲਵਪ੍ਰਤ ਸਿੰਘ, ਦੀਪਕ, ਮਾਨਕ, ਦਿਨਾਂ ਕੁਮਾਰ, ਅਸ਼ੋਕ, ਮੁਕੇਸ਼, ਆਦਿ ਹਾਜ਼ਰ ਸਨ।

# ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਹਫਤਾਵਰੀ ਧਾਰਮਕ ਸਮਾਗਮ




**ਫਗਵਾੜਾ ( ਜਸਵਿੰਦਰ ਢੱਡਾ)**—ਗੁਰਦੁਆਰਾ ਸੁਖਚੈਨਆਣਾ ਸਾਹਿਬ ਵੱਲੋਂ ਸਮੂਹ ਸਾਧ ਸੰਗਤ ਦੇ ਭਰਪੂਰ ਸਹਿਯੋਗ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਵਸ ਦੇ ਸੰਬੰਧ 'ਚ ਹਫਤਾਵਰੀ ਗੁਰਮਤਿ ਸਮਾਗਮ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਸਮਾਗਮ 'ਚ ਭਾਈ ਸ਼ੌਕੀਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਭਾਈ ਕੇਵਲ ਸਿੰਘ ਕਥਾਵਾਚਕ , ਭਾਈ ਸ਼ਮਸ਼ੇਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੁਖਚੈਨਆਣਾ ਸਾਹਿਬ ਆਦਿ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕੀਤਾ। ਇਸ ਮੌਕੇ ਨਰਿੰਦਰ ਸਿੰਘ ਮੈਨੇਜਰ, ਜਥੇਦਾਰ ਸਰਵਣ ਸਿੰਘ ਕੁਲਾਰ ਮੈਂਬਰ ਐਸ ਜੀ ਪੀ ਸੀ, ਜਰਨੈਲ ਸਿੰਘ ਵਾਹਦ, ਜਤਿੰਦਰ ਸਿੰਘ ਖਾਲਸਾ ਪ੍ਰਧਾਨ, ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਵੈਲਫੇਅਰ ਸੁਸਾਇਟੀ (ਰਜਿ) ਫਗਵਾੜਾ, ਹਰਵਿੰਦਰ ਸਿੰਘ ਬਾਵਾ, ਗੁਰਮੀਤ ਸਿੰਘ, ਅਵਤਾਰ ਸਿੰਘ ਮੰਗੀ , ਫਤਿਹ ਸਿੰਘ, ਪਲਵਿੰਦਰ ਸਿੰਘ ਲਾਡੀ, ਗੁਰਦੀਪ ਸਿੰਘ ਖੇੜਾ, ਜਸਵਿੰਦਰ ਸਿੰਘ ਘੁੰਮਣ, ਸਤਨਾਮ ਸਿੰਘ ਅਰਸ਼ੀ, ਤਰਸੇਮ ਸਿੰਘ ਸੇਮੀ ਜਨਰਲ ਸਕੱਤਰ ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਵੈਲਫੇਅਰ ਸੁਸਾਇਟੀ (ਰਜਿ) ਫਗਵਾੜਾ, ਭਾਈ ਬਲਵਿੰਦਰ ਸਿੰਘ ਹੈਡ ਗ੍ਰੰਥੀ, ਭਾਈ ਅੰਮ੍ਰਿਤਪਾਲ ਸਿੰਘ , ਪਰਮਿੰਦਰ ਸਿੰਘ, ਜਸਵੀਰ ਸਿੰਘ ਢਿੱਲੋਂ, ਅਮਰਜੀਤ ਸਿੰਘ ਬਬਲੀ, ਅਰਵਿੰਦਰ ਸਿੰਘ ਨੀਟਾ, ਜਸਵੀਰ ਸਿੰਘ ਸੱਗੂ ਆਦਿ ਹਾਜ਼ਰ ਸਨ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸੋਸ਼ਲ ਮੀਡੀਆ 'ਤੇ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ਼ ਹੋਵੇਗੀ ਸਖ਼ਤ ਕਾਰਵਾਈ-ਡੀ ਸੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੋਸ਼ਲ ਮੀਡੀਆ, ਵੈੱਬ ਚੈਨਲਾਂ ਨੂੰ ਬੇਬੁਨਿਆਦ ਅਫਵਾਹਾਂ ਨੂੰ ਖ਼ਬਰਾਂ ਦੇ ਰੂਪ ਵਿੱਚ ਫੈਲਾਉਣ ਤੋਂ ਵਰਜ਼ਦਿਆਂ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਈ ਵਾਰ ਸੋਸ਼ਲ ਮੀਡੀਆ, ਵੈੱਬ ਚੈਨਲ ਬੇਬੁਨਿਆਦ ਅਫਵਾਹਾਂ ਨੂੰ ਖਬਰਾਂ ਦੇ ਰੂਪ ਵਿੱਚ ਫੈਲਾ ਦਿੰਦੇ ਹਨ ਅਤੇ ਫਰਜ਼ੀ ਖ਼ਬਰਾਂ ਦਾ ਸਮਰਥਨ ਵੀ ਕਰਦੇ ਹਨ। ਇਹ ਝੂਠੀਆਂ ਖਬਰਾਂ ਜ਼ਿਆਦਾਤਰ ਸਪੱਸ਼ਟ ਤੱਥਾਂ ਅਤੇ ਮੁੱਦੇ ਦੀ ਅਸਲ ਤਸਵੀਰ ਨੂੰ ਸਾਹਮਣੇ ਨਹੀਂ ਰੱਖਦੀਆਂ, ਜਿਸ ਨਾਲ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਕੀਤੇ ਚੰਗੇ ਵਿਕਾਸ ਕਾਰਜਾਂ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਜਾਅਲੀ ਖ਼ਬਰਾਂ ਨੂੰ ਸਮੇਂ ਸਿਰ ਨੱਥ ਪਾਉਣ ਲਈ ਸਖ਼ਤ ਅਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੀਆਂ ਫਰਜ਼ੀ ਖਬਰਾਂ ਵਿਰੁੱਧ ਨਿਯਮਤ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਅਜਿਹੀਆਂ ਸੂਚਨਾਵਾਂ, ਨਿੱਜੀ ਹਿੱਤਾਂ ਵਾਲੀਆਂ ਸੰਸਥਾਵਾਂ ਨੂੰ ਰਾਜ ਸਰਕਾਰ ਦੇ ਚੱਲ ਰਹੇ ਵਿਕਾਸ ਦੇ ਏਜੰਡੇ ਵਿੱਚ ਵਿਘਨ ਪਾਉਣ ਤੋਂ ਰੋਕਿਆ ਜਾ ਸਕੇ।

# ਗੈਰ-ਸੰਚਾਰੀ ਰੋਗਾਂ ਸੰਬੰਧੀ ਸਮਾਣਾ ਕਲਾਂ ਵਿਖੇ ਲਗਾਇਆ ਕੈਂਪ



**ਸ੍ਰੀ ਚਮਕੌਰ ਸਾਹਿਬ ( ਕੁਲਵਿੰਦਰ ਕਾਲਾ)**-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਪਿੰਡ ਸਮਾਣਾ ਕਲਾਂ ਵਿਖੇ ਗੈਰ ਸੰਚਾਰੀ ਰੋਗਾਂ ਸਬੰਧੀ ਸਕਰੀਨਿੰਗ ਕੈਂਪ ਲਗਾਇਆ ਗਿਆ। ਇਸ ਮੌਕੇ 'ਤੇ ਗੁਰਜੀਤ ਕੌਰ ਕਮਿਊਨਿਟੀ ਹੈਲਥ ਅਫਸਰ ਵੱਲੋਂ ਗੈਰ-ਸੰਚਾਰੀ ਰੋਗਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਤੇ ਗੈਰ ਸੰਚਾਰੀ ਰੋਗਾਂ ਸਬੰਧੀ ਲੋਕਾਂ ਦਾ ਚੈਕ-ਅੱਪ ਵੀ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀਆਂ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਗੁਰਜੀਤ ਕੌਰ ਨੇ ਕਿਹਾ ਕਿ ਗੈਰ ਸੰਚਾਰੀ ਰੋਗਾਂ ਵਿੱਚ ਹਾਈਪਰਟੈਨਸ਼ਨ, ਸ਼ੁਗਰ, ਕੈਂਸਰ (ਬਰੈਸਟ ਕੈਂਸਰ, ਬੱਚੇਦਾਨੀ ਦਾ ਕੈਂਸਰ) ਅਤੇ ਓਰਲ ਕੈਂਸਰ (ਮੂੰਹ ਦਾ ਕੈਂਸਰ) ਆਉਂਦਾ ਹੈ। ਗੈਰ-ਸੰਚਾਰੀ ਰੋਗਾਂ ਤੋਂ ਬਚਾਅ ਲਈ ਸਰੀਰਕ ਸਰਗਰਮੀਆਂ ਕਰਨਾ ਬਹੁਤ ਜਰੂਰੀ ਹੈ। ਇਸ ਲਈ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਰੋਜਾਨਾ ਸੈਰ, ਦੌੜ, ਤੈਰਾਕੀ, ਪੌੜੀਆਂ ਚੜਨਾ, ਕਠੋਰ ਕੰਮ ਕਰਨਾ ਆਦਿ ਜਰੂਰੀ ਹੈ। ਇਸ ਮੌਕੇ ਤੇ ਬੇਅੰਤ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਕਿਹਾ ਕਿ ਗੈਰ ਸੰਚਾਰੀ ਰੋਗਾਂ ਤੋਂ ਬਚਣ ਲਈ ਨਸ਼ੇ, ਸ਼ਰਾਬ, ਫਾਸਟ ਫੂਡ, ਤੰਬਾਕੂ, ਸਿਗਰਟਨੋਸ਼ੀ,ਤਲੀਆਂ ਹੋਈਆਂ ਵਸਤਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਮਨਦੀਪ ਕੌਰ ਏ.ਐਨ.ਐਮ ਅਤੇ ਪਤਵੰਤੇ ਸੱਜਣ ਹਾਜਰ ਸਨ।

# ਪੰਚਾਇਤੀ ਰਾਜ ਪੈਨਸ਼ਨਰਜ਼ ਯੂਨੀਅਨ ਨੇ ਲਗਾਇਆ ਧਰਨਾ



**ਮੁਹਾਲੀ (ਗੁਰਜੀਤ ਸਿੰਘ ਬਿੱਲਾ)**

ਐੱਸ ਏ ਐੱਸ ਨਗਰ ਮੁਹਾਲੀ ਪੰਚਾਇਤੀ ਰਾਜ ਦੇ ਅਰਧ ਸਰਕਾਰੀ ਪੈਨਸ਼ਨਰਾਂ ਦੀ ਜਥੇਬੰਦੀ ਪੰਚਾਇਤੀ ਰਾਜ ਪੈਨਸ਼ਨਰਜ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਡਾਇਰੈਕਟਰ ਪੰਚਾਇਤ ਵਿਭਾਗ ਪੰਜਾਬ ਦੇ ਮੁੱਖ ਦਫਤਰ ਵਿਕਾਸ ਭਵਨ, ਸਾਹਮਣੇ ਸੀਨੀਅਰ ਪੈਨਸ਼ਨਰ ਹਰਭਜਨ ਸਿੰਘ ਮੋਹਾਲੀ ਦੀ ਅਗਵਾਈ ਵਿੱਚ ਰੋਸ ਧਰਨਾ ਦਿੱਤਾ ਗਿਆ। ਜਿਸ ਵਿੱਚ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦਰਜ ਕਰਵਾਈ ਗਈ।

ਧਰਨੇ ਵਿੱਚ ਹਾਜਰ ਪੈਨਸ਼ਨਰਾਂ ਨੂੰ ਸੰਬੋਧਨ ਹੁੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਭਾਂਖਰਪੁਰ ਨੇ ਵਿਭਾਗ ਦੀ ਸਬੰਧਤ ਅਫਸਰਸ਼ਾਹੀ ਨੂੰ ਕਿਹਾ ਕਿ ਸਾਡੀ ਜਥੇਬੰਦੀ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਆਪ ਜੀ ਦੇ ਸਨਮੁੱਖ ਪੇਸ਼ ਕਰਦੀ ਆ ਰਹੀ ਹੈ, ਜਿਵੇਂ ਕਿ ਪੈਨਸ਼ਨ ਹਰ ਮਹੀਨੇ ਪਹਿਲੀ ਤਰੀਕ ਨੂੰ ਬਿਨਾਂ ਨਾਗਾ ਦਿੱਤੀ ਜਾਵੇ, ਛੇਵੇਂ ਪੇ ਕਮਿਸ਼ਨ ਅਨੁਸਾਰ ਪੈਨਸ਼ਨ ਤੈਅ ਕੀਤੀ ਜਾਵੇ, ਬੁਢਾਪਾ ਭੱਤਾ ਐੱਲ ਟੀ ਸੀ ਸਰਕਾਰੀ ਪੈਨਸ਼ਨਰਾਂ ਅਨੁਸਾਰ ਦਿੱਤਾ ਜਾਵੇ, ਅਫਸਰ ਸ਼ਾਹੀ ਅਤੇ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਪੂਰਿਆਂ ਕਰਨ ਲਈ ਹੁਣ ਤੱਕ ਲਾਰੇ ਲਾ ਕੇ 14 ਮਹੀਨਿਆਂ ਦਾ ਸਮਾਂ ਤਾਂ ਲੰਘਾ ਦਿੱਤਾ ਗਿਆ ਪਰ ਅਸਲ ਵਿੱਚ ਕੁਝ ਨਹੀਂ ਕੀਤਾ ਗਿਆ, ਜਿਸ ਕਾਰਨ ਜਥੇਬੰਦੀ ਨੂੰ ਮਜਬੂਰੀ ਵਸ ਅੱਜ ਦਾ ਧਰਨਾ ਦੇਣਾ ਪਿਆ। ਇੰਚਾਰਜ ਪੈਨਸ਼ਨ ਸੈੱਲ (ਐਡੀਸ਼ਨਲ ਡਿਪਟੀ ਡਾਇਰੈਕਟਰ) ਨੇ ਜਥੇਬੰਦੀ ਦੇ ਵਫਦ ਨੂੰ ਮੁਲਾਕਾਤ ਸਮੇਂ ਜੂਨ ਮਹੀਨੇ ਦੀ ਪੈਨਸ਼ਨ, ਛੇਵੇਂ ਪੇ ਕਮਿਸ਼ਨ ਅਨੁਸਾਰ ਪਾਉਣ ਦਾ ਯਕੀਨ ਦਿਵਾਇਆ। ਇਸ ਉਪਰੰਤ ਧਰਨੇ ਦੀ ਸਮਾਪਤੀ ਕਰ ਦਿੱਤੀ ਗਈ।

ਧਰਨੇ ਨੂੰ ਜਥੇਬੰਦੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਭਾਂਖਰਪੁਰ, ਸਕੱਤਰ ਜਗੀਰ ਸਿੰਘ ਢਿੱਲੋਂ, ਨਾਈਬ ਸਿੰਘ ਰੌਤਾ, ਨਰਿੰਦਰ ਸਿੰਘ ਚਮਕੌਰ, ਮਹਿੰਦਰ ਸਿੰਘ ਭੰਗੂ, ਜਗਤਾਰ ਸਿੰਘ, ਸਤਿੰਦਰ ਪਾਲ ਕੌਰ ਮੋਗਾ, ਰਜਿੰਦਰ ਸਿੰਘ ਮੁਕੇਰੀਆਂ, ਜੁਗਿੰਦਰ ਸਿੰਘ ਬਲਾਚੌਰ, ਰਾਮ ਆਸਰਾ, ਸਰਬਜੀਤ ਸਿੰਘ, ਮਾਨ ਸਿੰਘ, ਰਾਮ ਕਿਸ਼ਨ ਮਾਲੀ, ਸੁਦੇਸ਼ ਕੁਮਾਰੀ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਬੁਖਲਾਈ ਆਪ ਸਰਕਾਰ ਵਿਰੋਧੀਆਂ 'ਤੇ ਦਰਜ ਕਰ ਰਹੀ ਹੈ ਝੂਠੇ ਪਰਚੇ: ਡਾ. ਸੁੱਖੀ

**ਜਲੰਧਰ (ਸੁਰਿੰਦਰ ਕੁਮਾਰ)** -ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਸਿੰਘ ਸੁੱਖੀ ਨੇ ਸਿਆਸੀ ਵਿਰੋਧੀਆਂ ਨਾਲ ਕਿੜ ਕੱਢਣ ਲਈ ਐਸ ਸੀ ਪ੍ਰੀਵੈਨਸ਼ਨ ਆਫ ਕ੍ਰਾਈਮਜ ਐਕਟ ਦੀ ਦੁਰਵਰਤੋਂ ਕਰਨ 'ਤੇ ਆਮ ਆਦਮੀ ਪਾਰਟੀ ਸਰਕਾਰ ਦੀ ਜ਼ੋਰਦਾਰ ਨਿਖੇਧੀ ਕੀਤੀ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਡਾ. ਸੁੱਖੀ ਨੇ ਕਿਹਾ ਕਿ 7 ਮਈ ਨੂੰ ਕਰਤਾਰਪੁਰ ਵਿਧਾਨ ਸਭਾ ਹਲਕੇ ਦੇ ਪਿੰਡ ਦਿਆਲਪੁਰਾ ਵਿਚ ਵਾਪਰੀ ਘਟਨਾ ਦੇ ਮਾਮਲੇ ਵਿਚ ਇਕ ਅਕਾਲੀ ਵਰਕਰ ਤੇ ਤਿੰਨ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਜਦੋਂ ਕਿ ਉਥੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਵਿਚ ਕੁਤਾਹੀ ਹੋਈ। ਉਹਨਾਂ ਕਿਹਾ ਕਿ ਤਿੰਨ ਔਰਤਾਂ ਸਮੇਤ ਪੰਜ ਅਣਪਛਾਤੇ ਵਿਅਕਤੀ ਜਿਹਨਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ, ਉਹ ਮਜੀਠੀਆ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਉਹਨਾਂ ਦੀ ਕਾਰ ਦਾ ਰਾਹ ਰੋਕ ਕੇ ਖੜ੍ਹੇ ਹੋ ਗਏ ਪਰ ਇਸ ਮਾਮਲੇ ਵਿਚ ਸੂਬਾ ਪੁਲਸ ਨੇ ਅਕਾਲੀ ਵਰਕਰ ਤੇ ਤਿੰਨ ਹੋਰਨਾਂ ਖਿਲਾਫ ਕਾਰਵਾਈ ਕੀਤੀ ਤੇ ਉਹਨਾਂ 'ਤੇ ਮਹਿਲਾ ਨਾਲ ਛੇੜਛਾੜ ਕਰਨ ਦੇ ਦੋਸ਼ ਲਗਾਏ। ਉਹਨਾਂ ਕਿਹਾ ਕਿ ਇਹ ਸਪੱਸ਼ਟ ਤੌਰ 'ਤੇ ਸਰਕਾਰੀ ਵਧੀਕੀ ਦਾ ਮਾਮਲਾ ਹੈ। ਡਾ. ਸੁੱਖੀ ਨੇ ਜ਼ੋਰ ਦੇ ਕੇ ਕਿਹਾ ਕਿ ਆਪ ਸਰਕਾਰ ਜਲੰਧਰ ਜ਼ਿਮਨੀ ਚੋਣ ਵਿਚ ਆਪਣੀ ਹਾਰ ਯਕੀਨੀ ਵੇਖ ਕੇ ਬੌਖਲਾ ਗਈ ਹੈ। ਇਸੇ ਕਾਰਨ ਹੁਣ ਆਖਰੀ ਮੌਕੇ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਇਸ ਤਰੀਕੇ ਦੇ ਕੋਝੇ ਹਥਕੰਢੇ ਵਰਤ ਰਹੀ ਹੈ।

# ਰਿਆਤ ਬਾਹਰਾ ਫਾਰਮੇਸੀ ਕਾਲਜ ਵਿਖੇ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ

ਹੁਸ਼ਿਆਰਪੁਰ, 9 ਮਈ, (ਬਲਵੀਰ ਸਿੰਘ ਸੈਣੀ)-ਰਿਆਤ ਬਾਹਰਾ ਫਾਰਮੇਸੀ ਕਾਲਜ 'ਚ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਚੀਨ ਤੋਂ ਡਾ: ਰਾਜੀਵ ਸਿੰਗਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਮੁਖੀ ਪ੍ਰੋ: ਮਨੋਜ ਕਟਿਆਲ ਨੇ ਦੱਸਿਆ ਕਿ ਡਾ. ਰਾਜੀਵ ਸਿੰਗਲਾ ਇੰਸਟੀਚਿਊਟ ਫ਼ਾਰ ਸਿਸਟਮ ਜੈਨੇਟਿਕਸ, ਵੈਸਟ ਚਾਈਨਾ ਹਸਪਤਾਲ, ਸਿਚੁਆਨ ਯੂਨੀਵਰਸਿਟੀ, ਚੇਂਗੜੂ , ਸਿਚੁਆਨ ਚਾਈਨਾ ਵਿਖੇ ਵਿਗਿਆਨੀ ਵਜੋਂ ਕੰਮ ਕਰ ਰਹੇ ਹਨ ਉਨ੍ਹਾਂ ਦੱਸਿਆ ਕਿ ਰਿਆਤ ਬਾਹਰਾ ਗਰੁੱਪ ਦੇ ਵਿਸ਼ੇਸ਼ ਸੱਦੇ 'ਤੇ ਹੁਸ਼ਿਆਰਪੁਰ ਕੈਂਪਸ ਵਿਖੇ ਕਰਵਾਏ ਗਏ ਅੰਤਰਰਾਸ਼ਟਰੀ ਸੈਮੀਨਾਰ 'ਚ ਸ਼ਿਰਕਤ ਕਰਨ ਲਈ ਪੁੱਜੇ। ਇਸ ਮੌਕੇ ਡਾ: ਸਿੰਗਲਾ ਨੇ ਹਾਜ਼ਰ ਵਿਦਿਆਰਥੀਆਂ ਨੂੰ ਫਾਰਮੇਸੀ ਅਧੀਨ ਨਵੀਆਂ ਖੋਜਾਂ ਅਤੇ ਦਵਾਈਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫਾਰਮੇਸੀ ਵਿਭਾਗ ਵਿੱਚ ਬਤੌਰ ਪ੍ਰੋਫੈਸਰ ਡਾ: ਸੁਰੇਸ਼ ਕੁਮਾਰ ਨੇ ਵੀ ਵਿਦਿਆਰਥੀਆਂ ਨੂੰ ਫਾਰਮੇਸੀ ਕਿੱਤੇ ਨਾਲ ਸਬੰਧਤ ਵਿਸ਼ਿਆਂ ਬਾਰੇ ਜਾਗਰੂਕ ਕੀਤਾ। ਸਟੇਜ ਦਾ ਸੰਚਾਲਨ ਪ੍ਰੋ: ਅਮਿਤ ਸ਼ਰਮਾ ਨੇ ਕੀਤਾ। ਇਸ ਸੈਮੀਨਾਰ ਵਿੱਚ ਪ੍ਰੋ: ਸੰਜੀਵ, ਪ੍ਰੋ: ਦਵਿੰਦਰ, ਪ੍ਰੋ: ਸਿਮਰਜੀਤ, ਪ੍ਰੋ: ਨੇਹਾ, ਪ੍ਰੋ: ਅਨੁਰਾਧਾ, ਪ੍ਰੋ: ਬਲਦੀਪ, ਪ੍ਰੋ: ਦਮਨਦੀਪ, ਪ੍ਰੋ: ਅਸ਼ੀਤਾ, ਪ੍ਰੋ:

# ਆਈ ਜੀ ਲੁਧਿਆਣਾ ਰੇਂਜ ਕੌਸ਼ਤੁਭ ਸ਼ਰਮਾ ਨੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾ ਪੁਰੀਆ)**

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਪੁਲਸ ਨੇ ਅਪ੍ਰੇਸ਼ਨ ਵਿਜਿਲ ਦੇ ਪਹਿਲੇ ਦਿਨ ਆਈ ਜੀ ਲੁਧਿਆਣਾ ਰੇਂਜ ਦੀ ਅਗਵਾਈ ਵਿੱਚ ਫਲੈਗ ਮਾਰਚ ਕੱਢਦੇ ਹੋਏ ਜਨਤਕ ਥਾਵਾਂ 'ਤੇ ਚੈਕਿੰਗ ਮੁਹਿੰਮ ਚਲਾਈ। ਲੁਧਿਆਣਾ ਰੇਂਜ ਦੇ ਇੰਸਪੈਕਟਰ ਜਨਰਲ ਕੌਸ਼ਤੁਭ ਸ਼ਰਮਾ ਤੇ ਐਸ.ਐਸ.ਪੀ ਭਾਗੀਰਥ ਸਿੰਘ ਮੀਣਾ ਸਮੇਤ ਦੱਸਿਆ ਕਿ ਇਹ ਅਪਰੇਸ਼ਨ ਸੂਬਾ ਪੁਲਸ ਦੁਆਰਾ ਚਲਾਈ ਜਾ ਰਹੀ ਰਾਜ ਵਿਆਪੀ ਗਤੀਵਿਧੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਯਕੀਨੀ ਬਣਾਉਣਾ ਹੈ ਅਤੇ ਅਪਰਾਧੀਆਂ ਵਿੱਚ ਕਾਨੂੰਨ ਦਾ ਡਰ ਪੈਦਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਸਪੈਸ਼ਲ ਨਾਕਾਬੰਦੀ ਕੀਤੀ ਗਈ ਹੈ ਅਤੇ ਵੱਖ-ਵੱਖ ਪੈਟਰੋਲਿੰਗ ਪਾਰਟੀਆਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ 'ਤੇ ਸੁਰੱਖਿਆ ਦੇ ਢੁੱਕਵੇਂ ਮਾਹੌਲ ਨੂੰ ਬਣਾਈ ਰੱਖਣ ਦੇ ਨਾਲ-ਨਾਲ ਆਰਜੀ ਰਿਹਾਇਸ਼ੀ ਸਥਾਨਾਂ 'ਤੇ ਰਹਿਣ ਵਾਲੇ ਵਿਅਕਤੀਆਂ ਦੀ ਪਛਾਣ ਕਰਨ ਲਈ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ।

# ਅਪ੍ਰੈਲ ਮਹੀਨੇ 'ਚ 1148 ਕੋਵਿਡ ਮਰੀਜ਼ ਠੀਕ ਹੋਏ : ਸਿਵਲ ਸਰਜਨ

**ਐਸ ਏ ਐਸ ਨਗਰ,: (ਗੁਰਜੀਤ ਬਿੱਲਾ)**-ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਕੋਵਿਡ ਦੀ ਰੋਕਥਾਮ ਲਈ ਵੱਡੇ ਪੱਧਰ 'ਤੇ ਯਤਨ ਜਾਰੀ ਹਨ। ਜਿਥੇ ਕੋਵਿਡ ਟੈਸਟਿੰਗ ਤੇਜ਼ ਕਰ ਦਿੱਤੀ ਗਈ ਹੈ, ਉਥੇ ਵਧੀਆ ਨਿਗਰਾਨੀ ਅਤੇ ਇਲਾਜ ਪ੍ਰਬੰਧਾਂ ਸਦਕਾ ਕੋਵਿਡ ਮਰੀਜ਼ ਜਲਦੀ ਸਿਹਤਯਾਬ ਹੋ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਰੁਪਿੰਦਰ ਗਿੱਲ ਅਤੇ ਕੋਵਿਡ ਨੋਡਲ ਅਫਸਰ ਡਾ. ਹਰਮਨਦੀਪ ਕੌਰ ਨੇ ਬੀਤੇ ਅਪ੍ਰੈਲ ਮਹੀਨੇ ਦਾ ਵੇਰਵਾ ਸਾਂਝਾ ਕੀਤਾ। ਉਨ੍ਹਾ ਦੱਸਿਆ ਕਿ ਇਸ ਸਮੇਂ ਦੌਰਾਨ ਜ਼ਿਲ੍ਹੇ ਵਿਚ ਕੋਵਿਡ ਦੇ 1376 ਕੇਸ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 1148 ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਬਾਕੀ ਇਕਾਂਤਵਾਸ ਵਿਚ ਚੱਲ ਰਹੇ ਹਨ। ਉਨ੍ਹਾ ਕਿਹਾ ਕਿ ਇਕਾਂਤਵਾਸ ਵਾਲੇ ਮਰੀਜ਼ਾਂ ਦੇ ਵੀ ਛੇਤੀ ਹੀ ਠੀਕ ਹੋਣ ਦੀ ਉਮੀਦ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹੇ ਵਿਚ ਕੋਵਿਡ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਕਾਫੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਕੋਵਿਡ ਟੈਸਟਿੰਗ ਦਾ ਕੰਮ ਪਹਿਲਾਂ ਹੀ ਤੇਜ਼ ਕਰ ਦਿੱਤਾ ਗਿਆ ਹੈ। ਇਸ ਸਮੇਂ ਦੌਰਾਨ 11647 ਕੋਵਿਡ ਟੈਸਟ ਕੀਤੇ ਗਏ ਅਤੇ 2 ਮਰੀਜ਼ਾਂ ਦੀ ਮੌਤ ਵੀ ਹੋਈ ਹੈ। ਸਿਵਲ ਸਰਜਨ ਨੇ ਆਖਿਆ ਕਿ ਇਸ ਬਿਮਾਰੀ ਦਾ ਫੈਲਾਅ ਰੋਕਣ ਲਈ ਲੋਕਾਂ ਦਾ ਸਹਿਯੋਗ ਅਤਿਅੰਤ ਜ਼ਰੂਰੀ ਹੈ। ਉਨ੍ਹਾ ਲੋਕਾਂ ਨੂੰ ਮੁੜ ਅਪੀਲ ਕਰਦਿਆਂ ਕਿਹਾ ਕਿ ਕੋਵਿਡ ਤੋਂ ਬਚਾਅ ਲਈ ਮਾਸਕ ਪਾਇਆ ਜਾਵੇ ਅਤੇ ਵਾਰ-ਵਾਰ ਹੱਥ ਧੋਣ ਜਿਹੀਆਂ ਜ਼ਰੂਰੀ ਸਾਵਧਾਨੀਆਂ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਉਨ੍ਹਾ ਕਿਹਾ ਕਿ ਮਾੜੀ-ਮੋਟੀ ਤਕਲੀਫ ਹੋਣ 'ਤੇ ਹਸਪਤਾਲ ਨਾ ਜਾਇਆ ਜਾਵੇ। ਇਸ ਦੀ ਬਜਾਏ ਸਿਹਤ ਵਿਭਾਗ ਦੀ ਹੈਲਪਲਾਈਨ 104 'ਤੇ ਸੰਪਰਕ ਕਰ ਕੇ ਡਾਕਟਰ ਦੀ ਸਲਾਹ ਲਈ ਜਾਵੇ। ਉਨਾ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਸ ਬਿਮਾਰੀ 'ਤੇ ਹਮੇਸ਼ਾ ਲਈ ਕਾਬੂ ਪਾਇਆ ਜਾ ਸਕਦਾ ਹੈ, ਇਸ ਲਈ ਲੋਕਾਂ ਨੂੰ ਤਮਾਮ ਜ਼ਰੂਰੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਇਸ ਮੌਕੇ ਕੋਵਿਡ ਨੋਡਲ ਅਫਸਰ ਡਾ. ਹਰਮਨਦੀਪ ਕੌਰ ਵੀ ਮੌਜੂਦ ਸਨ।

# ਪੱਤਰਕਾਰ ਨਰਿੰਦਰ ਸਿੰਘ ਅਹੂਜਾ ਨੂੰ ਸਦਮਾ, ਪਤਨੀ ਦਾ ਦਿਹਾਂਤ

**ਨੰਗਲ (ਨਜ਼ਸ)**-ਪੱਤਰਕਾਰ ਅਤੇ ਲੇਖਕ ਨਰਿੰਦਰ ਸਿੰਘ ਅਹੂਜਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਪਤਨੀ ਸੇਵਾ ਮੁਕਤ ਅਧਿਆਪਕਾ ਬੀਬੀ ਰਜਿੰਦਰ ਕੌਰ 81 ਬੀਤੇ ਦਿਨੀਂ ਅਕਾਲ ਚਲਾਣਾ ਕਰ ਗਈ। ਉਨ੍ਹਾਂ ਦਾ ਅੰਤਿਮ ਦਾਹ ਸੰਸਕਾਰ ਮੋਹਾਲੀ ਵਿਖੇ ਕਰ ਦਿੱਤਾ ਗਿਆ। ਉਹ ਕੁੱਝ ਸਮੇਂ ਬੀਮਾਰ ਚੱਲੇ ਆ ਰਹੇ ਸਨ। ਸੀ ਪੀ ਆਈ ਐੱਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ,ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਨੰਗਲੀ, ਮਨਜਿੰਦਰ ਸਿੰਘ ਬਰਾੜ, ਸੰਦੀਪ ਸਿੰਘ ਕਲੋਤਾ, ਜਸਵਿੰਦਰ ਸਿੰਘ ਭੰਗਲ, ਡਾਕਟਰ ਰਵਿੰਦਰ ਨਾਥ, ਇੰਦਰਜੀਤ ਸਿੰਘ ਅਰੋੜਾ, ਡਾਕਟਰ ਅੱਛਰ ਸ਼ਰਮਾ, ਸਤਨਾਮ ਸਿੰਘ ਸ਼ੇਰਾ, ਸੁਖਦੇਵ ਸਿੰਘ ਨੰਗਲ,ਗੀਤਾ ਰਾਮ, ਗੁਰਨਾਮ ਸਿੰਘ ਔਲਖ, ਰਾਮ ਪਾਲ,ਸੋਹਣ ਸਿੰਘ ਬੰਗਾ,ਮੇਜਰ ਸਿੰਘ, ਅਮਰਜੀਤ ਸਿੰਘ ਹੋਲਗੜ੍ਹ, ਰਕੇਸ਼ ਬਾਲੀ ਕਲਸੇੜਾ, ਗੁਰਦੇਵ ਸਿੰਘ ਬਾਗੀ, ਸਰਪੰਚ ਰਜਿੰਦਰ ਸਿੰਘ ਡੋਡ, ਕਮਲਜੀਤ ਸਿੰਘ , ਸ਼ਿਵ ਕੁਮਾਰ ਕਾਲੀਆ,ਰਕੇਸ਼ ਸੈਣੀ, ਕਰਨੈਲ ਸਿੰਘ ਸੈਣੀ, ਤਰਲੋਚਨ ਸਿੰਘ, ਜਰਨੈਲ ਸਿੰਘ,ਰਾਜ ਪਾਲ ਆਂਗਰਾ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 13 ਮਈ ਨੂੰ ਸੈਕਟਰ 69 ਮੋਹਾਲੀ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ।



# ਖ਼ੂਨਦਾਨ ਕੈਂਪ ਲਗਾ ਕੇ ਮਨਾਇਆ ਵਿਸ਼ਵ ਰੈੱਡ ਕਰਾਸ ਤੇ ਥੈਲੇਸੀਮੀਆ ਦਿਵਸ




**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਵਿਸ਼ਵ ਰੈੱਡ ਕਰਾਸ ਅਤੇ ਵਿਸ਼ਵ ਥੈਲੇਸੀਮੀਆ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਐੱਸ.ਡੀ.ਐੱਮ. ਕਮ ਚੇਅਰਮੈਨ ਸਬ ਡਵੀਜ਼ਨਲ ਰੈੱਡ ਕਰਾਸ ਸੁਸਾਇਟੀ ਫਗਵਾੜਾ ਸ਼੍ਰੀ ਜੈਇੰਦਰ ਸਿੰਘ ਨੇ ਸ਼ਮਾ ਰੌਸ਼ਨ ਕਰਕੇ ਕੀਤੀ। ਇਸ ਦੌਰਾਨ ਤਹਿਸੀਲਦਾਰ ਮਨਜੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੁੱਖ ਮਹਿਮਾਨ ਜੈਇੰਦਰ ਸਿੰਘ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖ਼ੂਨਦਾਨ ਕਰਕੇ ਲੋੜਵੰਦ ਮਰੀਜ਼ਾਂ ਅਤੇ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਨੂੰ ਨਵਾਂ ਜੀਵਨ ਦੇਣ ਵਿੱਚ ਸਹਿਯੋਗ ਕਰਨ। ਮਲਕੀਅਤ ਸਿੰਘ ਰਘਬੋਤਰਾ ਨੇ ਕਿਹਾ ਕਿ ਰੈੱਡ ਕਰਾਸ ਦਿਵਸ ਹਰ ਸਾਲ ਦੁਨੀਆਂ ਦੇ 190 ਦੇਸ਼ਾਂ ਵਿਚ ਲੋਕ ਸੇਵਾ ਕਰਦੇ ਹੋਏ ਮਨਾਇਆ ਜਾਂਦਾ ਹੈ। ਜੋ ਕਿ ਰੈੱਡ ਕਰਾਸ ਸੁਸਾਇਟੀ ਦੇ ਸੰਸਥਾਪਕ ਹੈਨਰੀ ਡਯੂਨਾ ਦੇ ਜਨਮ ਦਿਨ ਨੂੰ ਸਮਰਪਿਤ ਹੈ। ਇਸੇ ਤਰ੍ਹਾਂ ਥੈਲੇਸੀਮੀਆ ਇੱਕ ਜੈਨੇਟਿਕ ਬਿਮਾਰੀ ਹੈ। ਇਸ ਬਿਮਾਰੀ ਤੋਂ ਪੀੜਤ ਬੱਚਿਆਂ ਵਿੱਚ ਹੀਮੋਗਲੋਬਿਨ ਘੱਟ ਹੋਣ ਕਾਰਨ ਸਰੀਰ ਵਿੱਚ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ ਜਿਸ ਕਾਰਨ ਪੀੜਤ ਬੱਚੇ ਦਾ ਵਿਕਾਸ ਨਹੀਂ ਹੁੰਦਾ। ਪ੍ਰੋਗਰਾਮ ਦੌਰਾਨ ਐੱਸ.ਡੀ.ਐੱਮ. ਜੈਇੰਦਰ ਸਿੰਘ ਨੇ ਥੈਲੇਸੀਮੀਆ ਤੋਂ ਪੀੜਤ ਇਕ ਬੱਚੀ ਨੂੰ ਖ਼ੂਨ ਦੀ ਬੋਤਲ ਵੀ ਭੇਂਟ ਕੀਤੀ। ਕੈਂਪ ਦੌਰਾਨ 31 ਨੌਜਵਾਨਾਂ ਨੇ ਆਪਣਾ ਖ਼ੂਨ ਦਾਨ ਕੀਤਾ। ਇਸ ਕੈਂਪ ਨੂੰ ਸਫ਼ਲਤ ਬਨਾਉਣ ਵਿੱਚ ਹਰਦੀਪ ਭਾਟੀਆ, ਅਮਿਤ ਵਰਮਾ ਅਤੇ ਗੌਰਵ ਰੱਤੀ ਦਾ ਵਿਸ਼ੇਸ਼ ਸਹਿਯੋਗ ਰਿਹਾ। ਆਈ.ਐਸ.ਬੀ.ਟੀ.ਆਈ. ਪੰਜਾਬ ਚੈਪਟਰ ਦੇ ਜਨਰਲ ਸਕੱਤਰ ਐਮ.ਪੀ. ਸਿੰਘ ਨੇ 59ਵੀਂ ਵਾਰ ਆਪਣਾ ਖ਼ੂਨਦਾਨ ਕਰਦੇ ਹੋਏ ਥੈਲੇਸੀਮੀਆ ਰੋਗ ਬਾਰੇ ਅਹਿਮ ਜਾਣਕਾਰੀ ਦਿੱਤੀ। ਇਸ ਮੌਕੇ ਯੋਗਰਾਜ, ਕੁਨਾਲ ਬੈਂਸ, ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ, ਅਮਰਜੀਤ ਡਾਂਗ, ਵਿਸ਼ਵਾਮਿੱਤਰ ਸ਼ਰਮਾ, ਮਾਸਟਰ ਹਰਭਜਨ ਸਿੰਘ, ਰਾਜਕੁਮਾਰ ਗਰਗ, ਐੱਸ.ਸੀ. ਚਾਵਲਾ, ਰਾਮ ਰਤਨ ਵਾਲੀਆ, ਸੁਧਾ ਬੇਦੀ, ਰਾਜਪਾਲ ਨਹਿਰਾ, ਕੁਲਦੀਪ ਦੁੱਗਲ, ਰਜਿੰਦਰ ਸਾਹਨੀ, ਵਿਪਨ ਜੈਨ ਆਦਿ ਹਾਜ਼ਰ ਸਨ।

# ਮਿਡ ਡੇ ਮੀਲ ਸੰਬੰਧੀ ਹਦਾਇਤਾਂ ਜਾਰੀ



**ਐੱਸ ਏ ਐੱਸ ਨਗਰ : (ਗੁਰਜੀਤ ਬਿੱਲਾ)**-ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਇੱਥੇ ਮੁੱਖ ਦਫਤਰ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਐਸਿ ਅਸ਼ਵਨੀ ਕੁਮਾਰ ਦੱਤਾ ਵੱਲੋਂ ਅੱਪਰ ਪ੍ਰਾਇਮਰੀ ਸਕੂਲਾਂ ਦੇ ਮੁਖੀਆਂ ਨਾਲ ਆਨਲਾਈਨ ਮੀਟਿੰਗ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਸਰਕਾਰੀ ਸੀਨੀਅਰ ਅਤੇ ਹਾਈ ਸਕੂਲ ਮੁਖੀਆਂ ਨਾਲ ਮਿਡ ਡੇਅ ਮੀਲ ਤਹਿਤ ਬੱਚਿਆਂ ਨੂੰ ਮੁਹੱਈਆ ਕਰਾਏ ਜਾਣ ਵਾਲੇ ਭੋਜਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਉਹਨਾਂ ਸਕੂਲ ਮੁਖੀਆਂ ਨੂੰ ਦੱਸਿਆ ਕਿ ਖਾਣਾ ਮਿਡ ਡੇਅ ਮੀਲ ਇੰਚਾਰਜ ਅਧਿਆਪਕ ਦੀ ਦੇਖਰੇਖ ਹੇਠ ਤਿਆਰ ਕੀਤਾ ਜਾਵੇ, ਰਸੋਈ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ, ਖਾਣਾ ਸਕੂਲ ਸਿੱਖਿਆ ਵਿਭਾਗ ਪੰਜਾਬ ਦੁਆਰਾ ਦਿੱਤੇ ਮੀਨੂ ਅਨੁਸਾਰ ਬਣਾਇਆ ਜਾਵੇ, ਖਾਣਾ ਖਾਣ ਵਾਲੇ ਬੱਚਿਆਂ ਨੂੰ ਭੋਜਨ ਤੋਂ ਪਹਿਲਾਂ ਚੰਗੀ ਤਰ੍ਹਾਂ ਹੱਥ ਸਾਫ ਕਰਨ ਲਈ ਕਿਹਾ ਜਾਵੇ, ਢੁੱਕਵੀਂ ਥਾਂ 'ਤੇ ਐਮਰਜੈਂਸੀ ਸੰਪਰਕ ਨੰਬਰ ਅਤੇ ਐਂਬੂਲੈਂਸ ਸੇਵਾ ਦੇ ਨੰਬਰ ਲਿਖੇ ਹੋਣ, ਖਾਣਾ ਬਣਾਉਣ ਲਈ ਐੱਲ ਪੀ ਗੈਸ ਦੀ ਵਰਤੋਂ ਕੀਤੀ ਜਾਵੇ ਤਾਂ ਕਿ ਵਾਤਾਵਰਨ ਧੂੰਆਂ ਰਹਿਤ ਹੋਵੇ, ਬੱਚਿਆਂ ਨੂੰ ਖਾਣਾ ਦੇਣ ਤੋਂ ਪਹਿਲਾਂ ਖਾਣਾ ਘੱਟੋ ਘੱਟ ਦੋ ਅਧਿਆਪਕਾਂ ਨੂੰ ਚੈੱਕ ਕਰਵਾਇਆ ਜਾਵੇ,ਖਾਣੇ ਦੀ ਗੁਣਵੱਤਾ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਇਸ ਮੀਟਿੰਗ ਵਿੱਚ ਡਿਪਟੀ ਡੀਈਓ ਐਸਿ ਅਤੇ ਸੈਸਿ ਪਰਮਿੰਦਰ ਕੌਰ ਅਤੇ ਡਾ. ਕੰਚਨ ਸਰਮਾਂ ਸਮੇਤ ਮਿਡ ਡੇ ਮੀਲ ਜ਼ਿਲ੍ਹਾ ਲੇਖਕਾਰ ਮੌਜੂਦ ਸਨ।

# ਮੂਸੇਵਾਲਾ ਦੇ ਕਤਲ ਲਈ ਜ਼ਿੰਮੇਵਾਰਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ : ਬਾਦਲ

**ਜਲੰਧਰ,(ਸੁਰਿੰਦਰ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਕ ਵਾਰ ਸੱਤਾ ਵਿਚ ਆਉਣ 'ਤੇ ਅਕਾਲੀ ਦਲ-ਬਸਪਾ ਗਠਜੋੜ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਉਹਨਾਂ ਸਾਰਿਆਂ ਖਿਲਾਫ ਜਾਂਚ ਕਰਵਾਈ ਜਾਵੇਗੀ ਜਿਹਨਾਂ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਦੇ ਹੁਕਮ ਦਿੱਤੇ ਸਨ ਤੇ ਜਿਹਨਾਂ ਨੇ ਸੁਰੱਖਿਆ ਵਾਪਸ ਲੈਣ ਦਾ ਸੋਸ਼ਲ ਮੀਡੀਆ 'ਤੇ ਪ੍ਰਚਾਰ ਕੀਤਾ।

ਉਨ੍ਹਾਂ ਨੇ ਮੁੱਖ ਮੰਤਰੀ ਵੱਲੋਂ ਕਤਲ ਕੇਸ ਦੇ ਮੁੱਖ ਸਾਜਿਸ਼ਕਾਰ ਗੋਲਡੀ ਬਰਾੜ ਨੂੰ ਅਮਰੀਕਾ ਤੋਂ ਗ੍ਰਿਫਤਾਰ ਕਰ ਕੇ ਭਾਰਤ ਲਿਆਉਣ ਲਈ ਢੁੱਕਵੇਂ ਕਦਮ ਨਾ ਚੁੱਕਣ ਦੀ ਵੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਬਜਾਏ ਇਸ ਮਾਮਲੇ ਵਿਚ ਕਾਰਵਾਈ ਕਰਨ ਦੇ ਭਗਵੰਤ ਮਾਨ ਨੇ ਇਹ ਝੂਠੇ ਦਾਅਵੇ ਕਰ ਦਿੱਤੇ ਕਿ ਅਮਰੀਕਾ ਵਿਚ ਗੋਲਡੀ ਬਰਾੜ ਗ੍ਰਿਫਤਾਰ ਹੋ ਗਿਆ ਹੈ। ਇਸ ਸਭ ਤੋਂ ਸੰਕੇਤ ਮਿਲਦਾ ਹੈ ਕਿ ਆਮ ਆਦਮੀ ਪਾਰਟੀ ਨੂੰ ਸਿੱਧੂ ਮਸੇਵਾਲਾ ਕਤਲ ਕੇਸ ਵਿਚ ਨਿਆਂ ਦੇਣ ਵਿਚ ਕੋਈ ਦਿਲਚਸਪੀ ਨਹੀਂ ਹੈ। ਮੂਸੇਵਾਲਾ ਕਤਲ ਕੇਸ ਵਿਚ ਸ਼ਾਮਲ ਦੋ ਗੈਂਗਸਟਰ ਪਹਿਲਾਂ ਹੀ ਤਰਨਤਾਰਨ ਦੀ ਗੋਇੰਦਵਾਲ ਜੇਲ੍ਹ ਵਿਚ ਗੈਂਗਵਾਰ ਵਿਚ ਮਾਰੇ ਜਾ ਚੁੱਕੇ ਹਨ ਜਿਸ ਕਾਰਨ ਕੇਸ ਦੇ ਪ੍ਰਮੁੱਖ ਸਬੂਤ ਖਤਮ ਹੋ ਗਏ ਹਨ। ਉਹਨਾਂ ਕਿਹਾ ਕਿ ਸਰਕਾਰ ਬਣਨ 'ਤੇ ਕਤਲ ਕੇਸ ਦੀ ਜਾਂਚ ਕਰਦਿਆਂ ਇਹਨਾਂ ਸਾਰੇ ਨੁਕਤਿਆਂ ਦਾ ਧਿਆਨ ਰੱਖਿਆ ਜਾਵੇਗਾ ਤੇ ਸਾਰੇ ਦੋਸ਼ੀਆਂ ਦੀ ਗ੍ਰਿਫਤਾਰੀ ਤੇ ਉਹਨਾਂ ਨੂੰ ਸਜਾ ਮਿਲਣੀ ਯਕੀਨੀ ਬਣਾਈ ਜਾਵੇਗੀ ਤਾਂ ਜੋ ਪੀੜਤ ਪਰਵਾਰ ਨੂੰ ਨਿਆਂ ਮਿਲ ਸਕੇ।

# ਸੰਤ ਬਾਬਾ ਰਣ ਸਿੰਘ ਕੁਟੀਆ ਜੱਲੋਵਾਲ ਵਿਖੇ ਕਰਵਾਇਆ ਧਾਰਮਕ ਸਮਾਗਮ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-108 ਸੰਤ ਬਾਬਾ ਰਣ ਸਿੰਘ ਕੁਟੀਆ ਜਲੋਵਾਲ ਵਿਖੇ ਧਾਰਮਕ ਪ੍ਰੋਗਰਾਮ ਕਿਸ਼ਨ ਸਿੰਘ ਸੈਣੀ ਦੀ ਯਾਦ 'ਚ ਸਹਿਜ ਪਾਠ ਦਾ ਭੋਗ ਪਾ ਕੇ ਕੀਤਾ ਗਿਆ। ਜਿਸ 'ਚ ਮੁੱਖ ਮਹਿਮਾਨ ਵਜੋਂ ਜਸਵਿੰਦਰ ਸਿੰਘ ਸੈਣੀ ਪ੍ਰਧਾਨ ਜਨ ਸੰਗਰਾਮ ਫਾਊਂਡੇਸ਼ਨ ਆਲ ਇੰਡੀਆ ਅਤੇ ਨਾਗਪੁਰ ਪੁਲਸ ਬੋਰਡ ਸ਼ਨਟਾਟਾ ਸਮਿਤੀ ਨਾਗਪੁਰ ਮਹਾਰਾਸ਼ਟਰ ਹਾਜ਼ਰ ਹੋਏ ਅਤੇ ਜਗਤਾਰ ਸਿੰਘ ਨੰਬਰਦਾਰ, ਗੁਰਦੀਪ ਸਿੰਘ ਚੱਕ ਕਟਾਰੂ, ਅਮਰਜੀਤ ਸਿੰਘ ਸੈਣੀ, ਬਲਜੀਤ ਸਿੰਘ ਸਰਪੰਚ ਜਲੋਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸਹਿਜ ਪਾਠ ਦਾ ਭੋਗ ਪਾਇਆ ਗਿਆ। ਬਲਜੀਤ ਸਿੰਘ ਸਿਦਕੀ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਮਹਿਮਾਨ ਜਸਵਿੰਦਰ ਸਿੰਘ ਸੈਣੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 108 ਸੰਤ ਬਾਬਾ ਰਣ ਸਿੰਘ ਦੀ ਕੁਟੀਆ ਦਾ ਜੋ ਨਿਰਮਾਣ ਚਲ ਰਿਹਾ ਹੈ ਉਸ ਵਿੱਚ ਕੁਲਵੰਤ ਸਿੰਘ ਸੈਣੀ ਅਤੇ ਉਸ ਦੇ ਪਰਵਾਰ ਦਾ ਬਹੁਤ ਵੱਡਾ ਯੋਗਦਾਨ ਹੈ। ਕੁਲਵੰਤ ਸਿੰਘ ਸੈਣੀ ਦਾ ਧਾਰਮਕ ਹੋਣ ਦੇ ਨਾਲ ਨਾਲ ਸਮਾਜਕ ਕੰਮਾਂ 'ਚ ਵੀ ਬਹੁਤ ਵੱਡਾ ਯੋਗਦਾਨ ਹੈ ਅਤੇ ਹੁਣ ਤੱਕ ਉਹ 92 ਵਾਰ ਖ਼ੂਨਦਾਨ ਕਰ ਚੁੱਕੇ ਹਨ ਅਤੇ ਹਰ ਸਮੇਂ ਜ਼ਰੂਰਤਮੰਦਾਂ ਦੀ ਮਦਦ ਵਾਸਤੇ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਹਨ। ਹੁਣ ਤੱਕ ਉਹ ਅਨੇਕਾਂ ਮੈਡੀਕਲ ਕੈਂਪ ਲਗਾ ਕੇ ਜ਼ਰੂਰਤਮੰਦ ਲੋਕਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ ਵੀ ਉਪਲਬਧ ਕਰਵਾ ਚੁੱਕੇ ਹਨ। ਇਸ ਮੌਕੇ ਕੁਲਵੰਤ ਸਿੰਘ ਸੈਣੀ ਨੇ ਹਾਜ਼ਰ ਸੰਗਤ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਤੇ ਆਪਣਾ ਜੀਵਨ ਸਮਾਜ ਸੇਵਾ ਨੂੰ ਹੀ ਸਮਰਪਤ ਕਰ ਦਿੱਤਾ ਹੈ ਅਤੇ ਸੈਣੀ ਜਾਗਰਤੀ ਮੰਚ ਦੇ ਪ੍ਰਧਾਨ ਵਜੋਂ ਵੀ ਸੇਵਾ ਨਿਭਾ ਰਹਾ ਹਾਂ ਅਤੇ ਸਮੇਂ ਸਮੇਂ ਸਿਰ ਜ਼ਰੂਰਤਮੰਦ ਲੋਕਾਂ ਦੀ ਮਦਦ ਦੇ ਨਾਲ ਜ਼ਰੂਰਤਮੰਦ ਬੱਚਿਆਂ ਨੂੰ ਕਾਪੀਆਂ, ਕਿਤਾਬਾਂ, ਸਟੇਸ਼ਨਰੀ ਆਦਿ ਵੀ ਦਿੱਤੀਆਂ ਜਾਂਦੀਆਂ ਹਨ ਅਤੇ ਸ਼ੁੱਧ ਵਾਤਾਵਰਣ ਵਾਸਤੇ ਪੌਦਾਰੋਪਣ ਵੀ ਕੀਤਾ ਜਾਂਦਾ ਹੈ। ਇਸ ਦੇ ਨਾਲ ਧਾਰਮਕ ਆਯੋਜਨ ਕਰਕੇ ਲੋਕਾਂ ਨੂੰ ਨੇਤਰਦਾਨ, ਦਹੇਜ ਪ੍ਰਥਾ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਮੌਕੇ ਇਲਾਕਾ ਨਿਵਾਸੀ ਅਤੇ ਪਤਵੰਤੇ ਸੱਜਣ ਵੀ ਮੌਜੂਦ ਸਨ।

# ਲੁਠੇੜੀ ਸਕੂਲ ਦੇ ਪੁਰਾਣੇ ਵਿਦਿਆਰਥੀ ਵੱਲੋਂ ਗਿਆਰਾਂ ਹਜ਼ਾਰ ਰੁਪਏ ਭੇਟ



**ਸ੍ਰੀ ਚਮਕੌਰ ਸਾਹਿਬ ( ਕੁਲਵਿੰਦਰ ਕਾਲਾ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਦੇ ਸਾਬਕਾ ਵਿਦਿਆਰਥੀ ਦਵਿੰਦਰ ਸਿੰਘ ਸਮਾਣਾ ਨੇ ਆਪਣੀ ਪੁਰਾਣੀ ਸੰਸਥਾ ਦੀ ਬਿਹਤਰੀ ਲਈ ਆਪਣੀ ਨੇਕ ਕਮਾਈ ਵਿੱਚੋਂ ਗਿਆਰਾਂ ਹਜਾਰ ਰੁਪਏ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਨੂੰ ਭੇਂਟ ਕੀਤੇ। ਸੰਸਥਾ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਦਵਿੰਦਰ ਸਿੰਘ ਜੋ ਕਿ ਅੱਜਕਲ੍ਹ ਸਰਕਾਰੀ ਪ੍ਰਾਇਮਰੀ ਸਕੂਲ ਸਹੇੜੀ ਬਲਾਕ ਮੋਰਿੰਡਾ ਵਿਖੇ ਬਤੌਰ ਹੈੱਡ ਟੀਚਰ ਵਜੋਂ ਸੇਵਾ ਨਿਭਾ ਰਹੇ ਹਨ , ਨੇ ਅੱਜ ਆਪਣੀ ਪੁਰਾਣੀ ਵਿੱਦਿਅਕ ਸੰਸਥਾ ਵਿੱਚ ਪਹੁੰਚ ਕੇ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਮਾਰਚ 1988 ਵਿੱਚ ਇਸੇ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਸੀ । ਉਨ੍ਹਾਂ ਦੱਸਿਆ ਕਿ ਉਸ ਸਮੇਂ ਅਧਿਆਪਕਾਂ ਵੱਲੋਂ ਦਿੱਤੀ ਯੋਗ ਅਗਵਾਈ ਸਦਕਾ ਹੀ ਅੱਜ ਉਹ ਵੀ ਅਧਿਆਪਨ ਦੇ ਸਤਿਕਾਰਤ ਕਿੱਤੇ ਵਿੱਚ ਸੇਵਾ ਨਿਭਾਉਣ ਦੇ ਕਾਬਲ ਹੋਏ ਹਨ। ਉਨ੍ਹਾਂ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਅਗਵਾਈ 'ਚ ਸੰਸਥਾ ਵਿੱਚ ਸਾਇੰਸ ( ਮੈਡੀਕਲ ਅਤੇ ਨਾਨ ਮੈਡੀਕਲ ), ਕਾਮਰਸ ਅਤੇ ਵੋਕੇਸ਼ਨਲ ਵਿਸ਼ਿਆਂ ਦੀ ਪੜ੍ਹਾਈ ਸ਼ੁਰੂ ਹੋਣ 'ਤੇ ਖੁਸ਼ੀ ਜਾਹਰ ਕਰਦਿਆਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚੇ ਇਲਾਕੇ ਦੀ ਇਸ ਸਭ ਤੋਂ ਪੁਰਾਣੀ ਵਿੱਦਿਅਕ ਸੰਸਥਾ ਵਿੱਚ ਦਾਖਲ ਕਰਵਾਉਣ। ਇਸ ਮੌਕੇ ਮਧੂ ਬਾਲਾ, ਸਰੀਨਾ ਰਾਏ, ਡਾ. ਬਲਜੀਤ ਕੌਰ, ਕੁਲਦੀਪ ਕੌਰ, ਸਰੀਨਾ ਰਾਏ, ਮੋਨਿਕਾ ਸ਼ਰਮਾ, ਸੁਰਮੁੱਖ ਸਿੰਘ, ਲਖਵਿੰਦਰ ਸਿੰਘ, ਮਨਿੰਦਰ ਚੱਢਾ, ਜਸਵਿੰਦਰ ਕੌਰ, ਅਮਨਪ੍ਰੀਤ ਕੌਰ, ਵਰਿੰਦਰ ਵਰਮਾ, ਮੋਨਿਕਾ, ਗੁਰਬਾਜ ਸਿੰਘ, ਦਵਿੰਦਰਪਾਲ ਸਿੰਘ ਬਰਾੜ, ਮੋਨਿਕਾ, ਹਰਿੰਦਰ ਕੁਮਾਰ ਰਾਏ ਕਾਇਨੌਰ, ਗੁਰਮਿੰਦਰ ਸਿੰਘ ਹੁੰਦਲ ਪਮੌਰ, ਲਖਵੀਰ ਸਿੰਘ ਰੰਗੀਆਂ ਲਾਇਬ੍ਰੇਰੀਅਨ, ਸੁਸਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜਰ ਸਨ।

# ਸੇਵਾ ਕੇਂਦਰਾਂ 'ਚ 4 ਨਵੀਆਂ ਸੇਵਾਵਾਂ ਸ਼ੁਰੂ

**ਹੁਸ਼ਿਆਰਪੁ (ਬਲਵੀਰ ਸਿੰਘ ਸੈਣੀ)**—ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਰਾਹੀਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਵਿੱਚ ਵਾਧਾ ਕਰਨ ਲਈ 4 ਹੋਰ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨਵੀਆਂ ਸੇਵਾਵਾਂ ਵਿੱਚ ਐਚ. ਐਸ. ਆਰ. ਪੀ (ਉੱਚ ਸੁਰੱਖਿਆ ਨੰਬਰ ਪਲੇਟਾਂ), ਸਿਹਤ ਅਤੇ ਵਾਹਨ ਬੀਮਾ, ਆਧਾਰ ਪੈਨ ਨਾਲ ਲਿੰਕ ਅਤੇ ਆਮ ਟਾਈਪਿੰਗ ਨਾਲ ਸਬੰਧਤ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹੁਣ ਹਾਈ ਸਕਿਉਰਿਟੀ ਰਜਿਸਟ੍ਰੇਸ਼ਨ ਪਲੇਟ ਵੀ ਸੇਵਾ ਕੇਂਦਰ ਰਾਹੀਂ ਐਚ.ਐਸ.ਆਰ.ਪੀ ਸੇਵਾ ਰਾਹੀਂ ਅਪਲਾਈ ਕੀਤੀ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੇ ਸੇਵਾ ਕੇਂਦਰਾਂ ਨੇ ਲੋਕਾਂ ਨੂੰ ਬਿਹਤਰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਮਾਮਲੇ ਵਿੱਚ ਸੂਬੇ ਵਿੱਚ ਵਿਸ਼ੇਸ਼ ਪਛਾਣ ਬਣਾਈ ਹੈ, ਜਿਸ ਦੇ ਨਤੀਜੇ ਵਜੋਂ ਜ਼ਿਲ੍ਹਾ 0.04 ਫੀਸਦੀ ਪੈਂਡਿੰਗ ਦੇ ਨਾਲ ਸੂਬੇ ਵਿੱਚ ਤੀਜੇ ਸਥਾਨ 'ਤੇ ਹੈ।

ਉਨ੍ਹਾਂ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਦੇ 28 ਸੇਵਾ ਕੇਂਦਰਾਂ ਵਿੱਚ 302986 ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਸਿਰਫ਼ 120 ਅਰਜ਼ੀਆਂ ਹੀ ਬਕਾਇਆ ਪਈਆਂ ਹਨ, ਜਿਸ ਕਾਰਨ ਜ਼ਿਲ੍ਹੇ ਦੇ ਸੇਵਾ ਕੇਂਦਰਾਂ ਵਿੱਚ ਦਰਖਾਸਤਾਂ ਦੀ ਪੈਂਡਿੰਗ ਦਰ ਸਿਰਫ਼ 0.04 ਫੀਸਦੀ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਰਕਾਰੀ ਦਫ਼ਤਰਾਂ ਦਾ ਸਮਾਂ ਬਦਲਿਆ ਗਿਆ ਹੈ, ਜਿਸ ਤਹਿਤ ਜ਼ਿਲ੍ਹੇ ਦੇ ਸਾਰੇ ਸਰਕਾਰੀ ਅਦਾਰੇ ਸਵੇਰੇ 7:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਖੁੱਲ੍ਹ ਰਹੇ ਹਨ ਪਰ ਸਮੂਹ ਸੇਵਾ ਕੇਂਦਰ ਪਹਿਲਾਂ ਦੀ ਤਰ੍ਹਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਵਾ ਰਹੇ ਹਨ।

# ਬਰਸਾਤੀ ਪਾਣੀ ਦੇ ਨਿਕਾਸੀ ਡਰੇਨੇਜ ਨੂੰ ਦੁਕਾਨਦਾਰਾਂ ਨੇ ਬਣਾਇਆ ਕੂੜੇ-ਕਰਕਟ ਦਾ ਡੰਪ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਸ਼ਹਿਰ ਵਿੱਚ ਦੀ ਲੰਘਦੀ ਜਲੰਧਰ-ਚਿੰਤਪੁਰਨੀ ਹਾਈਵੇਅ ਰੋਡ ਦੀ ਟੈਰਿਫ ਨੂੰ ਘੱਟ ਕਰਨ ਅਤੇ ਬਰਸਾਤੀ ਪਾਣੀ ਦੇ ਨਿਕਾਸ ਲਈ ਡੰਗੀਪੁਲ ਤੋਂ ਲੈ ਕੇ ਪਿੱਪਲਾਂ ਵਾਲਾ ਤੱਕ ਅਕਾਲੀ-ਭਾਜਪਾ ਸਰਕਾਰ ਵੱਲੋਂ ਸੜਕਾਂ ਦੀ ਦੋਹੀਂ ਪਾਸੀ ਕਰੀਬ 465 ਕਰੋੜ ਦੀ ਲਾਗਤ ਨਾਲ ਡਰੇਨੇਜ ਪਾਇਆ ਗਿਆ ਅਤੇ ਦੋਵੇਂ ਪਾਸੇ ਸਥਾਨਕ ਲੋਕਾਂ ਦੀ ਆਵਾਜਾਈ ਦੀ ਸੁਵਿਧਾ ਲਈ ਸਰਵਿਸ ਲੇਨ ਬਣਾਈ ਗਈ ਸੀ। ਪਰ ਇਸ ਡਰੇਨੇਜ ਅਤੇ ਸਰਵਿਸ ਲੇਨ ਨੂੰ ਸਮੇਂ ਦੇ ਅਧਿਕਾਰੀਆਂ ਵਲੋਂ ਗਲਤ ਢੰਗ ਨਾਲ ਬਣਾਉਣ, ਦੁਕਾਨਦਾਰਾਂ ਦੀ ਮਿਲੀ ਭੁਗਤ ਨਾਲ ਨਿਯਮਾਂ ਨੂੰ ਛਿੱਕੇ ਟੰਗ ਕੇ ਜਗ੍ਹਾ ਜਗ੍ਹਾ ਤੋਂ ਰਸਤੇ ਛੱਡ ਕੇ ਮੋਟਾ ਭ੍ਰਿਸ਼ਟਾਚਾਰ ਕੀਤਾ ਗਿਆ, ਹਰ ਛੱਡੇ ਰਸਤੇ ਤੋਂ ਦੋਵੇਂ ਪਾਸੇ ਡਰੇਨੇਜ ਨੂੰ ਖੁੱਲ੍ਹਾ ਛੱਡ ਕੇ ਡੰਪ ਦੇ ਤੌਰ 'ਤੇ ਵਰਤਣ ਲਈ ਵੀ ਦੁਕਾਨਦਾਰਾਂ ਨੂੰ ਸਹੂਲਤ ਦਿੱਤੀ ਗਈ। ਸਾਰੇ ਹੀ ਦੁਕਾਨਦਾਰ ਆਪਣੀਆਂ ਦੁਕਾਨਾਂ ਦੀ ਸਾਫ ਸਫਾਈ ਦਾ ਸਾਰਾ ਕੂੜਾ ਕਰਕਟ ਇਸ ਡਰੇਨੇਜ ਵਿੱਚ ਸੁੱਟ ਕੇ ਇਸ ਨੂੰ ਬਤੌਰ ਡੰਪ ਵਰਤ ਰਹੇ ਹਨ ਅਤੇ ਅੱਜ ਕੱਲ੍ਹ ਕਈ ਥਾਵਾਂ ਤੋਂ ਇਹ ਡਰੇਨੇਜ ਬੰਦ ਵੀ ਹੋਇਆ ਪਿਆ ਹੈ। ਥਾਂ ਥਾਂ ਤੋਂ ਬੰਦ ਹੋਏ ਡਰੇਨੇਜ ਵਿੱਚ ਬਰਸਾਤ ਦਾ ਪਾਣੀ ਜਾਂ ਦੁਕਾਨਦਾਰਾਂ ਵੱਲੋਂ ਇਸ ਵਿੱਚ ਸੁੱਟਿਆ ਪਾਣੀ ਮੱਛਰ ਪਾਲਣ ਦਾ ਕੰਮ ਵੀ ਕਰ ਰਿਹਾ ਹੈ। ਜਿਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲ ਸਕਦੀਆਂ ਹਨ। ਸਰਵਿਸ ਲੇਨ ਨੂੰ ਦੁਕਾਨਦਾਰਾਂ ਵੱਲੋਂ ਨਜਾਇਜ ਵਰਤਣ ਅਤੇ ਕਈ ਦੁਕਾਨਦਾਰਾਂ ਅਤੇ ਖੋਖਿਆਂ ਵਾਲਿਆਂ ਵਲੋਂ ਸੜਕ ਦੇ ਦੋਹੀਂ ਪਾਸੀਂ ਨਜਾਇਜ਼ ਕਬਜੇ ਕਰਕੇ ਨਜਾਇਜ ਦੁਕਾਨਾਂ ਚਲਾਉਣ ਦੇ ਨਾਲ ਨਾਲ ਇਸ ਡਰੇਨੇਜ਼ ਨੂੰ ਡੰਪ ਦੇ ਤੌਰ 'ਤੇ ਵੀ ਵਰਤਿਆ ਜਾ ਰਿਹਾ ਹੈ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਚੌਕ ਵਿੱਚ ਬੱਸ ਸਟੌਪ ਦੇ ਕੋਲ ਡਰੇਨੇਜ ਨੂੰ ਬਿਲਕੁਲ ਬੰਦ ਕਰਕੇ ਉਸ ਜਗ੍ਹਾ 'ਤੇ ਇੱਕ ਰੇਹੜੀ ਵਾਲਾ ਪੱਕਾ ਅੱਡਾ ਬਣਾ ਕੇ ਮੋਟੀ ਕਮਾਈ ਕਰ ਰਿਹਾ ਹੈ। ਇਸ ਸੜਕ ਦੇ ਦੋਵੇਂ ਪਾਸੇ ਬਣਾਈ ਸਰਵਿਸ ਲੇਨ ਸਥਾਨਕ ਲੋਕਾਂ ਦੀ ਸੁਵਿਧਾ ਅਤੇ ਆਵਾਜਾਈ ਦੇ ਉਦੇਸ਼ ਨਾਲ ਬਣਾਈ ਗਈ ਸੀ। ਅੱਜ ਇਹ ਅਵਸਥਾ ਹੈ ਕਿ ਕੋਈ ਵੀ ਔਰਤ, ਬਜ਼ੁਰਗ, ਬੱਚਾ ਤੁਰ ਕੇ ਵੀ ਇਸ ਸਰਵਿਸ ਲੇਨ ਰਾਹੀਂ ਲੰਘ ਨਹੀਂ ਸਕਦਾ। ਸਰਵਿਸ ਲੇਨ ਦੀ ਤਰ੍ਹਾਂ ਪੁਰਾਣੀ ਚੂੰਗੀ ਤੋਂ ਲੈ ਕੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ ਤੱਕ ਬਿਜਲੀ ਬੋਰਡ ਦੇ ਦਫਤਰ ਅੱਗੇ ਬਣੀ ਸਰਵਿਸ ਲੇਨ 'ਤੇ ਰੱਖੇ ਅਣਗਿਣਤ ਦੁਕਾਨ ਨੁਮਾ ਖੋਖੇ ਵੀ ਸਥਾਨਕ ਪ੍ਰਸ਼ਾਸਨ ਅਤੇ ਨਗਰ ਨਿਗਮ ਪ੍ਰਸ਼ਾਸਨ ਨੂੰ ਵਿਖਾਈ ਨਹੀਂ ਦੇ ਰਹੇ। ਜਦੋਂ ਡਰੇਨੇਜ ਅਤੇ ਸਰਵਿਸ ਲੇਨ ਬਣਾਈ ਗਈ ਸੀ ਤਾਂ ਉਸ ਸਮੇਂ ਮੌਕੇ ਸੜਕ ਦੇ ਦੋਨੋਂ ਪਾਸੇ ਦੀ ਸਰਵਿਸ ਲੇਨ ਸੜਕ ਲਈ ਪੁਲੀ ਬਣਨੀ ਸੀ। ਪਰ ਉਸ ਵੇਲੇ ਦੇ ਠੇਕੇਦਾਰ ਨੇ ਸਥਾਨਕ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸੜਕ ਦੇ ਦੋਨੋਂ ਪਾਸੇ ਪੁਲੀ ਨਹੀਂ ਬਣਾਈ। ਜਿਸ ਕਰਕੇ ਵੀ ਇਹ ਸਰਵਿਸ ਲੇਨ ਸਹੀ ਢੰਗ ਨਾਲ ਵਰਤੋਂ ਵਿੱਚ ਨਹੀਂ ਆ ਰਹੀ। ਪੁਲੀ ਨਾ ਬਨਣ ਕਰਕੇ ਅਤੇ ਸੜਕ ਵਿੱਚ ਲੱਗੇ ਬਿਜਲੀ ਪੋਲਾਂ ਅਤੇ ਮਸ਼ਹੂਰੀ ਦੇ ਬੋਰਡਾਂ ਦੀ ਆੜ ਵਿੱਚ ਬਿਜਲੀ ਬੋਰਡ ਵਾਲੇ ਪਾਸੇ ਬੜੀ ਵੱਡੀ ਥਾਂ ਦੀ ਦੁਕਾਨ ਕਰੀਬ ਪੰਜ ਸਾਲਾਂ ਤੋਂ ਚੱਲ ਰਹੀ ਹੈ। ਇਸੇ ਹੀ ਤਰ੍ਹਾਂ ਬਿਜਲੀ ਬੋਰਡ ਦੀ ਚਾਰ ਦਿਵਾਰੀ ਦੇ ਅੱਗੇ ਸਰਵਿਸ ਲੇਨ ਵਿੱਚ ਅਣਗਿਣਤ ਖੋਖੇ ਲੱਗੇ ਹੋਏ ਹਨ। ਜੋ ਉਹ ਵੀ ਕਰੀਬ 5-6 ਸਾਲਾਂ ਤੋਂ ਸਤਪਾਲ ਹਨ ਇੰਨ੍ਹਾਂ ਵਿੱਚ ਕਈ ਖੋਖੇ ਮੀਟ ਦੀ ਦੁਕਾਨ ਦੇ ਹਨ ਅਤੇ ਕਈ ਮੀਟ ਬਣਾ ਕੇ ਵੀ ਦਿੰਦੇ ਹਨ ਜਿਸ ਕਰਕੇ ਇਨ੍ਹਾਂ ਖੋਖਿਆਂ 'ਤੇ ਸ਼ਾਮ ਨੂੰ ਨਸ਼ਾ ਪੀਣ ਵਾਲਿਆਂ ਦੇ ਝੁੰਡ ਵੀ ਅਕਸਰ ਵੇਖੇ ਜਾ ਸਕਦੇ ਹਨ। ਹਨੇਰੇ-ਸਵੇਰੇ ਇਸ ਸਰਵਿਸ ਲੇਨ ਰਾਹੀਂ ਇਕੱਲੀਆਂ ਔਰਤਾਂ ਜਾਂ ਲੜਕੀਆਂ ਦਾ ਲੰਘਣਾ ਵੀ ਦੁਸ਼ਵਾਰ ਹੈ।

# ਏਟਕ ਨੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਪੁਤਲੇ ਫੂਕੇ



**ਬਹਿਰਾਮ (ਅਵਤਾਰ ਕਲੇਰ)** ਦਿੱਲੀ ਵਿੱਚ ਜੰਤਰ ਮੰਤਰ 'ਤੇ ਬੈਠੀਆਂ ਇਨਸਾਫ ਦੀ ਮੰਗ ਕਰ ਰਹੀਆਂ ਦੇਸ਼ ਦਾ ਗੌਰਵ ਪਹਿਲਵਾਨ ਬੇਟੀਆਂ ਦੀ ਹਮਾਇਤ ਵਿੱਚ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਦਿੱਤੇ ਗਏ ਸੱਦੇ 'ਤੇ ਏਟਕ ਦੇ ਜ਼ਿਲ੍ਹਾ ਕਨਵੀਨਰ ਕਾਮਰੇਡ ਸੁਤੰਤਰ ਕੁਮਾਰ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ, ਜਸਵਿੰਦਰ ਸਿੰਘ ਭੰਗਲ ਦੀ ਅਗਵਾਈ ਵਿੱਚ ਬੱਸ ਸਟੈਂਡ ਨਵਾਂਸ਼ਹਿਰ ਵਿਖੇ ਯੌਨ ਸ਼ੋਸ਼ਣ ਦੇ ਦੋਸ਼ੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਪੁਤਲੇ ਫੂਕੇ ਗਏ। ਆਗੂਆਂ ਨੇ ਕਿਹਾ ਕਿ 23 ਅਪ੍ਰੈਲ ਤੋਂ ਯੌਨ ਸ਼ੋਸ਼ਣ ਪੀੜਤ ਮਹਿਲਾ ਪਹਿਲਵਾਨ ਇਸ ਦੋਸ਼ੀ ਭਾਜਪਾ ਦੇ ਸੰਸਦ ਮੈਂਬਰ ਖਿਲਾਫ ਕਾਰਵਾਈ ਕਰਨ ਲਈ ਮੰਗ ਕਰ ਰਹੀਆਂ ਹਨ ਪਰ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣ ਰਿਹਾ। ਸਗੋਂ ਜਿਹੜੇ ਲੋਕ ਉਨ੍ਹਾਂ ਦੀ ਹਮਾਇਤ ਵਿੱਚ ਆਉਂਦੇ ਹਨ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਇੱਕ ਰੇਲ ਹਾਦਸਾ ਵਾਪਰਿਆ ਸੀ ਤਾਂ ਉਦੋਂ ਦੇ ਰੇਲ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਆਪਣੀ ਜ਼ਿੰਮੇਵਾਰੀ ਸਮਝ ਕੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹੁਣ ਕਿਸਾਨਾਂ ਦੇ ਕਾਤਲ ਅਜੇ ਮਿਸ਼ਰਾ ਦੇ ਬੇਟੇ ਆਸ਼ੀਸ਼ ਮਿਸ਼ਰਾ ਅਤੇ ਬ੍ਰਿਜ ਭੂਸ਼ਣ ਨੂੰ ਮੋਦੀ ਸਰਕਾਰ ਬਚਾ ਰਹੀ ਹੈ ਇੱਥੋਂ ਤੱਕ ਕਿ ਮਾਨਯੋਗ ਸੁਪਰੀਮ ਕੋਰਟ ਨੂੰ ਖੁਦ ਦਖਲ ਦੇਣਾ ਪੈ ਰਿਹਾ ਹੈ। ਹੁਣ ਬੇਟੀ ਪੜ੍ਹਾਓ,ਬੇਟੀ ਬਚਾਓ ਦਾ ਨਾਹਰਾ ਲਾਉਣ ਵਾਲੀ ਭਾਜਪਾ ਸਰਕਾਰ ਦੇ ਅਜਿਹੇ ਆਗੂਆਂ ਤੋਂ ਬੇਟੀਆਂ ਨੂੰ ਬਚਣਾ ਪੈ ਰਿਹਾ ਹੈ। ਉਹ ਇਨਸਾਫ ਲੈਣ ਲਈ ਕਿੱਥੇ ਜਾਣ। ਹੁਣ ਕੌਮੀ ਅਪਰਾਧ ਬਿਓਰੋ ਦੇ ਅੰਕੜਿਆਂ ਅਨੁਸਾਰ ਮੋਦੀ, ਸ਼ਾਹ ਦੇ ਆਪਣੇ ਸੂਬੇ ਗੁਜਰਾਤ ਤੋਂ ਪਿਛਲੇ ਪੰਜ ਸਾਲਾਂ ਦਰਮਿਆਨ 41621 ਔਰਤਾਂ ਲਾਪਤਾ ਹੋਈਆਂ ਹਨ। ਅੱਜ ਸਾਰਾ ਦੇਸ਼ ਇਨ੍ਹਾਂ ਨੂੰ ਰਾਜ ਗੱਦੀ ਤੇ ਬਿਠਾ ਕੇ ਪਛਤਾ ਰਿਹਾ ਹੈ। ਕਿਸਾਨਾਂ, ਮਜ਼ਦੂਰਾਂ, ਮੁਲਾਜਮਾਂ ਦੀਆਂ ਸਾਰੀਆਂ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਇਨ੍ਹਾਂ ਪੀੜਤ ਮਹਿਲਾ ਪਹਿਲਵਾਨਾਂ ਦੀ ਹਮਾਇਤ 'ਤੇ ਆ ਗਈਆਂ ਹਨ। ਅਸੀਂ ਇਨਸਾਫ ਮਿਲਣ ਤੱਕ ਬੇਟੀਆਂ ਦੇ ਨਾਲ ਖੜ੍ਹੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਕੁਮਾਰ ਸਲੋਹ, ਕਿਸ਼ਨ ਕੁਮਾਰ, ਸ਼ਾਮ ਲਾਲ, ਸੰਤੋਖ ਪਾਲ, ਮੇਜਰ ਦਾਸ, ਸ਼ਾਮ ਸੁੰਦਰ, ਦੇਵ ਰਾਜ, ਬਲਵੀਰ ਸਿੰਘ ਮਹਿਤਪੁਰ, ਗੁਰਮੇਲ ਚੰਦ, ਅੰਮ੍ਰਿਤ ਪਾਲ, ਗੁਰਮੇਲ ਲਾਲ ਆਦਿ ਹਾਜਰ ਸਨ।

# ਅਮਿੱਟ ਛਾਪ ਛੱਡ ਕੇ ਸਮਾਪਤ ਹੋਇਆ ਕੁੜੀਆਂ ਦਾ ਕਬੱਡੀ ਕੱਪ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ):** ਕੌਰ ਵੈਲਫੇਅਰ ਫਾਊਂਡੇਸ਼ਨ (ਰਜਿ.) ਵੱਲੋਂ ਪਿੰਡ ਸੁਰਤਾਪੁਰ ਵਿਖੇ ਪੀਰ ਬਾਬੇ ਦੀ ਸਮਾਧ 'ਤੇ ਕਰਵਾਇਆ ਕੁੜੀਆਂ ਦਾ ਪਹਿਲਾ ਕਬੱਡੀ ਕੱਪ ਅਮਿੱਟ ਪੈੜਾਂ ਛੱਡਦਾ ਸਮਾਪਤ ਹੋਇਆ। ਫਾਊਂਡੇਸ਼ਨ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁੱਖ ਪ੍ਰਬੰਧਕ ਨਿੰਮਾ ਸੁਰਤਾਪੁਰੀ ਦੇਖ-ਰੇਖ ਵਿੱਚ ਹੋਏ ਇਸ ਟੂਰਨਾਮੈਂਟ ਵਿੱਚ ਜਲੰਧਰ, ਨਵਾਂਸ਼ਹਿਰ, ਸੰਗਰੂਰ, ਫਰੀਦਕੋਟ, ਫਾਜ਼ਿਲਕਾ, ਅੰਮ੍ਰਿਤਸਰ, ਰੂਪਨਗਰ, ਫਤਿਹਗੜ੍ਹ ਸਾਹਿਬ ਅਤੇ ਸੋਲਨ (ਹਿਮਾਚਲ ਪ੍ਰਦੇਸ਼) ਤੋਂ ਟੀਮਾਂ ਪਹੁੰਚੀਆਂ।

ਫਾਊਂਡੇਸ਼ਨ ਦੀਆਂ ਡਾਇਰੈਕਟਰਸ ਸੁਰਿੰਦਰ ਕੌਰ ਤੇ ਡਾ. ਜਸਬੀਰ ਕੌਰ ਵੱਲੋਂ ਉਦਘਾਟਨੀ ਰਸਮ ਉਪਰੰਤ ਲੀਗ ਮੁਕਾਬਲਿਆਂ ਤੋਂ ਬਾਅਦ ਫਾਈਨਲ ਵਿੱਚ ਫਤਿਹਗੜ੍ਹ ਸਾਹਿਬ ਨੇ ਪਹਿਲਾ ਇਨਾਮ 11000 ਰੁਪਏ +ਕੱਪ ਅਤੇ ਰੋਪੜ ਨੇ ਦੂਜਾ 7100 ਰੁਪਏ+ਕੱਪ ਜਿੱਤੇ। ਰੋਪੜ ਦੀਆਂ ਜਸ਼ਨ ਤੇ ਗੁਰਜੀਤ ਨੂੰ ਬੈਸਟ ਰੇਡਰਾਂ ਅਤੇ ਫਤਿਹਗੜ੍ਹ ਸਾਹਿਬ ਤੋਂ ਗੰਗਾ ਸ਼ਰਮਾ ਨੂੰ ਬੈਸਟ ਕੈਚਰ ਵਜੋਂ ਸਨਮਾਨਿਤ ਕੀਤਾ ਗਿਆ। ਰੂਪਨਗਰ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰਜੀਤ ਸਿੰਘ ਮਿੰਟੂ, ਸੋਨੂੰ ਪੰਡਤ ਤੇ ਅਮਰਜੀਤ ਸਿੰਘ ਲਾਡੀ ਦੁਆਰਾ ਕੀਤੀ ਸ਼ਾਨਦਾਰ ਕੁਮੈਂਟਰੀ ਨੇ ਪੂਰੇ ਖੇਡ ਸਮਾਗਮ ਦੌਰਾਨ ਵੱਖਰਾ ਹੀ ਰੰਗ ਤੇ ਜਾਹੋ-ਜਲਾਲ ਭਰੀ ਰੱਖਿਆ। ਇਨਾਮ ਵੰਡ ਦੀ ਰਸਮ ਉਚੇਚੇ ਸੱਦੇ 'ਤੇ ਪਹੁੰਚੇ ਗੱਬਰ ਸਿੰਘ ਐੱਸ.ਐੱਚ.ਓ. ਥਾਣਾ ਮਟੌਰ (ਮੋਹਾਲੀ) ਵੱਲੋਂ ਨਿਭਾਈ ਗਈ। ਮੈਚਾਂ ਤੋਂ ਬਾਅਦ ਗਾਇਕ ਰੋਮੀ ਘੜਾਮੇਂ ਵਾਲਾ, ਹਨੀ ਬੀ., ਸ਼ਰਨ ਭਿੰਡਰ, ਅਰਸ਼, ਜਿੰਦਰ ਢੱਕ, ਮਿਊਜਿਕ ਮਿਸਤਰੀ, ਸੁੱਖਾ ਧਾਲੀਵਾਲ, ਦੀਪੂ ਬਾਦਸ਼ਾਹ ਤੇ ਵਰਿੰਦਰ ਭੱਟੀ ਦੇ ਲੱਗੇ ਖੁੱਲੇ ਅਖਾੜੇ ਨੇ ਖ਼ੂਬ ਰੌਣਕਾਂ ਲਾਈਆਂ। ਇਸ ਮੌਕੇ ਜੈ ਦੇਵ ਸਿੰਘ ਮੁੱਖ ਸਲਾਹਕਾਰ, ਓਂਕਾਰ ਸਿੰਘ ਸਟੇਜ ਸੈਕਟਰੀ, ਸੁਖਦੇਵ ਸਿੰਘ ਲੰਬੜਦਾਰ, ਸਰਵਣ ਸਿੰਘ ਡਾਕਟਰ, ਹਿੰਮਤ ਸਿੰਘ ਸੁਰਤਾਪੁਰ, ਸੁਰਿੰਦਰ ਸਿੰਘ (ਹਰਿਆਣਾ), ਚਰਨਜੀਤ ਸਿੰਘ ਰਾਏ ਐੱਸ.ਡੀ.ਓ., ਐੱਮ.ਕੇ.ਡੀ. (ਡੀਜੇ/ਇਲੈਕਟ੍ਰੀਕਲ) ਸਰਵਿਸ ਰਿੰਕੂ ਸੈਣੀ ਕਟਲੀ ਖ਼ੂਨਦਾਨ ਕੈਂਪ ਆਯੋਜਕ, ਹੇਮੀ (ਸਾਊਂਡ ਸਰਵਿਸ) ਤੇ ਪ੍ਰਸ਼ੋਤਮ ਸਿੰਘ ਮਾਹਲਾਂ ਕਿਸਾਨ ਆਗੂ ਆਮ ਆਦਮੀ ਪਾਰਟੀ ਹਾਜਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ 'ਚ ਸਾਇੰਸ ਗਰੁੱਪ ਦੇ ਦਾਖਲੇ ਸ਼ੁਰੂ



**ਭਲਾਣ (ਹਰਭਜਨ ਢਿੱਲੋਂ)** ਦੂਰ ਦਰਾਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇ ਕੇ ਸੰਸਾਰ ਭਰ ਵਿੱਚ ਚੱਲ ਰਹੇ ਮੁਕਾਬਲੇਬਾਜੀ ਦੇ ਦੌਰ ਵਿੱਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਆ ਮੰਤਰੀ ਹਰੋਜਤ ਬੈਂਸ ਨੇ ਵਿਸ਼ੇਸ਼ ਉਪਰਾਲੇ ਸੂਰ ਕਰ ਦਿੱਤੇ ਹਨ। ਸ਼ਹਿਰੀ ਖੇਤਰ ਤੋਂ ਦੂਰ ਪੇਂਡੂ ਇਲਾਕੇ ਵਿੱਚ ਚੱਲ ਰਹੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਦੇ ਵਿਦਿਆਰਥੀਆਂ ਨੂੰ ਵਿਦਿਅਕ ਸੈਸ਼ਨ 2023-24 ਤੋਂ ਸਾਇੰਸ ਗਰੁੱਪ ਦੀ ਪੜ੍ਹਾਈ ਮਿਲਣੀ ਆਰੰਭ ਹੋ ਗਈ ਹੈ ਜਿਸਦੀ ਇਲਾਕੇ ਵਾਸੀਆਂ ਵਲੋਂ ਭਰਭੂਰ ਸ਼ਲਾਘਾ ਕੀਤੀ ਜਾ ਰਹੀ ਹੈ। ਸਰਕਾਰੀ ਸਕੂਲ ਵਿੱਚ ਗਿਆਰਵੀਂ ਅਤੇ ਬਾਰਵ੍ਹੀ ਜਮਾਤ ਲਈ ਸਾਇੰਸ ਗਰੁੱਪ ਦੇ ਦਾਖਲੇ ਸ਼ੁਰੂ ਹੋ ਗਏ ਹਨ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਖੇੜਾ ਕਲਮੋਟ ਸਕੂਲ ਨੂੰ ਇਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਪ੍ਰੇਮ ਕੁਮਾਰ ਧੀਮਾਨ ਇੰਚਾਰਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਨੇ ਦੱਸਿਆ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ 18 ਜਨਵਰੀ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਦੂਰ ਦਰਾਂਡੇ ਵੱਸੇ ਪਿੰਡ ਖੇੜਾ ਕਲਮੋਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਲਾਨਾਂ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸਾਮਿਲ ਹੋਏ ਸਨ ਉਸ ਸਮੇਂ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ, ਪ੍ਰਬੰਧਕਾਂ ਤੇ ਇਲਾਕੇ ਦੇ ਪੰਤਵੱਤੇ ਲੋਕਾਂ ਨੇ ਸਿੱਖਿਆ ਮੰਤਰੀ ਤੋਂ ਸਕੂਲ ਵਿੱਚ ਸਾਇੰਸ ਗਰੁੱਪ ਸੁਰੂ ਕਰਨ ਦੀ ਮੰਗ ਕੀਤੀ ਜਿਸਨੂੰ ਸਿੱਖਿਆ ਮੰਤਰੀ ਨੇ ਤੁਰੰਤ ਪ੍ਰਵਾਨ ਕੀਤਾ ਅਤੇ ਇਸੇ ਵਿਦਿਅਕ ਸੈਸ਼ਨ ਤੋਂ ਸਾਇੰਸ ਗਰੁੱਪ ਦੇ ਦਾਖਲੇ ਸ਼ੁਰੂ ਹੋ ਗਏ ਸਨ। ਇਸ ਤੋਂ ਪਹਿਲਾਂ ਇਸ ਇਲਾਕੇ ਦੇ ਵਿਦਿਆਰਥੀ ਅਤੇ ਵਿਦਿਆਰਥਣ ਸਾਇੰਸ ਵਿਸ਼ੇ ਦੀ ਸਿੱਖਿਆ ਹਾਸਲ ਕਰਨ ਲਈ ਕਾਨਪੁਰ ਖੂਹੀ ਅਤੇ ਸੁਖਸਾਲ ਦੇ ਸਰਕਾਰੀ ਸਕੂਲਾਂ ਵਿੱਚ ਲੰਮਾ ਪੈਂਡਾ ਤਹਿ ਕਰਕੇ ਜਾਂਦੇ ਸਨ। ਬਹੁਤ ਪਰਵਾਰਾਂ ਦੀਆਂ ਬੱਚੀਆਂ ਇਹ ਸਿੱਖਿਆ ਹਾਸਲ ਕਰਨ ਤੋਂ ਵਾਝੀਆਂ ਰਹਿ ਜਾਂਦੀਆਂ ਸਨ। ਸਿੱਖਿਆ ਮੰਤਰੀ ਨੇ ਇਹ ਉਪਰਾਲਾ ਕਰਕੇ ਆਲੇ ਦੁਆਲੇ ਦੇ 6-7 ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ।

# ਤਰਕਸ਼ੀਲ ਸੁਸਾਇਟੀ ਵੱਲੋਂ ਬ੍ਰਿਜ ਭੂਸ਼ਨ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ

**ਖਰੜ (ਹਰਨਾਮ ਸਿੰਘ ਡੱਲਾ)** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਜੰਤਰ ਮੰਤਰ 'ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦੇ ਰਹੇ ਪਹਿਲਵਾਨਾਂ ਨੂੰ ਦਿੱਲੀ ਪੁਲਿਸ ਵਲੋਂ ਕੁੱਟ ਮਾਰ ਕਰਕੇ ਉਨ੍ਹਾਂ ਨੂੰ ਗੰਭੀਰ ਜਖਮੀ ਕਰਨ ਅਤੇ ਧੱਕੇ ਨਾਲ ਧਰਨਾ ਖਤਮ ਕਰਵਾਉਣ ਦੀ ਗੈਰ ਕਾਨੂੰਨੀ ਅਤੇ ਤਾਨਾਸ਼ਾਹੀ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਦੋਸ਼ੀ ਪੁਲਸ ਮੁਲਾਜਮਾਂ ਅਤੇ ਅਧਿਕਾਰੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਅਤੇ ਮੁੱਖ ਮੁਲਜਮ ਬ੍ਰਿਜ ਭੂਸ਼ਨ ਅਤੇ ਹੋਰਨਾਂ ਮੁਲਜਮਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਸਜਾ ਦੇਣ ਦੀ ਜੋਰਦਾਰ ਮੰਗ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਮੁਲਕ ਦੀਆਂ ਸਮੂਹ ਖੇਡ ਫੈਡਰੇਸ਼ਨਾਂ 'ਚੋਂ ਸਿਆਸੀ ਆਗੂਆਂ ਅਤੇ ਉੱਚ ਅਧਿਕਾਰੀਆਂ ਨੂੰ ਤੁਰੰਤ ਬਰਖਾਸਤ ਕਰਕੇ ਸਿਰਫ ਖਿਡਾਰੀਆਂ ਨੂੰ ਹੀ ਨਾਮਜਦ ਕਰਨ ਦੀ ਮੰਗ ਵੀ ਕੀਤੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਖਰੜ ਦੇ ਆਗੂਆਂ ਪ੍ਰਿ. ਗੁਰਮੀਤ ਖਰੜ, ਕੁਲਵਿੰਦਰ ਨਗਾਰੀ, ਕਰਮਜੀਤ ਸਕਰੁੱਲਾਂਪੁਰੀ, ਜਰਨੈਲ ਸਹੌੜਾਂ, ਸੁਰਿੰਦਰ ਸਿੰਬਲਮਾਜਰਾ, ਬਿਕਰਮਜੀਤ ਸੋਨੀ, ਜਗਵਿੰਦਰ ਸਿੰਬਲਮਾਜਰਾ, ਭੁਪਿੰਦਰ ਮਦਨਹੇੜੀ ਅਤੇ ਸੁਜਾਨ ਬਡਾਲਾ ਨੇ ਪਹਿਲਵਾਨਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਬ੍ਰਿਜ ਭੂਸ਼ਨ ਦੇ ਖਿਲਾਫ ਪੋਕਸੋ ਐਕਟ ਤਹਿਤ ਐਫ ਆਈ ਆਰ ਦਰਜ ਹੋਣ ਦੇ ਬਾਵਜੂਦ ਦਿੱਲੀ ਪੁਲਸ ਉਸ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਤਰਕਸ਼ੀਲ ਆਗੂਆਂ ਨੇ ਕੇਂਦਰ ਸਰਕਾਰ ਵਲੋਂ ਹਿੰਦੂਤਵੀ ਫਾਸ਼ੀਵਾਦੀ ਏਜੰਡੇ ਹੇਠ ਔਰਤਾਂ, ਆਦਿਵਾਸੀਆਂ,ਦਲਿਤਾਂ,ਘਟ ਗਿਣਤੀ ਮੁਸਲਮਾਨਾਂ - ਇਸਾਈਆਂ,ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ ਅਤੇ ਕਿਸਾਨਾਂ ਮਜਦੂਰਾਂ ਉਤੇ ਕੀਤੇ ਜਾ ਰਹੇ ਹਮਲਿਆਂ ਦਾ ਡਟਵਾਂ ਵਿਰੋਧ ਕਰਨ ਲਈ ਪੰਜਾਬ ਅਤੇ ਦੇਸ਼ ਭਰ ਦੀਆਂ ਲੋਕ ਪੱਖੀ, ਜਮਹੂਰੀ ਅਤੇ ਇਨਸਾਫ ਪਸੰਦ ਜਨਤਕ ਜਥੇਬੰਦੀਆਂ ਨੂੰ ਇਕ ਸਾਂਝੇ ਮੰਚ ਹੇਠ ਇਕਜੁੱਟ ਹੋ ਕੇ ਜਮਹੂਰੀਅਤ, ਸੰਵਿਧਾਨ ਅਤੇ ਧਰਮ ਨਿਰਪੱਖਤਾ ਦੀ ਰਾਖੀ ਲਈ ਕਿਸਾਨ ਅੰਦੋਲਣ ਵਾਂਗ ਫੈਸਲਾਕੁੰਨ ਸੰਘਰਸ਼ ਕਰਨ ਦਾ ਸੱਦਾ ਦਿੱਤਾ।

# ਧਰਮ ਪਾਲ ਪੈਂਥਰ ਦੀ ਪੁਸਤਕ 'ਵਿਵਸਥਾ ਪਰਿਵਰਤਨ' 'ਤੇ ਵਿਚਾਰ-ਗੋਸ਼ਟੀ ਤੇ ਰਿਲੀਜ਼ ਸਮਾਰੋਹ



**ਫਗਵਾੜਾ (ਡਾ ਰਮਨ, ਜਸਵਿੰਦਰ ਢੱਡਾ)** ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੋਸਾਇਟੀ ਰਜਿ. ਅਤੇ ਲੋਕ ਸਾਹਿਤ ਕਲਾ ਕੇਂਦਰ, ਰੇਲ ਕੋਚ ਫੈਕਟਰੀ, ਕਪੂਰਥਲਾ ਵਲੋਂ ਸਾਂਝੇ ਤੌਰ 'ਤੇ "ਮਹਾਮਾਨਵ ਤਥਾਗਤ ਬੁੱਧਾ ਜੀ" ਨੂੰ ਸਮਰਪਿਤ ਸੋਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਦੀ ਨਵ-ਪ੍ਰਕਾਸ਼ਿਤ ਪੁਸਤਕ "ਵਿਵਸਥਾ ਪਰਿਵਰਤਨ" 'ਤੇ ਵਿਚਾਰ ਗੋਸ਼ਟੀ ਅਤੇ ਰਿਲੀਜ਼ ਸਮਾਰੋਹ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਡਾ. ਐਸ. ਐਲ. ਵਿਰਦੀ ਐਡਵੋਕੇਟ ਫਗਵਾੜਾ, ਨੈਸ਼ਨਲ ਬੁਕ ਟਰੱਸਟ ਦੇ ਸਾਬਕਾ ਡਾਇਰੈਕਟਰ ਬਲਦੇਵ ਰਾਜ ਬੱਧਣ, ਸਾਹਿਤਕਾਰ ਡਾ. ਰਾਮ ਮੂਰਤੀ, ਸਾਹਿਤਕਾਰ ਚਮਨ ਲਾਲ ਚਣਕੋਆ, ਡਾ. ਭੁਪਿੰਦਰ ਕੌਰ, ਡਾ. ਪਰਮਜੀਤ ਸਿੰਘ ਮਾਨਸਾ, ਗਜ਼ਲਗੋ ਸੁਰਜੀਤ ਸਾਜਨ, ਪ੍ਰਿੰਸੀਪਲ ਮੈਡਮ ਪ੍ਰੋਮਿਲਾ ਅਰੋੜਾ, ਨਵਾਬ ਜੱਸਾ ਸਿੰਘ ਸਰਕਾਰੀ ਕਾਲਜ ਕਪੂਰਥਲਾ ਦੇ ਪ੍ਰਿੰਸੀਪਲ ਤੀਰਥ ਰਾਮ ਬਸਰਾ, ਡਾ. ਭੀਮ ਰਾਓ ਅੰਬੇਡਕਰ ਸਰਕਾਰੀ ਕਾਲਜ ਬੂਟਾਂ ਮੰਡੀ ਜਲੰਧਰ ਦੇ ਪ੍ਰਿੰਸੀਪਲ ਡਾ. ਚੰਦਰ ਕਾਂਤਾ, ਸੀਨੀਅਰ ਈਡੀਪੀਐਮ ਭਾਰਤ ਸਿੰਘ, ਡਿਪਟੀ ਐਫ ਐਂਡ ਸੀਏਓ ਦਿਲਬਾਗ਼ ਸਿੰਘ, ਸਿਰਜਣਾ ਕੇਦਰ ਕਪੂਰਥਲਾ ਦੇ ਜਨਰਲ ਸਕੱਤਰ ਸ਼ਹਿਬਾਜ਼ ਖਾਨ, ਮੈਡਮ ਪਾਲ ਕੌਰ ਪੈਂਥਰ ਅਤੇ ਪੁਸਤਕ ਦੇ ਲੇਖਕ ਧਰਮ ਪਾਲ ਪੈਂਥਰ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਸੋਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਅਤੇ ਪ੍ਰਚਾਰ ਸਕੱਤਰ ਨਿਰਵੈਰ ਸਿੰਘ ਨੇ ਕੀਤੀ। ਪ੍ਰਧਾਨਗੀ ਮੰਡਲ ਵਲੋਂ ਪੁਸਤਕ "ਵਿਵਸਥਾ ਪਰਿਵਰਤਨ" ਦੀ ਘੁੰਡ ਚੁਕਾਈ ਕੀਤੀ ਗਈ। ਕਹਾਣੀਕਾਰ ਤੇ ਪ੍ਰਸਿੱਧ ਪੱਤਰਕਾਰ ਰੋਸ਼ਨ ਖੈੜਾ ਨੇ ਪੁਸਤਕ ਦੇ ਲੇਖਕ ਧਰਮ ਪਾਲ ਪੈਂਥਰ ਦੇ ਜੀਵਨ ਸੰਘਰਸ਼ ਤੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ। ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਡਾ. ਇੰਦਰਜੀਤ ਕਜਲਾ, ਐਡਵੋਕੇਟ ਚਰਨਜੀਤ ਪੁਆਰੀ, ਐਡਵੋਕੇਟ ਚਰਨਜੀਤ ਸਿੰਘ ਗੜ੍ਹਾ ਫਿਲੌਰ, ਹੈੱਡ ਟੀਚਰ ਸੰਤੋਖ ਸਿੰਘ ਮੱਲ੍ਹੀ, ਲੈਕਚਰਾਰ ਬੰਸੋ ਦੇਵੀ, ਆਈ ਆਰ ਟੀ ਐਸ ਏ ਦੇ ਪ੍ਰਧਾਨ ਦਰਸ਼ਨ ਲਾਲ, ਐਸਸੀ/ਐਸਟੀ ਅਸੋਸੀਏਸ਼ਨ ਜੋਨਲ ਸਕੱਤਰ ਸੋਹਣ ਬੈਠਾ, ਕੈਸ਼ੀਅਰ ਰਵਿੰਦਰ ਕੁਮਾਰ, ਐਡਸ਼ਿਨਲ ਸਕੱਤਰ ਰਾਜੇਸ਼ ਕੁਮਾਰ, ਓਬੀਸੀ ਅਸੋਸੀਏਸ਼ਨ ਤੋਂ ਪ੍ਰਧਾਨ ਉਮਾ ਸ਼ੰਕਰ ਸਿੰਘ ਜਨਰਲ ਸਕੱਤਰ ਅਸ਼ੋਕ ਕੁਮਾਰ, ਵਰਿਕੰਗ ਪ੍ਰਧਾਨ ਅਰਵਿੰਦ ਕੁਮਾਰ ਇੰਜੀਨਿਅਰ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਸਿੰਘ, ਭਾਰਤੀਆ ਬੋਧ ਮਹਾਸਭਾ ਤੋਂ ਸੁਰੇਸ਼ ਚੰਦਰ ਬੋਧ, ਆਰ ਸੀ ਐਫ ਇਪਲਾਈਜ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ, ਸ਼੍ਰੀ ਗੁਰੂ ਰਵਿਦਾਸ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਨਿਊਟਨ, ਜਨਰਲ ਸਕੱਤਰ ਮਾਸਟਰ ਗੁਰਬਚਨ ਰਾਮ ਖਜਾਨਚੀ ਕੁਲਵੰਤ ਸਿੰਘ, ਡਾ. ਅੰਬੇਡਕਰ ਯੂਨਿਟੀ ਕਲੱਬ ਦੇ ਪ੍ਰਧਾਨ ਸੋਨੂ, ਜਨਰਲ ਸਕੱਤਰ ਸਾਵਨ, ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ਖੋਜੇਵਾਲ ਦੇ ਪ੍ਰਧਾਨ ਜਸਵਿੰਦਰ ਸਿੰਘ ਖੋਜੇਵਾਲ, ਡਾ. ਅੰਬੇਡਕਰ ਯੂਨਿਟੀ ਕਲੱਬ ਬੂਲਪੁਰ ਤੋਂ ਹੰਸ ਰਾਜ ਬਸੀ, ਸਾਬਕਾ ਡਿਪਟੀ ਡਾਇਰੈਕਟਰ ਬਲਵੰਤ ਸਿੰਘ ਮੋਹਾਲੀ ਅਤੇ ਜਗਜੀਵਨ ਵਿਰਕ ਆਦਿ ਹਾਜ਼ਰ ਹੋਏ ਤੇ ਮਿਸ਼ਨਰੀ ਕਵੀ ਦਰਬਾਰ ਕਰਵਾਇਆ ਗਿਆ।

ਜਿਸ ਵਿੱਚ ਕਵੀ ਰਾਜੇਸ਼ ਕੈਂਥ ਭਬਿਆਣਾ, ਵਿਜੈ ਗੁਣਾਚਾਰ, ਬਲਵਿੰਦਰ ਸਿੰਘ ਪੁਆਰ, ਰਵੀ ਸ਼ਰਨ ਫਿਲ਼ੌਰੀਆ, ਰੌਸ਼ਨ ਭਾਰਤੀ, ਕੰਵਰ ਇਕਬਾਲ, ਬਲਵੰਤ ਸਿੰਘ ਬੱਲ, ਅਸ਼ਵਨੀ ਜੋਸ਼ੀ, ਸ਼ਹਿਬਾਜ਼ ਖ਼ਾਨ, ਰਣਜੀਤ ਸਪਨਾ, ਮਨਜਿੰਦਰ ਕਮਲ, ਚੰਨ ਮੋਮੀ, ਰਸ਼ਪਾਲ ਕੌਰ, ਗੁਰਨਾਮ ਸਿੰਘ ਟਿੰਕੂ, ਬਲਰਾਜ ਕੁਹਾੜਾ, ਜ਼ੈਲਦਾਰ ਸਿੰਘ ਹਸਮੁਖ, ਅਵਤਾਰ ਸਿੰਘ ਆਸੀਮ, ਰਾਜ ਕਪੂਰ, ਗੁਰਜਿੰਦਰ ਸਿੰਘ, ਸੁਖਦੇਵ ਸਿੰਘ ਸਿੱਧੂ, ਦੀਸ਼ ਦਬੁਰਜੀ, ਜਸਵੰਤ ਸਿੰਘ ਮਜਬੂਰ ਅਤੇ ਜਰਨੈਲ ਸਿੰਘ ਸਾਕੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਹਾਜਰੀ ਲਗਵਾਈ।

# ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਹੱਥ-ਠੋਕਾ ਬਣੀ ਹੋਈ : ਸੇਖੋਂ



**ਨੰਗਲ ੀ (ਸੁਰਜੀਤ ਢੇਰ)** ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਹੱਥ ਠੋਕਾ ਬਣੀ ਹੋਈ ਹੈ। ਹੁਣ ਤੱਕ ਕਾਰਪੋਰੇਟ ਘਰਾਣਿਆਂ ਦਾ 11000 ਅਰਬ ਕਰੋੜ ਰੁਪਏ ਦਾ ਕਰਜਾ ਮੁਆਫ ਕਰ ਦਿੱਤਾ ਹੈ। ਪਰ ਦੂਜੇ ਪਾਸੇ ਕਿਸਾਨ ਮਜਦੂਰ ਵਿਰੋਧੀ ਨੀਤੀਆਂ ਲਾਗੂ ਕਰਕੇ ਗਰੀਬ ਜਨਤਾ ਨੂੰ ਨਿਚੋੜਿਆ ਜਾ ਰਿਹਾ ਹੈ। ਇਹ ਵਿਚਾਰ ਅੱਜ ਇੱਥੇ ਪੰਡਤ ਰਾਮ ਕਿਸਨ ਭੜੋਲੀਆਂ ਭਵਨ ਵਿੱਚ ਤਹਿਸੀਲ ਕਮੇਟੀ ਨੰਗਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਨੇ ਕਿਹਾ ਕਿ ਦੇਸ ਵਿੱਚ ਆਰ ਐਸ ਐਸ ਦਾ ਅਜੰਡਾ ਲਾਗੂ ਕੀਤਾ ਜਾ ਰਿਹਾ ਹੈ। ਸਰਕਾਰ ਵਿਰੁੱਧ ਬੋਲਣ ਵਾਲੇ ਲੋਕਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਤਾਨਾਸਾਹੀ ਰਵੱਈਆ ਅਖਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ ਦੇ ਪਹਿਲਵਾਨ ਜੰਤਰ ਮੰਤਰ ਤੇ ਇਨਸਾਫ ਲਈ ਅਵਾਜ ਬੁਲੰਦ ਕਰ ਰਹੇ ਹਨ। ਭਾਜਪਾ ਸੰਸਦ ਬ੍ਰਿਜ ਭੂਸ਼ਨ 'ਤੇ ਪਰਚਾ ਭਾਵੇਂ ਦਰਜ ਕਰ ਦਿੱਤਾ ਗਿਆ ਹੈ। ਪਰ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ ਹੈ। ਇਸ ਵਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੁੱਪ ਹਨ। ਜੇਕਰ ਪਹਿਲਵਾਨਾਂ ਨੂੰ ਇਨਸਾਫ ਨਾ ਮਿਲਿਆ ਤਾਂ ਦੇਸ ਦੇ ਕਿਸਾਨ 21 ਮਈ ਨੂੰ ਵੱਡੇ ਸੰਘਰਸ਼ ਦਾ ਐਲਾਨ ਕਰ ਦੇਣਗੇ।

ਇਸ ਮੌਕੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਬਲਵੀਰ ਸਿੰਘ ਜਾਡਲਾ ਤੇ ਜਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਸਕੱਤਰੇਤ ਮੈਂਬਰ ਗੁਰਦੇਵ ਸਿੰਘ ਬਾਗੀ, ਬਜਿੰਦਰ ਪੰਡਤ,ਪਵਨ ਕੁਮਾਰ ਚੱਕ ਕਰਮਾਂ,ਗੀਤਾ ਰਾਮ ਵਿਸੇਸ ਤੌਰ ਤੇ ਹਾਜ਼ਰ ਸਨ। ਇਸ ਮੀਟਿੰਗ ਦੀ ਪ੍ਰਧਾਨਗੀ ਰਘਬੀਰ ਸਿੰਘ ਦਰਸੀ ਨੇ ਕੀਤੀ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਤਹਿਸੀਲ ਸਕੱਤਰ ਸੁਖਦੇਵ ਸਿੰਘ ਨੰਗਲ ਦੱਸਿਆ ਕਿ ਪਾਰਟੀ ਦੀ ਨਵੀਨੀਕਰਨ ਦਾ ਕੰਮ ਪੂਰਾ ਕਰ ਲਿਆ ਗਿਆ। ਪਾਰਟੀ ਮੈਂਬਰਸ਼ਿਪ ਦੀ ਦਰੁਸਤੀ ਕਰਨ ਕੀਤਾ ਜਾਵੇਗਾ। ਜੂਨ ਮਹੀਨੇ ਵਿੱਚ ਪਾਰਟੀ ਸਕੂਲ ਲਗਾਇਆ ਜਾਵੇਗਾ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਕਾਮਰੇਡ ਸੁਨੀਤ ਚੌਪੜਾ, ਮਦਨ ਘੋਸ ਸਮੇਤ ਹੋਰ ਵਿਛੜੇ ਆਗੂਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਰਧਾਂਜਲੀ ਭੇਂਟ ਕੀਤੀ। ਇਸ ਮੌਕੇ ਤੇ ਤਰਸੇਮ ਲਾਲ ਅਜੋਲੀ,ਰਾਮ ਲਾਲ, ਜੈਮਲ ਸਿੰਘ ਦੜੋਲੀ,ਦੀਪ ਸਿੰਘ ਸਮੀਰੋਵਾਲ, ਸਤਨਾਮ ਸਿੰਘ ਸਮੇਤ ਹੋਰ ਆਗੂ ਹਾਜਜ਼ ਸਨ।

# ਬੈਂਸ ਵੱਲੋਂ 'ਵਰਸਿਟੀ ਵਿਖੇ ਪੜ੍ਹਦੇ ਵੱਖੋ-ਵੱਖ ਰਾਜਾਂ ਦੇ ਵਿਦਿਆਰਥੀਆਂ ਨਾਲ ਮਿਲਣੀ



**ਜਲੰਧਰ-(ਸ਼ੈਲੀ ਐਲਬਰਟ)-** ਪੰਜਾਬ ਸਰਕਾਰ ਬੀਤੇ ਇੱਕ ਸਾਲ ਤੋਂ ਸਕੂਲ ਸਿੱਖਿਆ, ਉੱਚ-ਸਿੱਖਿਆ ਤੇ ਤਕਨੀਕੀ ਸਿਖਿਆ ਵਿਚਾਲੇ ਕੜੀ ਦਾ ਕੰਮ ਕਰ ਰਹ । ਇਸਦਾ ਨਤੀਜਾ ਹੈ ਕਿ ਇਸ ਬਾਰ ਸਕੂਲਾਂ ਵਿਚ ਦਾਖਲੇ 13 ਪ੍ਰਤੀਸ਼ਤ ਤੱਕ ਵਧੇ ਹਨ ਤੇ ਹੁਣ ਉਮੀਦ ਹੈ ਕਿ ਉੱਚ ਸਿੱਖਿਆ ਦੇ ਅਦਾਰਿਆਂ ਵਿਚ ਵੀ ਇਸ ਬਾਰ ਦਾਖਲਿਆਂ ਦਾ ਗ੍ਰਾਫ ਉੱਚਾ ਹੋਵੇਗਾ। ਇਹ ਕਹਿਣਾ ਹੈ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ! ਸਿੱਖਿਆ ਮੰਤਰੀ ਬੈਂਸ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਵਿਖੇ ਚਲਾਏ ਗਏ ਪ੍ਰੋਜੈਕਟ ਘਰ ਦੇ ਨੇੜੇ-ਮੇਰੇ ਨਾਲ, ਉੱਚ ਸਿਖਿਆ ਦੇ ਮੌਕੇ ਅਪਾਰ ਦਾ ਰਿਵਿਊ ਕਰਨ ਪਹੁੰਚੇ ਸਨ। ਯੂਨੀਵਰਸਿਟੀ ਰਜਿਸਟਰਾਰ ਡਾ.ਐਸ.ਕੇ.ਮਿਸ਼ਰਾ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ। ਹਰਜੋਤ ਸਿੰਘ ਬੈਂਸ ਵੱਲੋਂ ਦੱਸਿਆ ਗਿਆ ਕਿ ਸਕੂਲ ਸਿੱਖਿਆ, ਤਕਨੀਕੀ ਸਿਖਿਆ ਤੇ ਉਚੇਰੀ ਸਿੱਖਿਆ ਵਿੱਚ ਆਪਸੀ ਰਾਬਤਾ ਘਟਦਾ ਜਾ ਰਿਹਾ ਸੀ। ਆਪੋ ਆਪਣੀ ਸਮਰੱਥਾ ਨਾਲ ਬਿਹਤਰ ਭਾਵੇਂ ਕਰ ਰਹੇ ਸੀ, ਪਰ ਮਿਲਕੇ ਬਹੁਤ ਬਿਹਤਰ ਵੱਲ ਕਦਮ ਨਹੀਂ ਵਧ ਰਹੇ ਸਨ। ਸਕੂਲ ਵਿਦਿਆਥੀਆਂ, ਓਹਨਾਂ ਦੇ ਮਾਪਿਆਂ ਨੂੰ ਜਾਣਕਾਰੀ ਹੀ ਨਹੀਂ ਸੀ ਕਿ ਓਹਨਾਂ ਦੇ ਘਰ ਦੇ ਨੇੜੇ ਵੱਡੇ ਤੇ ਅਤਿ ਆਧੁਨਿਕ ਸਹੂਲਤਾਂ ਨਾਲ ਸੰਪੰਨ, ਵਰਲਡ ਕਲਾਸ ਇਨਫਰਾਸਟਰਕਚਰ ਵਾਲੇ ਉੱਚ ਸਿੱਖਿਆ ਦੇ ਅਦਾਰੇ ਮੌਜੂਦ ਹਨ। ਇਸੇ ਜਾਗਰੂਕਤਾ ਲਈ ਸਰਕਾਰੀ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਜਿਥੇ ਪੰਜਾਬ ਅੰਦਰਲੇ ਵੱਡੇ ਉੱਚ ਸਿੱਖਿਆ ਦੇ ਅਦਾਰਿਆਂ ਦੇ ਵਿਦਿਅਕ ਟੂਰ ਕਰਵਾਏ ਗਏ ਉਥੇ ਹੀ ਉੱਚ ਸਿੱਖਿਆ ਦੇ ਅਦਾਰਿਆਂ ਨੂੰ ਵੀ ਆਪਣੀ ਪਹੁੰਚ ਸਕੂਲਾਂ ਤੱਕ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ। ਆਈ ਕੇ ਗੁਜ਼ਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਇਸ ਵਿਚ ਮੋਹਰੀ ਯੂਨੀਵਰਸਿਟੀ ਬਣੀ। ਹਜ਼ਾਰਾਂ ਵਿਦਿਆਰਥੀਆਂ ਨੂੰ ਅਤੇ ਫੈਕਲਟੀ ਮੈਂਬਰਾਂ ਨੂੰ ਯੂਨੀਵਰਸਿਟੀ ਵੱਲੋਂ ਅਕਾਦਮਿਕ ਵਿਜਿਟ ਕਰਵਾਈ ਗਈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਯੂਨੀਵਰਸਿਟੀ ਨੂੰ 7ਵੇਂ ਪੇ-ਕਮਿਸ਼ਨ ਦੇ ਲਾਭ ਜਲਦ ਦਿਲਵਾਉਣ, ਪੈਨਸ਼ਨ ਦੇ ਦਾਇਰੇ ਚ ਲੈ ਕੇ ਆਉਣ ਸੰਬੰਧੀ ਮੰਗਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ! ਉਹਨਾਂ ਵੱਲੋਂ ਆਈ.ਕੇ.ਜੀ ਪੀ.ਟੀ.ਯੂ ਦੇ ਉਪ-ਕੁਲਪਤੀ ਦੀ ਨਿਯੁਕਤੀ ਵੀ ਇਸੇ ਮਹੀਨੇ ਕਰਨ ਦੇ ਸੰਕੇਤ ਦਿੱਤੇ ਗਏ! ਉਹਨਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਾਹਿਬ ਦਾ ਜਿਕਰ ਕਰਦੇ ਹੋਏ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਦੇਸ਼ ਚ ਸੱਭ ਤੋਂ ਅੱਗੇ ਰੱਖਣ ਦਾ ਟੀਚਾ ਰੱਖਣ ਬਾਰੇ ਵੀ ਪੰਜਾਬ ਸਰਕਾਰ ਦਾ ਵਿਜ਼ਨ ਮੰਚ ਤੋਂ ਸਾਂਝਾ ਕੀਤਾ! ਇਸ ਮੌਕੇ ਯੂਨੀਵਰਸਿਟੀ ਦੀ ਖਾਸ ਪਹਿਚਾਨ ਵੱਖੋ-ਵੱਖ ਰਾਜਾਂ ਦੇ ਲੋਕ ਨਾਚ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ। ਪ੍ਰੋਗਰਾਮ ਦੌਰਾਨ ਯੂਨੀਵਰਸਿਟੀ ਦੇ ਸਾਰੇ ਡੀਨ ਅਤੇ ਉੱਚ ਅਧਿਕਾਰੀ ਸ਼ਾਮਿਲ ਰਹੇ। ਧੰਨਵਾਦ ਦਾ ਪ੍ਰਸਤਾਵ ਡੀਨ ਪੀ.ਐਂਡ.ਈ.ਪੀ ਡਾ.ਆਰ.ਪੀ.ਐਸ ਬੇਦੀ ਵੱਲੋਂ ਰੱਖਿਆ ਗਿਆ ਤੇ ਮੰਚ ਸੰਚਾਲਨ ਡਿਪਟੀ ਰਜਿਸਟਰਾਰ ਲੋਕ ਸੰਪਰਕ ਰਜਨੀਸ਼ ਸ਼ਰਮਾਂ ਵੱਲੋਂ ਕੀਤਾ ਗਿਆ।

# ਮਨਜੀਤ ਅਲੀਕਾ ਨੂੰ ਸ਼ਰਧਾਂਜਲੀਆਂ ਭੇਟ



**ਜਲੰਧਰ:( ਰਾਜੇਸ਼ ਥਾਪਾ)** ਅਲੀਕਾ ਵਿਖੇ ਸ਼ਹੀਦ ਭਗਤ ਸਿੰਘ ਨੌਜਵਾਨ ਹਰਿਆਣਾ ਦੇ ਸੂਬਾ ਕਮੇਟੀ ਮੈਂਬਰ ਸਾਥੀ ਮਨਜੀਤ ਅਲੀਕਾ ਦਾ ਸ਼ਰਧਾਂਜਲੀ ਸਮਾਗਮ ਸੰਪੰਨ ਹੋਇਆ। ਇਸ ਸਮੇਂ ਸਾਥੀ ਮਨਜੀਤ ਅਲੀਕਾ ਲਈ ਅੰਤਿਮ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਅੰਤਿਮ ਰਸਮਾਂ ਨਿਭਾਈਆਂ ਗਈਆਂ। ਇਸ ਸਮੇਂ ਬੋਲਦਿਆਂ ਨੌਜਵਾਨ ਸਭਾ ਦੇ ਜਨਰਲ ਸਕੱਤਰ ਸਾਥੀ ਧਰਮਿੰਦਰ ਨੇ ਕਿਹਾ ਕਿ ਭਾਵੇਂ ਅੱਜ ਸਾਡਾ ਸਾਥੀ ਸਰੀਰਕ ਤੌਰ ਉੱਪਰ ਸਾਡੇ ਕੋਲ ਨਹੀਂ ਰਿਹਾ ਪਰ ਸ਼ਹੀਦ ਭਗਤ ਸਿੰਘ ਦੇ ਦਰਸਾਏ ਮਾਰਗ ਉੱਤੇ ਚੱਲਣ ਕਰਕੇ ਅੱਜ ਉਹ ਅਮਰ ਹੋ ਗਿਆ । ਉਹ ਬਰਾਬਰਤਾ ਸਮਾਜ ਸਿਰਜਣ ਲਈ ਆਪਣੇ ਆਖਰੀ ਸਾਹਾਂ ਤੱਕ ਲੜਦਾ ਰਿਹਾ , ਉਸਨੇ ਆਪਣੇ ਇਲਾਕੇ ਦੇ ਨੌਜਵਾਨਾਂ ਅਤੇ ਮਜਦੂਰਾਂ ਲਈ ਦਿਨ ਰਾਤ ਸੰਘਰਸ਼ ਕੀਤਾ ਅਤੇ ਪਿਛਲੀਆਂ ਗ੍ਰਾਮ ਪੰਚਾਇਤ ਚੋਣਾਂ ਵਿੱਚ ਲੋਕ ਪੱਖੀ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦਾ ਉਮੀਦਵਾਰ ਜਿਤਾਉਣ ਲਈ ਸਖਤ ਬਿਮਾਰ ਹੁੰਦਿਆਂ ਹੋਇਆਂ ਵੀ ਦਿਨ ਰਾਤ ਇੱਕ ਕਰਕੇ ਪੰਚਾਇਤੀ ਚੋਣਾਂ ਜਿੱਤੀਆਂ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸਾਬਕਾ ਪ੍ਰਧਾਨ ਅਤੇ ਕਿਸਾਨ ਸੰਘਰਸ਼ ਸਮਿਤੀ ਹਰਿਆਣਾ ਦੇ ਪ੍ਰਧਾਨ ਮਨਦੀਪ ਨਥਵਾਨ ਨੇ ਕਿਹਾ ਕਿ ਮਨਜੀਤ ਅਲੀਕਾ ਵਰਗੇ ਨੌਜਵਾਨ ਸਮਾਜ ਵਿਚ ਜਮਾਤੀ ਸੰਘਰਸ਼ ਵਿਚ ਜੂਝਦੇ ਲੋਕਾਂ ਲਈ ਰਾਹ ਦਸੇਰਾ ਹਨ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਫਰੀਦਕੋਟ ਨੇ ਕਿਹਾ ਕਿ ਮਨਜੀਤ ਅਲੀਕਾ ਦੀ ਵਿਰਾਸਤ ਨੂੰ ਜਿੰਦਾ ਰੱਖਣ ਲਈ ਅਤੇ ਪੂਰੇ ਭਾਰਤ ਵਿਚ ਵਿੱਚ ਸਰਕਾਰ ਦੀਆਂ ਨਵ ਉਦਾਰਵਾਦੀ ਨੀਤੀਆਂ ਕਰਕੇ ਪੂਰੇ ਭਾਰਤ ਵਿਚ ਬਹੁਤ ਵੱਡੇ ਪੱਧਰ ਉੱਪਰ ਬੇਰੋਜਗਾਰੀ ਫੈਲ ਚੁੱਕੀ ਹੈ ਜਿਸ ਕਾਰਨ ਜਿੱਥੇ ਗਰੀਬ ਰੇਖਾ ਤੋਂ ਹੇਠਾਂ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਅਰਧ ਬੇਰੋਜਗਾਰੀ ਦੇ ਤਹਿਤ ਭਾਰਤ ਦਾ ਕਾਰਪੋਰੇਟ ਨੌਜਵਾਨ ਵਰਗ ਦੀ ਅੰਨ੍ਹੀ ਲੁੱਟ ਕਰ ਰਿਹਾ ਹੈ। ਜਿਸ ਕਾਰਨ ਜਿੱਥੇ ਆਰਥਿਕ ਸੰਕਟ ਤਾਂ ਪੈਦਾ ਹੋਇਆ ਹੀ ਹੈ ਨਾਲ ਦੀ ਨਾਲ ਸਮਾਜਕ ਤਣਾਅ ਪੈਦਾ ਹੋ ਚੁੱਕਾ ਹੈ । ਇਸ ਸਾਰੇ ਵਰਤਾਰੇ ਦੇ ਖਿਲਾਫ ਅਤੇ ਅੱਜ ਦੀ ਜਾਲਮ ਹਾਕਮ ਫਾਸ਼ੀਵਾਦੀ ਸਰਕਾਰ ਦੇ ਖਿਲਾਫ 24 ਮਈ ਨੂੰ ਵੱਡੇ ਐਕਸ਼ਨਾਂ ਦਾ ਐਲਾਨ ਕੀਤਾ ਜਾਵੇਗਾ। ਇਸੇ ਸਮੇਂ ਸਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਰਵਿੰਦਰ ਲੋਹਗੜ੍ਹ ਨੇ ਬੀਜੇਪੀ ਸਰਕਾਰ ਦੇ ਜਾਲਮ ਐਮ ਪੀ ਅਤੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਸਰਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ।

# ਤਰਕਸ਼ੀਲ ਪਰਵਾਰਕ ਮਿਲਣੀ 28 ਨੂੰ



**ਬਹਿਰਾਮ (ਅਵਤਾਰ ਕਲੇਰ)** ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਦੀ ਮੀਟਿੰਗ ਮਲਕੀਤ ਚੰਦ ਮੇਹਲੀ ਹਾਲ ਨਵਾਂਸ਼ਹਿਰ ਵਿਖੇ ਹੋਈ ਇਸ ਮੀਟਿੰਗ ਵਿੱਚ ਤਰਕਸ਼ੀਲ ਮੈਗਜੀਨ ਅੰਕ ਮਈ ਜੂਨ ਦੀ ਵੰਡ ਕੀਤੀ ਗਈ। ਸਰਗਰਮੀਆਂ ਸੰਬੰਧੀ ਵਿਚਾਰ ਚਰਚਾ ਕਰਦਿਆਂ ਫੈਸਲਾ ਕੀਤਾ ਗਿਆ ਕਿ ਰਾਹੋਂ ਵਿਖੇ ਤਰਕਸ਼ੀਲ ਪਰਵਾਰਕ ਮਿਲਣੀ 28 ਮਈ ਨੂੰ ਕੀਤੀ ਜਾਵੇਗੀ ਜਿਸ ਵਿੱਚ ਸਾਰੀਆਂ ਇਕਾਈਆਂ ਦੇ ਮੈਂਬਰ ਪਰਵਾਰਾਂ ਸਮੇਤ ਹਾਜਰ ਹੋਣਗੇ। ਇਸ ਮੌਕੇ ਸੁਸਾਇਟੀ ਦੇ ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ ਜੋਨ ਆਗੂਆਂ ਸੁਖਵਿੰਦਰ ਗੋਗਾ, ਮਾਸਟਰ ਜਗਦੀਸ਼, ਮੁਕੰਦ ਲਾਲ ਅਤੇ ਸੱਤਪਾਲ ਸਲੋਹ ਨੇ ਜੰਤਰ ਮੰਤਰ 'ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦੇ ਰਹੇ ਪਹਿਲਵਾਨਾਂ ਨੂੰ ਦਿੱਲੀ ਪੁਲਸ ਵਲੋਂ ਕੁੱਟ ਮਾਰ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰਨ ਅਤੇ ਧੱਕੇ ਨਾਲ ਧਰਨਾ ਖਤਮ ਕਰਵਾਉਣ ਦੀ ਗੈਰ ਕਾਨੂੰਨੀ ਅਤੇ ਤਾਨਾਸ਼ਾਹੀ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਦੋਸ਼ੀ ਪੁਲਸ ਮੁਲਾਜਮਾਂ ਅਤੇ ਅਧਿਕਾਰੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਅਤੇ ਮੁੱਖ ਮੁਲਜਮ ਬ੍ਰਿਜ ਭੂਸ਼ਨ ਅਤੇ ਹੋਰਨਾਂ ਮੁਲਜਮਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਸਜਾ ਦੇਣ ਦੀ ਜੋਰਦਾਰ ਮੰਗ ਕੀਤੀ ਹੈ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਸਕੂਲ ਦੀਆਂ ਪਾਠ ਪੁਸਤਕਾਂ ਵਿੱਚੋਂ ਪ੍ਰਸਿੱਧ ਜੀਵ ਵਿਗਿਆਨਕ ਚਾਰਲਸ ਡਾਰਵਿਨ ਦੇ ਲੇਖ ਕੱਢਣ ਦੀ ਵੀ ਸਖਤ ਨਿੰਦਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਹਿਬਾਜ ਪੁਰ, ਬਲਜੀਤ ਖਟਕੜ, ਮਾਸਟਰ ਨਰੇਸ ਭੰਮੀਆਂ ਅਤੇ ਸੁਖਵਿੰਦਰ ਸਿੰਘ, ਬਲਜਿੰਦਰ ਤਾਜ ਪੁਰ, ਹਰਜਿੰਦਰ ਸੂਨੀ, ਰਾਜ ਕੁਮਾਰ ਗੜ੍ਹਸ਼ੰਕਰ ਆਦਿ ਹਾਜਰ ਸਨ।

# ਸਤਾਈਆਂ ਦੇ ਸ਼ਹੀਦੀ ਜੋੜ ਮੇਲੇ ਮੌਕੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਮਹਾਨ ਸ਼ਹੀਦ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੀ ਯਾਦ 'ਚ ਸ਼ਹੀਦੀ ਜੋੜ ਮੇਲਾ ਸਤਾਈਆਂ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਸੰਤਾਂ ਮਹਾਂਪੁਰਸ਼ਾਂ, ਇਲਾਕਾ ਨਿਵਾਸੀ ਸੰਗਤਾਂ, ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਦੀ ਸੁਚੱਜੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਹੀਦੀ ਦਿਹਾੜੇ ਮੌਕੇ 25 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਕੁਲਵਿੰਦਰ ਸਿੰਘ ਅਰਦਾਸੀਏ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਅਰਦਾਸ ਕੀਤੀ। ਸੰਤ ਬਾਬਾ ਲੀਡਰ ਸਿੰਘ ਸੈਫਲਾਬਾਦ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਗੱਗੋਬੂਹਾ ਵਾਲੇ, ਸੰਤ ਬਾਬਾ ਗੁਰਰਾਜਪਾਲ ਸਿੰਘ ਅੰਮ੍ਰਿਤਸਰ ਵਾਲੇ, ਬਾਬਾ ਜੈ ਸਿੰਘ ਮਹਿਮਦਵਾਲ, ਨਿਰਮਲ ਦਾਸ ਬੂੜੇਵਾਲ, ਸੰਤ ਬਾਬਾ ਹਰਦੀਪ ਸਿੰਘ ਲਾਲੀ ਅੰਮ੍ਰਿਤਸਰ, ਬਾਬਾ ਅਜੀਤ ਸਿੰਘ ਭਾਗੋਬੁਢਾ, ਸੰਤ ਬਾਬਾ ਸਵਰਨ ਸਿੰਘ, ਸੰਤ ਬਾਬਾ ਇੰਦਰ ਸਿੰਘ ਹਜੂਰ ਸਾਹਿਬ, ਸੰਤ ਬਾਬਾ ਸੁਲੱਖਣ ਸਿੰਘ ਭਾਣੋਲੰਗਾ, ਬਾਬਾ ਬਲਵਿੰਦਰ ਸਿੰਘ ਆਦਿ ਸੰਤਾਂ ਮਹਾਂਪੁਰਸ਼ਾਂ ਸ਼ਿਰਕਤ ਕੀਤੀ। ਭਾਈ ਸਤਿੰਦਰਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦਮਦਮਾ ਸਾਹਿਬ, ਭਾਈ ਸਰੂਪ ਸਿੰਘ ਕਡਿਆਣਾ ਢਾਡੀ ਜਥਾ, ਸੁਖਵਿੰਦਰ ਸਿੰਘ ਅਨਮੋਲ, ਭਾਈ ਹਰਦੀਪ ਸਿੰਘ ਮਾਨੋਚਾਹਲ ਆਦਿ ਵੱਲੋਂ ਗੁਰਬਾਣੀ ਕੀਰਤਨ, ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਸਮਾਗਮ ਦੌਰਾਨ ਸੰਤਾਂ ਮਹਾਂਪੁਰਸਾਂ ਤੇ ਹੋਰ ਸ਼ਿਰਕਤ ਕਰਨ ਵਾਲੀਆਂ ਸਖਸੀਅਤਾਂ ਦਾ ਬਾਬਾ ਹਰਜੀਤ ਸਿੰਘ ਵੱਲੋਂ ਵਿਸੇਸ ਸਨਮਾਨ ਕੀਤਾ ਗਿਆ। ਭਾਈ ਇੰਦਰਜੀਤ ਸਿੰਘ ਸੈਕਟਰੀ ਵੱਲੋਂ ਸਟੇਜ ਦੀ ਸੇਵਾ ਬਾਖੂਬੀ ਨਿਭਾਈ। ਇਸ ਮੌਕੇ ਬ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ ਤੇ ਬੀਬੀ ਗੁਰਪ੍ਰੀਤ ਕੌਰ ਰੂਹੀ ਦੋਵੇਂ ਮੈਂਬਰ ਐਸਜੀਪੀਸੀ,ਭਾਈ ਹਰਜੀਤ ਸਿੰਘ ਇਟਾਵਾ, ਇੰਜ ਦਰਸ਼ਨ ਸਿੰਘ, ਜਥੇਦਾਰ ਦਿਲਬਾਗ ਸਿੰਘ ਗਿੱਲ, ਪ੍ਰਧਾਨ ਸੰਤੋਖ ਸਿੰਘ ਬਿਧੀਪੁਰ, ਗੁਰਪ੍ਰੀਤ ਸਿੰਘ ਗੋਪੀ ਫੱਤੂਢੀਂਗਾ, ਪ੍ਰਧਾਨ ਗੁਰਦਿਆਲ ਸਿੰਘ ਮੁਤੀ, ਮੁਖਤਾਰ ਸਿੰਘ ਚੰਦੀ, ਕਰਮਜੀਤ ਸਿੰਘ ਚੇਲਾ, ਬਲਵਿੰਦਰ ਸਿੰਘ ਧਾਲੀਵਾਲ, ਚਰਨ ਸਿੰਘ ਹੈਬਤਪੁਰ,ਐਸ ਡੀ ਓ ਸੁਖਦੇਵ ਸਿੰਘ ਟਿੱਬਾ,ਦਿਲਬਾਗ ਸਿੰਘ ਚੇਲਾ,ਸੁਖਵਿੰਦਰ ਸਿੰਘ ਸੈਂਦ, ਸਾਬਕਾ ਸਰਪੰਚ ਸਵਰਨ ਸਿੰਘ,ਚਰਨ ਸਿੰਘ ਦਰੀਏਵਾਲ, ਬਲਦੇਵ ਸਿੰਘ ਠੱਟਾ ਆੜ੍ਹਤੀ,ਡਾ ਅਮਨਪ੍ਰੀਤ ਸਿੰਘ ਅਮਨਪ੍ਰੀਤ ਹਸਪਤਾਲ, ਸੁਖਵਿੰਦਰ ਸਿੰਘ ਸਾਬਾ, ਬੀਬੀ ਸਤਵੰਤ ਕੌਰ ਜੰਮੂ, ਸੁਖਦੇਵ ਸਿੰਘ ਸੋਢੀ, ਸੁਖਵੰਤ ਸਿੰਘ, ਸੁਖਚੈਨ ਸਿੰਘ, ਜਥੇਦਾਰ ਸੂਬਾ ਸਿੰਘ ਠੱਟਾ, ਸੂਰਤ ਸਿੰਘ ਸਾਬਕਾ ਸਰਪੰਚ ਅਮਰਕੋਟ, ਹਰਮੀਤ ਸਿੰਘ, ਗੁਰਮੇਜ ਸਿੰਘ ਸੈਦਪੁਰ,ਮਾ ਦੇਸ ਰਾਜ,ਕੈਪਟਨ ਜਸਵਿੰਦਰ ਸਿੰਘ, ਮਾਸਟਰ ਬਲਬੀਰ ਸਿੰਘ, ਭਾਈ ਜੋਗਾ ਸਿੰਘ, ਭਾਈ ਨਿਰਮਲ ਸਿੰਘ,ਭਾਈ ਲਖਵਿੰਦਰ ਸਿੰਘ ਮੋਨੀ, ਭਾਈ ਕੁਲਵੰਤ ਸਿੰਘ, ਬਲਬੀਰ ਸਿੰਘ ,ਜੀਤ ਸਿੰਘ, ਸਾਬਕਾ ਡੀਐਸਪੀ ਬਚਨ ਸਿੰਘ ਮੁੱਤੀ, ਬੀਬੀ ਜਸਵਿੰਦਰ ਕੌਰ ਟਿੱਬਾ, ਜਸਬੀਰ ਸਿੰਘ ਡਡਵਿੰਡੀ, ਗਿਆਨ ਸਿੰਘ, ਜਗੀਰ ਸਿੰਘ, ਜੋਗਿੰਦਰ ਸਿੰਘ ਦੰਦੂਪੁਰ, ਬਲਜਿੰਦਰ ਸਿੰਘ ਦਰੀਏਵਾਲ, ਲਖਵੀਰ ਸਿੰਘ ਖਿੰਡਾ, ਜਥੇਦਾਰ ਬਲਬੀਰ ਸਿੰਘ ਸੈਦਪੁਰ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਮੇਹਰ ਚੰਦ ਪੋਲੀਟੈਕਨਿਕ ਵਿਖੇ ਵਿਦਿਆਰਥੀਆਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਆ



**ਜਲੰਧਰ (ਸ਼ੈਲੀ ਐਲਬਰਟ)** ਮੇਹਰਚੰਦ ਪੋਲੀਟੈਕਨਿਕ ਕਾਲਜ ਵਿਖੇ ਵਿਦਿਆਰਥੀਆਂ ਨੂੰ ਇਲੈਕਟ੍ਰਾਨਿਕ ਵੋਟ ਮਸ਼ੀਨ ਨਾਲ ਵੋਟ ਪਾਉਣ ਲਈ ਸਮਝਾਉਣ ਅਤੇ ਉਤਸਾਹਿਤ ਕਰਨ ਵਾਸਤੇ ਪ੍ਰਿੰਸੀਪਲ ਡਾਕਟਰ ਜਗਰੂਪ ਦੀ ਅਗਵਾਈ ਵਿਚ ਕਾਲਜ ਦੇ ਐਂਟਰੀ ਗੇਟ ਤੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਇਕ ਵਿਸ਼ਾਲ ਕੰਕਰੀਟ ਦੀ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਬਣਾਈ ਗਈ ਹੈ । ਪ੍ਰਿੰਸੀਪਲ ਜਗਰੂਪ ਸਿੰਘ ਨੇ ਕਿਹਾ ਕਿ ਇਸ ਮਸ਼ੀਨ ਨਾਲ ਸਬੰਧਤ ਤਿੰਨੇ ਹਿੱਸੇ- ਕੰਟਰੋਲ ਯੂਨਿਟ, ਬੈਲਟ ਯੂਨਿਟ ਅਤੇ ਵੀ ਵੀ ਪੈਟ ਯੂਨਿਟ ਦਰਸਾਏ ਗਏ ਹਨ। ਇਹ ਵਿਸ਼ਾਲ ਸਟੈਚੂ ਇਕ ਸੈਲਫੀ ਪੁਆਇੰਟ ਬਣ ਗਿਆ ਹੈ, ਜਿੱਥੇ ਵਿਦਿਆਰਥੀ ਚਾਅ ਨਾਲ ਫੋਟੋਆਂ ਖਿਚਦੇ ਹਨ ਅਤੇ ਵੋਟ ਪਾਉਣ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਇਸ ਮੌਕੇ ਰਾਕੇਸ਼ ਸ਼ਰਮਾ, ਗੁਰਮੀਤ ਕੌਰ, ਗੋਕੁਲ ਰਾਵਤ, ਰਾਜੀਵ ਸ਼ਰਮਾ, ਸ਼ਸ਼ੀ ਭੂਸ਼ਣ, ਮਲਕੀਤ ਭੱਟੀ ਤੇ ਹਰੀਪਾਲ ਨਾਗਰ ਸ਼ਾਮਲ ਸਨ।

# ਪਾਵਰਕਾਮ ਪੈਨਸ਼ਨਰ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਧਰਨਾ ਦੇਣਗੇ : ਇੰਜ: ਪ੍ਰੇਮ ਸਿੰਘ

**ਸਮਰਾਲਾ (ਸੁਰਜੀਤ ਸਿੰਘ)**

ਆਪਣੀਆਂ ਹੱਕੀ ਮੰਗਾਂ ਲਈ ਜੂਝਦੇ ਅਤੇ ਸਰਕਾਰੀ ਲਾਰਿਆਂ ਤੋਂ ਅੱਕੇ ਬਿਜਲੀ ਮਹਿਕਮੇ ਤੋਂ ਰਿਟਾਇਰ ਹੋਏ ਪੈਨਸ਼ਨਰਜ ਹੁਣ ਸਰਕਾਰ ਦੇ ਖਿਲਾਫ ਆਰ-ਪਾਰ ਦੀ ਲੜਾਈ ਦੇ ਰਸਤੇ ਤੇ ਆ ਗਏ ਹਨ। ਉਨ੍ਹਾਂ ਫੈਸਲਾ ਕੀਤਾ ਹੈ ਕਿ ਉਹ ਬਿਜਲੀ ਮੰਤਰੀ ਦੀ ਅੰਮ੍ਰਿਤਸਰ ਵਿਖੇ ਰਿਹਾਇਸ਼ 'ਤੇ ਧਰਨਾ ਦੇ ਕੇ ਆਪਣੀਆਂ ਮੰਗਾਂ ਸਬੰਧੀ ਰੋਸ ਮੁਜਾਹਰਾ ਕਰਨਗੇ। ਜੇਕਰ ਲੋੜ ਪਈ ਤਾਂ ਘੇਰਾਓ ਵੀ ਕਰਨਗੇ। ਇਹ ਐਲਾਨ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਮੰਡਲ ਸਮਰਾਲਾ ਦੇ ਪਾਵਰਕਾਮ ਪੈਨਸ਼ਨਰਾਂ ਦੀ ਮਹੀਨਾਵਾਰ ਹੋਈ ਮੀਟਿੰਗ ਦੌਰਾਨ ਇੰਜ: ਪ੍ਰੇਮ ਸਿੰਘ ਸਾਬਕਾ ਐਸ. ਡੀ. ਓ. ਨੇ ਕੀਤਾ। ਮੀਟਿੰਗ ਵਿੱਚ ਵਿਚਰੇ ਸਾਥੀ ਜਿਨ੍ਹਾਂ ਵਿੱਚ ਸੁਖਦੇਵ ਸਿੰਘ ਹਰਿਓਂ ਤੇ ਪ੍ਰੇਮ ਕੁਮਾਰ ਸਮਰਾਲਾ ਦੀ ਭਰਜਾਈ ਸ੍ਰੀਮਤੀ ਆਸ਼ਾ ਰਾਣੀ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ ।

ਸਕੱਤਰ ਇੰਜੀ. ਸੁਖਦਰਸ਼ਨ ਸਿੰਘ ਨੇ ਦੱਸਿਆ ਕਿ ਮੈਨੇਜਮੈਂਟ ਵੱਲੋਂ ਲੰਮੇ ਸਮੇਂ ਤੋਂ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਟਾਲਾ ਵੱਟਿਆ ਜਾ ਰਿਹਾ ਅਤੇ ਸਮਝੌਤੇ ਕਰਕੇ ਵੀ ਲਾਗੂ ਨਹੀਂ ਕੀਤੇ ਜਾ ਰਹੇ। ਮੀਟਿੰਗ ਵਿੱਚ ਮੰਗ ਕੀਤੀ ਕਿ ਪੇ ਸਕੇਲ 01-01-2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਦੇ ਪੇ ਸਕੇਲ 2.59 ਪ੍ਰਤੀਸ਼ਤ ਰਾਹੀ ਸੋਧੇ ਜਾਣ, 23 ਸਾਲਾ ਸਕੇਲ ਦਿੱਤਾ ਜਾਵੇ, ਮੈਡੀਕਲ ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ। ਮੈਡੀਕਲ ਭੱਤਾ ਘੱਟੋ-ਘੱਟ 2500 ਰੁਪਏ ਕੀਤਾ ਜਾਵੇ। ਬਿਜਲੀ ਵਰਤੋਂ ਦੀ ਰਿਆਇਤ ਤੇ ਮਹਿਗਾਈ ਭੱਤੇ ਦੀਆਂ ਕਿਸ਼ਤਾਂ ਦਾ ਬਕਾਇਆ ਜਲਦੀ ਜਾਰੀ ਕੀਤਾ ਜਾਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ 28 ਮਈ ਨੂੰ ਅੰਮ੍ਰਿਤਸਰ ਵਿਖੇ ਬਿਜਲੀ ਮੰਤਰੀ ਸ੍ਰੀ ਹਰਭਜਨ ਸਿੰਘ (ਈ.ਟੀ.ਓ) ਦੀ ਰਿਹਾਇਸ਼ ਵਿਖੇ ਪੰਜਾਬ ਪੱਧਰੀ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ, ਕਿਉਂਕਿ ਪਾਵਰਕਾਮ ਮੰਗਾਂ ਮੰਨਣ ਸਬੰਧੀ ਅਸਮਰਥਤਾ ਜ਼ਾਹਰ ਕਰਦੇ ਕਿਹਾ ਕਿ ਇਹ ਮੰਗਾਂ ਪੰਜਾਬ ਸਰਕਾਰ ਨਾਲ ਸਬੰਧਤ ਹਨ। ਪਾਵਰਕਾਮ ਪੈਨਸ਼ਨਰਾਂ ਨੇ ਅਪੀਲ ਕੀਤੀ ਕਿ ਬਿਜਲੀ ਮੰਤਰੀ ਜਲਦੀ ਇਨ੍ਹਾਂ ਮੰਗਾਂ ਤੇ ਗੌਰ ਕਰੇ ਅਤੇ ਜਾਇਜ ਮੰਗਾਂ ਨੂੰ ਲਾਗੂ ਕਰੇ, ਨਹੀਂ ਤਾਂ 28 ਮਈ ਨੂੰ ਉਨ੍ਹਾਂ ਰਿਹਾਇਸ਼ ਤੇ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ, ਜਿਸਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।



ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਮੰਡਲ ਦੀ ਮਹੀਨਾਵਾਰ ਮੀਟਿੰਗ ਦਾ ਦ੍ਰਿਸ਼।

ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਰਾਜਿੰਦਰਪਾਲ ਵਡੇਰਾ ਡਿਪਟੀ ਸੀ.ਏ.ਓ., ਜਗਤਾਰ ਸਿੰਘ ਪ੍ਰੈਸ ਸਕੱਤਰ, ਹਰਪਾਲ ਸਿੰਘ ਸਿਹਾਲਾ, ਭੁਪਿੰਦਰ ਸਿੰਘ ਚਹਿਲਾਂ, ਪ੍ਰੇਮ ਕੁਮਾਰ ਸਰਕਲ ਆਗੂ, ਸੁਰਜੀਤ ਵਿਸ਼ਾਦ, ਇੰਜ: ਦਰਸ਼ਨ ਸਿੰਘ ਖਜਾਨਚੀ, ਦਰਸ਼ਨ ਸਿੰਘ ਕੋਟਾਲਾ, ਕੁਲਵੰਤ ਸਿੰਘ ਜੱਗੀ ਆਦਿ ਨੇ ਸੰਬੋਧਨ ਕਰਦਿਆਂ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਜੇਕਰ ਸਰਕਾਰ ਨੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਆਉਣ ਵਾਲੀ 28 ਮਈ ਨੂੰ ਅੰਮ੍ਰਿਤਸਰ ਵਿਖੇ ਪਾਵਰਕਾਮ ਦੇ ਪੈਨਸ਼ਨਰ ਰੋਸ ਰੈਲੀ ਕਰਨ ਲਈ ਮਜਬੂਰ ਹੋਣਗੇ। ਸਟੇਜ ਸਕੱਤਰ ਦੀ ਭੂਮਿਕਾ ਇੰਜ: ਸੁਖਦਰਸ਼ਨ ਸਿੰਘ ਸਕੱਤਰ ਦੁਆਰਾ ਬਾਖੂਬੀ ਨਿਭਾਈ ਗਈ। ਅਖੀਰ ਇੰਜ: ਪ੍ਰੇਮ ਸਿੰਘ ਸਾਬਕਾ ਐਸ. ਡੀ. ਓ. ਨੇ ਧੰਨਵਾਦ ਕਰਦੇ ਹੋਏ ਪਾਵਰਕਾਮ ਦੇ ਪੈਨਸ਼ਨਰਾਂ ਨੂੰ 28 ਮਈ ਦੇ ਧਰਨੇ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ, ਜਿਸ ਸਬੰਧੀ ਸਮਰਾਲਾ ਤੋਂ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ।

## ਲੱਖਾਂ ਰੁਪਏ ਦੀ ਲੁੱਟ ਕਰਨ ਵਾਲੇ ਦੋ ਨੌਜਵਾਨਾਂ 'ਤੇ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਦਰ ਪੁਲਸ ਨੇ ਲੱਖਾਂ ਰੁਪਏ ਦੀ ਲੁੱਟ ਕਰਨ ਦੇ ਦੋਸ਼ ਹੇਠ ਦੋ ਨੌਜਵਾਨਾਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜੋਗਿੰਦਰ ਸਿੰਘ ਵਾਸੀ ਕਰਮਗੜ੍ਹ ਨੇ ਦੱਸਿਆ ਕਿ ਉਸਨੇ ਛਾਬੜਾ ਸੀਮੇਂਟ ਸਟੋਰ ਪਿੰਡ ਮਲੋਟ ਦੇ ਇੱਕ ਲੱਖ, 15 ਹਜ਼ਾਰ ਰੁਪਏ ਦੇਣੇ ਸਨ, ਕਿਉਂਕਿ ਉਸਦੇ ਮਿਸਤਰੀ ਲੱਗੇ ਹੋਏ ਸਨ ਤੇ ਉਹ ਸੀਮੇਂਟ ਇਸ ਫ਼ਰਮ ਤੋਂ ਖਰੀਦ ਕਰ ਰਿਹਾ ਸੀ। ਉਸਨੇ ਦੱਸਿਆ ਕਿ ਉਹ ਉਹ ਆਪਣੇ ਘਰੋਂ ਪਿੰਡ ਕਰਮਗੜ੍ਹ ਤੋਂ ਆਪਣੇ ਮੋਟਰਸਾਈਕਲ 'ਤੇ ਪੈਸੇ ਲੈ ਸੀਮੇਂਟ ਸਟੋਰ 'ਤੇ ਜਾ ਰਿਹਾ ਸੀ ਅਤੇ ਉਸਨੇ ਨਗਦੀ ਆਪਣੇ ਕੁੜਤੇ ਪਜ਼ਾਮੇ ਦੀ ਜੇਬ ਵਿਚ ਪਾਏ ਹੋਏ ਸਨ ਅਤੇ ਜਦੋਂ ਅਬੋਹਰ ਰੋਡ ਤਹਿਸੀਲ ਰੋਡ ਮਲੋਟ ਤੋਂ ਥੋੜ੍ਹਾ ਅੱਗੇ ਸ਼ਹਿਰ ਵਾਲੀ ਸਾਈਡ ਪਹੁੰਚਿਆ ਤਾਂ ਪਿੱਛੋਂ ਅਬੋਹਰ ਵਾਲੀ ਸਾਈਡ ਤੋਂ ਇੱਕ ਮੋਟਰਸਾਈਕਲ ਆਇਆ, ਜਿਸ 'ਤੇ ਸਵਾਰ ਨੌਜਵਾਨ ਇੱਕਦਮ ਉਸਦੀ ਜੇਬ ਵਿਚੋਂ ਝਪਟ ਮਾਰ ਕੇ ਉਸਦੀ ਜੇਬ ਪਾੜ ਕੇ ਨਗਦੀ ਲੈਕੇ ਫ਼ਰਾਰ ਹੋ ਗਏ। ਉਸਨੇ ਦੱਸਿਆ ਕਿ ਉਸਨੇ ਆਪਣਾ ਮੋਟਰਸਾਈਕਲ ਭਜਾ ਕੇ ਪਿੱਛੇ ਫੜਣ ਦੀ ਕੋਸ਼ਿਸ਼ ਕੀਤੀ ਤਾਂ ਉਹ ਮੋਟਰਸਾਈਕਲ ਤੇਜ਼ੀ ਨਾਲ ਭਜਾ ਕੇ ਲੈ ਗਏ। ਉਸਨੇ ਦੱਸਿਆ ਕਿ ਕਾਫ਼ੀ ਸਮਾਂ ਪੜਤਾਲ ਕਰਦਾ ਰਿਹਾ ਤਾਂ ਉਸਨੂੰ ਹੁਣ ਪਤਾ ਲੱਗਾ ਕਿ ਖੋਹ ਕਰਨ ਵਾਲੇ ਨੌਜਵਾਨ ਰਾਮ ਖੰਨਾ ਵਾਸੀ ਬਾਬਾ ਦੀਪ ਸਿੰਘ ਨਗਰ ਮਲੋਟ ਅਤੇ ਦਲਵੀਰ ਉਰਫ਼ ਬੋਨਾ ਵਾਸੀ ਬਾਬਾ ਦੀਪ ਸਿੰਘ ਨਗਰ ਮਲੋਟ ਨੇ ਕੀਤੀ ਹੈ, ਜਿਸ 'ਤੇ ਪੁਲਸ ਨੇ ਮੁਕੱਦਮਾ ਨੰ.34 ਧਾਰਾ 379ਬੀ, 34 ਆਈ.ਪੀ.ਸੀ. ਤਹਿਤ ਦਰਜ ਕਰਕੇ ਕਾਰਵਾਈ ਕਰਦੇ ਹੋਏ ਰਾਮ ਖੰਨਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਦੂਜੇ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ।

## ਰਫਿਊਜਲ ਕੇਸਾਂ ਲਈ ਵਰਦਾਨ ਸਾਬਤ ਹੋ ਰਹੀ ਗਲੋਬਲ ਫਲਾਇਰਜ਼ ਸੰਸਥਾ




**ਬੱਧਨੀ ਕਲਾਂ/ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਗਲੋਬਲ ਫਲਾਇਰਜ ਵਿਦੇਸ਼ ਵਿੱਚ ਪੜਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਤ ਹੋ ਰਹੀ ਹੈ, ਉਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਤੇ ਵਿਜ਼ਿਟਰ ਵੀਜੇ 'ਚ ਮੁਹਾਰਤ ਹਾਸਲ ਕਰ ਚੁੱਕੀ ਇਸ ਸੰਸਥਾ ਵੱਲੋਂ ਸੁਖਜਿੰਦਰ ਕੌਰ ਸਪੁੱਤਰੀ ਕੇਵਲ ਸਿੰਘ ਵਾਸੀ ਪਿੰਡ ਮੱਲਣ (ਸ੍ਰੀ ਮੁਕਤਸਰ ਸਾਹਿਬ) ਦਾ ਕਨੇਡਾ ਦਾ ਸਟੱਡੀ ਵੀਜ਼ਾ ਲਵਾਇਆ ਗਿਆ ਹੈ। ਸੰਸਥਾ 'ਚ ਆਉਣ ਤੋਂ ਪਹਿਲਾਂ 2 ਵਾਰ ਫਾਇਲ ਰਫਿਊਜ ਹੋ ਚੁੱਕੀ ਸੀ। ਐਮ ਡੀ ਰਜਤ ਪਲਤਾ ਨੇ ਦੱਸਿਆ ਕਿ ਮਿਹਨਤੀ ਤੇ ਤਜਰਬੇਕਾਰ ਸਟਾਫ ਸਦਕਾ ਸੁਖਜਿੰਦਰ ਕੌਰ ਨੇ ਵੀਜ਼ਾ ਪ੍ਰਾਪਤ ਕੀਤਾ ਤੇ ਨਾਲ ਹੀ ਦੱਸਿਆ ਕਿ ਸੰਸਥਾ ਵੱਲੋਂ ਕਾਨੂੰਨੀ ਤੇ ਪਾਰਦਰਸ਼ੀ ਤਰੀਕੇ ਨਾਲ ਫਾਇਲ ਤਿਆਰ ਕਰਕੇ ਹੀ ਕਨੇਡਾ, ਯੂ.ਕੇ, ਅਸਟ੍ਰੇਲੀਆ ਜਾਣ ਲਈ ਅੰਬੈਸੀ ਕੋਲ ਕੇਸ ਅਪਲਾਈ ਕੀਤਾ ਜਾਦਾ ਹੈ ਤਾਂ ਜੋ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਸੁਖਜਿੰਦਰ ਕੌਰ ਤੇ ਉਨ੍ਹਾਂ ਦੇ ਪਰਵਾਰ ਨਾਲ ਖੁਸ਼ੀ ਜਾਹਰ ਕਰਦਿਆਂ ਐਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ।

## ਮਜ਼ਦੂਰ ਵੱਲੋਂ ਆਰਥਕ ਤੰਗੀ ਕਾਰਨ ਖ਼ੁਦਕੁਸ਼ੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਮਹਿਲ ਖੁਰਦ (ਬਰਨਾਲਾ) ਵਿਖੇ ਸਵੇਰ ਸਮੇਂ ਇੱਕ ਮਜ਼ਦੂਰ ਵੱਲੋਂ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਆਰਥਿਕ ਤੰਗੀ ਕਾਰਨ ਖੁਦਕਸ਼ੀ ਕਰ ਲੈਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਕਮਲਜੀਤ ਸਿੰਘ ਗਿੱਲ ਅਨੁਸਾਰ ਸਵੇਰੇ 7 ਵਜੇ ਦੇ ਕਰੀਬ ਗ਼ਰੀਬ ਮਜ਼ਦੂਰ ਭੁਪਿੰਦਰ ਸਿੰਘ (44) ਪੁੱਤਰ ਬਿੱਕਰ ਸਿੰਘ ਵਾਸੀ ਮਹਿਲ ਖੁਰਦ, ਜੋ ਕਾਫ਼ੀ ਸਮੇਂ ਤੋਂ ਆਰਥਿਕ ਤੰਗੀ ਕਾਰਨ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਲੰਘ ਰਿਹਾ ਸੀ, ਨੇ ਆਪਣੇ ਘਰ ਛੱਤ ਵਾਲੇ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮਜ਼ਦੂਰ ਆਪਣੇ ਘਰ ਦਾ ਗੁਜ਼ਾਰਾ ਮਜ਼ਦੂਰੀ ਕਰਕੇ ਚਲਾ ਰਿਹਾ ਸੀ। ਮ੍ਰਿਤਕ ਆਪਣੇ ਪਿੱਛੇ ਪਤਨੀ, ਇੱਕ ਪੁੱਤਰ, ਇਕ ਪੁੱਤਰੀ ਸਮੇਤ ਸਾਰੇ ਪਰਵਾਰਕ ਮੈਂਬਰਾਂ ਨੂੰ ਰੋਂਦਾ ਛੱਡ ਗਿਆ ਹੈ। ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ, ਡਾ. ਅਮਰਜੀਤ ਸਿੰਘ ਕੁੱਕੂ, ਨੱਥਾ ਸਿੰਘ, ਗੁਰਦੇਵ ਸਿੰਘ ਮਹਿਲ ਖੁਰਦ ਨੇ ਪੀੜਤ ਮਜ਼ਦੂਰ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪੰਜਾਬ ਸਰਕਾਰ ਤੋਂ ਆਰਥਿਕ ਮਦਦ ਦੀ ਮੰਗ ਕੀਤੀ ਹੈ।



## ਕਾਤਰਾਂ

### ਮਾਤਾ ਦਰਸ਼ਨ ਕੌਰ ਪੱਤੀ ਝਾੜੋਂ ਨਮਿਤ ਭੋਗ ਭਲਕੇ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ ਕੁਲਦੀਪ ਅਤਰੀ)**-ਸਥਾਨਕ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਜੀ ਵਿਖੇ ਕਾਫੀ ਲੰਬੇ ਸਮੇਂ ਤੋਂ ਝਾੜੂ ਦੀ ਸੇਵਾ ਨਿਭਾਉਂਦੀ ਅਤੇ ਸਤਿਗੁਰ ਸਿੰਘ ਦੀ ਮਾਤਾ ਦਰਸ਼ਨ ਕੌਰ ਪੱਤੀ ਝਾੜੋਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀ ਮੌਤ 'ਤੇ ਸੰਤ ਸਮਾਜ ਮੰਡਲੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਉਦੈ ਸਿੰਘ ਲੌਂਗੋਵਾਲ, ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਦੇ ਮੈਨੇਜਰ ਮਨਪ੍ਰੀਤ ਸਿੰਘ, ਕਥਾਵਾਚਕ ਭਾਈ ਮਨਦੀਪ ਸਿੰਘ ਪਟਿਆਲੇ ਵਾਲੇ, ਭਾਈ ਧਨਵੰਤ ਸਿੰਘ ਤੋਂ ਇਲਾਵਾ ਹੋਰ ਸੇਵਾਦਾਰਾਂ ਵੱਲੋਂ ਮਾਤਾ ਦਰਸ਼ਨ ਕੌਰ ਦੀ ਮੌਤ 'ਤੇ ਵੱਡੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਨ੍ਹਾਂ ਦੀ ਆਤਮਿਕ ਸ਼ਾਂਤੀ ਨਮਿਤ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ 12 ਮਈ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਵਿਖੇ ਪਾਇਆ ਜਾਵੇਗਾ।

### ਪਹਿਲਾ ਕਵੀ ਸੰਮੇਲਨ 14 ਨੂੰ ਬੁਢਲਾਡਾ 'ਚ



**ਮਾਨਸਾ (ਪਮਾਰ)**-ਪੰਜਾਬੀ ਸਾਹਿਤ ਕਲਾ-ਮੰਚ ਰਜਿ. ਵੱਲੋਂ ਪਹਿਲਾ ਪੰਜਾਬ ਪੱਧਰੀ ਕਵੀ ਸੰਮੇਲਨ ਬੁਢਲਾਡਾ ਵਿਖੇ ਹਿਮਾਂਸ਼ੂ ਆਈਲੈਟਸ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ। ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ, ਉਪ ਪ੍ਰਧਾਨ ਰਜਿੰਦਰ ਵਰਮਾ ਮੋਨੀ ਨੇ ਦੱਸਿਆ ਕਿ ਇਸ ਕਵੀ ਸੰਮੇਲਨ ਵਿੱਚ ਨਵੇਂ ਕਵੀਆਂ ਦੀਆਂ ਕਵਿਤਾਵਾਂ ਨੂੰ ਉਭਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨ ਕਵਿਤਾ ਜਿਹੇ ਵਿਸ਼ਿਆਂ ਤੋਂ ਦੂਰ ਜਾ ਰਹੇ ਹਨ। ਕਵਿਤਾਵਾਂ, ਸਾਹਿਤ ਨਾਲ ਜੁੜਨਾ ਅੱਜ ਸਮੇਂ ਦੀ ਮੁੱਖ ਲੋੜ ਹੈ। ਮਾਤ ਭਾਸ਼ਾ ਜੇਕਰ ਅਸੀਂ ਪ੍ਰਫੁੱਲਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕਵਿਤਾ, ਗੀਤ-ਸੰਗੀਤ, ਭਾਸ਼ਣ ਮੁਕਾਬਲਿਆਂ ਨੂੰ ਪਹਿਲ ਦੇਣੀ ਹੀ ਪਵੇਗੀ। ਮੰਚ ਦੇ ਜਨਰਲ ਸਕੱਤਰ ਗੁਰਜੰਟ ਸਿੰਘ ਬੱਛੋਆਣਾ, ਅੰਗਰੇਜ਼ ਸਿੰਘ ਸਾਹਨੇਵਾਲੀ, ਸੁਭਾਸ਼ ਸਿੰਗਲਾ, ਹਿਮਾਂਸ਼ੂ ਬੁਢਲਾਡਾ ਨੇ ਦੱਸਿਆ ਕਿ ਇਸ ਕਵੀ ਸੰਮੇਲਨ ਦੌਰਾਨ ਨਵੇਂ ਕਵੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੰਮੇਲਨ ਦਾ ਮੁੱਖ ਮਕਸਦ ਨਵੇਂ ਵਿਦਿਆਰਥੀਆਂ ਨੂੰ ਕਵਿਤਾ ਦੇ ਵਿਸ਼ੇ ਨਾਲ ਜੋੜਨਾ ਹੋਵੇਗਾ।

### ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ਾਂ ਤਹਿਤ ਪਤੀ, ਸੱਸ ਤੇ ਨਣਦ ਵਿਰੁੱਧ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਵਿਆਹੁਤਾ ਲੜਕੀ ਦੀ ਸ਼ਿਕਾਇਤ 'ਤੇ ਮੂਲੇਪੁਰ ਪੁਲਸ ਵੱਲੋਂ ਉਸਦੇ ਪਤੀ, ਸੱਸ ਤੇ ਨਣਦ ਵਿਰੁੱਧ ਅ/ਧ 406,498 ਏ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਵਿਆਹੁਤਾ ਨੇ ਦੱਸਿਆ ਸੀ ਕਿ ਅਕਤੂਬਰ 2020 'ਚ ਉਸਦਾ ਵਿਆਹ ਕੁਲਦੀਪ ਸਿੰਘ ਵਾਸੀ ਪਿੰਡ ਟੌਹੜਾ ਨਾਲ ਹੋਇਆ ਸੀ, ਪਰ ਵਿਆਹ ਤੋਂ ਬਾਅਦ ਸਹੁਰੇ ਪਰਵਾਰ ਵੱਲੋਂ ਉਸਨੂੰ ਤੰਗ-ਪ੍ਰੇਸ਼ਾਨ ਕੀਤਾ ਜਾਣ ਲੱਗਾ ਤੇ ਦਸੰਬਰ 2022 'ਚ ਉਸਦੀ ਕੁੱਟਮਾਰ ਕਰਕੇ ਉਸਨੂੰ ਘਰੋਂ ਕੱਢ ਦਿੱਤਾ ਗਿਆ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਉਸਦਾ ਸਹੁਰਾ ਪਰਵਾਰ ਉਸ ਨੂੰ ਇਸ ਲਈ ਤੰਗ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਉਹ ਚਾਹੁੰਦੇ ਹਨ ਕਿ ਉਨਾਂ ਦੀ ਲੜਕੀ ਨੂੰ ਵਿਦੇਸ਼ ਭੇਜਣ ਲਈ ਚਾਹੀਦੀ ਰਕਮ ਉਹ ਉਨ੍ਹਾਂ ਨੂੰ ਆਪਣੇ ਪੇਕਿਆਂ ਤੋਂ ਲਿਆ ਕੇ ਦੇਵੇ, ਜਦੋਂ ਕਿ ਉਸ ਦੇ ਪੇਕੇ ਪਰਵਾਰ ਦੀ ਸਥਿਤੀ ਇਹ ਹੈ ਕਿ ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਤੇ ਉਸਦੀ ਮਾਤਾ ਬਜ਼ੁਰਗ ਹੈ ਤੇ ਉਸਦੇ ਵਿਆਹ ਦਾ ਖਰਚਾ ਵੀ ਉਸਦੇ ਚਾਚੇ ਅਤੇ ਹੋਰ ਰਿਸ਼ਤੇਦਾਰਾਂ ਵੱਲੋਂ ਰਲ ਕੇ ਕੀਤਾ ਗਿਆ ਸੀ। ਮੂਲੇਪੁਰ ਪੁਲਸ ਨੇ ਸ਼ਿਕਾਇਤਕਰਤਾ ਦੇ ਪਤੀ ਕੁਲਦੀਪ ਸਿੰਘ, ਸੱਸ ਹਰਵਿੰਦਰ ਕੌਰ ਤੇ ਨਣਦ ਸੁਖਪ੍ਰੀਤ ਕੌਰ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

### ਭੁੱਕੀ, ਨਸ਼ੀਲੀਆਂ ਗੋਲੀਆਂ ਤੇ ਸ਼ਰਾਬ ਸਮੇਤ 4 ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ 'ਚ 4 ਕਿੱਲੋ ਭੁੱਕੀ,300 ਨਸ਼ੇ ਦੀਆਂ ਗੋਲੀਆਂ ਅਤੇ 24 ਬੋਤਲਾਂ ਸ਼ਰਾਬ ਸਮੇਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੰਘੋਲ ਚੌਂਕੀ ਦੀ ਪੁਲਸ ਪਾਰਟੀ ਵੱਲੋਂ ਸੰਘੋਲ ਦੇ ਲਿਟਲ ਏਂਜਲ ਸਕੂਲ ਨਜ਼ਦੀਕ ਮਨਪ੍ਰੀਤ ਸਿੰਘ ਵਾਸੀ ਪਿੰਡ ਮਨਸੂਰਪੁਰ ਨੂੰ ਰੋਕਿਆ ਗਿਆ ਤੇ ਚੌਂਕੀ ਇੰਚਾਰਜ ਕੁਲਵਿੰਦਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਮਨਪ੍ਰੀਤ ਸਿੰਘ ਦੇ ਕਬਜ਼ੇ 'ਚੋਂ 4 ਕਿੱਲੋ ਭੁੱਕੀ ਬਰਾਮਦ ਹੋਣ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਹਰੀਪੁਰ ਸਾਈਡ ਤੋਂ ਸਕੂਟਰ 'ਤੇ ਸਵਾਰ ਹੋ ਕੇ ਆ ਰਹੇ ਦੋ ਵਿਅਕਤੀਆਂ ਦੀ ਅਮਲੋਹ ਪੁਲਸ ਵੱਲੋਂ ਦਾਣਾ ਮੰਡੀ ਨਜ਼ਦੀਕ ਰੋਕ ਕੇ ਤਲਾਸ਼ੀ ਲਈ ਗਈ ਤਾਂ ਗੁਲਸ਼ਨ ਕੁਮਾਰ ਵਾਸੀ ਪਿੰਡ ਮਾਨਗੜ੍ਹ ਅਤੇ ਰਾਜਿੰਦਰ ਸਿੰਘ ਵਾਸੀ ਅਮਲੋਹ ਦੇ ਕਬਜ਼ੇ 'ਚੋਂ 300 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ ਜਿਸ 'ਤੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਬਸੀ ਪਠਾਣਾਂ ਪੁਲਸ ਵੱਲੋਂ ਮੇਜਰ ਸਿੰਘ ਵਾਸੀ ਪਿੰਡ ਸਰਾਣ੍ਹਾ (ਰੂਪਨਗਰ) ਦੀ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ 'ਚੋਂ 24 ਬੋਤਲਾਂ ਗਦਰ ਸੰਤਰਾ ਸ਼ਰਾਬ ਦੀਆਂ ਬਰਾਮਦ ਹੋਈਆਂ ਜਿਸ 'ਤੇ ਉਸ ਵਿਰੁੱਧ ਥਾਣਾ ਬਸੀ ਪਠਾਣਾਂ ਵਿਖੇ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ।

# ਨਰਮੇ ਸੰਬੰਧੀ ਜਾਣਕਾਰੀ ਦੇਣ ਤੇ ਪਾਣੀ ਬੱਚਤ ਲਈ ਸਿਖਲਾਈ ਕੈਂਪ

**ਬਠਿੰਡਾ (ਬਖਤੌਰ ਢਿੱਲੋਂ)**

ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਮਿਆਰ ਦੀ ਸਮੱਸਿਆ ਰੋਕਣ ਵਿੱਚ ਕਿਸਾਨ ਘੱਟ ਪਾਣੀ ਨਾਲ ਪੈਦਾ ਕੀਤੀਆਂ ਜਾਣ ਵਾਲੀਆਂ ਫ਼ਸਲਾਂ ਦੀ ਬਿਜਾਈ ਕਰਕੇ ਸਹਾਈ ਹੋ ਸਕਦੇ ਹਨ। ਇਹ ਵਿਚਾਰ ਡਾ. ਜਗਪਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਬਲਾਕ ਬਠਿੰਡਾ ਨੇ ਪ੍ਰਗਟ ਕੀਤੇ। ਉਹ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਗੁਰਵਿੰਦਰ ਸਿੰਘ ਤੇ ਮੁੱਖ ਖੇਤੀਬਾੜੀ ਅਫਸਰ ਬਠਿੰਡਾ ਡਾ. ਦਿਲਬਾਗ ਸਿੰਘ ਹੀਰ ਦੇ ਦਿਸ਼ਾ-ਨਿਰਦੇਸ਼ਾਂ ਤੇ ਡਾ. ਬਲਜਿੰਦਰ ਸਿੰਘ ਖੇਤੀਬਾੜੀ ਬਲਾਕ ਅਫਸਰ ਬਠਿੰਡਾ ਦੀ ਦੇਖ-ਰੇਖ ਹੇਠ ਪਿੰਡ ਗਹਿਰੀ ਦੇਵੀ ਨਗਰ ਵਿਖੇ ਇੱਕ ਕਿਸਾਨ ਸਿਖਲਾਈ ਕੈਂਪ ਨੂੰ ਸੰਬੋਧਨ ਕਰ ਰਹੇ ਸਨ। ਡਾ. ਜਗਪਾਲ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਨਰਮੇ ਦੀ ਬਿਜਾਈ ਕਰਕੇ ਪਾਣੀ ਦੀ ਬੱਚਤ ਕਰਨ।

ਉਨ੍ਹਾਂ ਨਰਮੇ ਦੀ ਬਿਜਾਈ ਬਾਰੇ ਕਿਹਾ ਕਿ ਬਿਜਾਈ ਲਈ ਨਹਿਰੀ ਜਾਂ ਹੋਰ ਸਾਧਨ ਤੋਂ ਚੰਗੇ ਪਾਣੀ ਨਾਲ ਖੇਤ ਦੀ ਭਰਵੀਂ ਰੌਣੀ ਕਰਕੇ ਡੂੰਘੀ ਵਹਾਈ ਕਰਾਉਣ ਨਾਲ ਹਰ ਹਾਲਤ 15 ਮਈ ਤੱਕ ਬਿਜਾਈ ਮੁਕੰਮਲ ਕਰ ਲੈਣ। ਖਾਦ ਪ੍ਰਬੰਧਨ ਬਾਰੇ ਉਹਨਾਂ ਦੱਸਿਆ ਕਿ ਹਲਕੀਆਂ ਜ਼ਮੀਨਾਂ ਵਿੱਚ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼ ਤੇ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਖੇਤਾਂ ਦੇ ਆਲੇ ਦੁਆਲੇ ਤੋਂ ਨਦੀਨ ਜਿਵੇਂ ਤਾਂਦਲਾ, ਇੱਟ ਸਿੱਟ, ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ ਆਦਿ ਨਸ਼ਟ ਕਰਨ ਦਾ ਵੀ ਸੁਝਾਅ ਦਿੱਤਾ, ਜਿਸ ਨਾਲ ਚਿੱਟੀ ਮੱਖੀ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਉਨ੍ਹਾਂ ਫ਼ਸਲ ਨੂੰ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਬੀਜਣ ਦੀ ਸਲਾਹ ਦਿੱਤੀ। ਸ੍ਰੀ ਗੁਰਮਿਲਾਪ ਸਿੰਘ ਬਲਾਕ ਟੈਕਨਾਲੋਜੀ ਮੈਨੇਜਰ ਨੇ ਸਰਕਾਰ ਵੱਲੋਂ ਬੀਜ ਤੇ ਦਿੱਤੀ ਜਾਣ ਵਾਲੀ 33 ਫ਼ੀਸਦੀ ਸਬਸਿਡੀ ਲੈਣ ਲਈ ਅਪਲਾਈ ਕਰਨ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਸੁਝਾਅ ਦਿੱਤਾ ਕਿ ਉਹ ਵਿਭਾਗ ਵੱਲੋਂ ਨਰਮੇ ਦਾ ਮਨਜ਼ੂਰਸ਼ੁਦਾ ਬੀਜ ਹੀ ਖਰੀਦਣ 'ਤੇ ਪੱਕਾ ਬਿੱਲ 31 ਮਈ ਤੋਂ ਪਹਿਲਾਂ ਪਹਿਲਾਂ ਵਿਭਾਗ ਦੇ ਪੋਰਟਲ ਉੱਪਰ ਆਨਲਾਈਨ ਦਰਜ ਕਰਾ ਦੇਣ। ਉਹਨਾਂ ਦੱਸਿਆ ਕਿ ਇੱਕ ਕਿਸਾਨ 10 ਪੈਕਟਾਂ ਤੇ ਸਬਸਿਡੀ ਦਾ ਲਾਭ ਹਾਸਲ ਕਰ ਸਕਦਾ ਹੈ। ਇਸ ਮੌਕੇ ਸੁਪਰਵਾਈਜਰ ਗੁਰਸ਼ਰਨ ਕੌਰ, ਕਿਸਾਨ ਮਿੱਤਰ ਬਲਕਰਨ ਸਿੰਘ ਸਮੇਤ ਮੋਹਤਬਰ ਵਿਅਕਤੀ ਤੇ ਅਗਾਂਹਵਧੂ ਕਿਸਾਨ ਮੌਜੂਦ ਸਨ। ਕਿਸਾਨਾਂ ਨੂੰ ਨਰਮੇਂ ਸਬੰਧੀ ਲਿਟਰੇਚਰ ਵੀ ਵੰਡਿਆ ਗਿਆ।



# 200 ਲੋੜਵੰਦ ਪਰਵਾਰਾਂ ਨੂੰ ਮੁਫ਼ਤ ਰਾਸ਼ਨ ਤਕਸੀਮ

**ਸਮਾਣਾ (ਇਕਬਾਲ ਸਿੰਘ ਬੱਲ)**

ਸ਼ਾਮ ਸਮਾਜ ਸੇਵਾ ਆਸ਼ਰਮ ਵੱਲੋਂ ਪ੍ਰਧਾਨ ਮਦਨ ਲਾਲ ਪ੍ਰਦੇਸੀ ਦੀ ਪ੍ਰਧਾਨਗੀ 'ਚ 542 ਵੇਂ ਮੁਫਤ ਰਾਸ਼ਨ ਵੰਡ ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਸ਼੍ਰੀ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਪ੍ਰਧਾਨ ਡਾ: ਮਦਨ ਮਿੱਤਲ ਨੇ ਸ਼ਮੂਲੀਅਤ ਕੀਤੀ, ਜਦੋਂ ਕਿ ਵਿਸ਼ੇਸ਼ ਮਹਿਮਾਨ ਵਜੋਂ ਉਦਯੋਗਪਤੀ ਵਿਜੇ ਕੁਮਾਰ ਸਿੰਗਲਾ, ਉਨ੍ਹਾਂ ਦੀ ਧਰਮ ਪਤਨੀ ਸੰਤੋਸ਼ ਸਿੰਗਲਾ, ਅਜੇ ਬਾਂਸਲ ਗੁਪਤਾ ਥਰੈਡ, ਬੀ.ਕੇ. ਗੁਪਤਾ, ਰਾਜਿੰਦਰ ਗੁਪਤਾ ਚਾਨਣ ਸਾੜ੍ਹੀ ਵਾਲੇ, ਪਵਨ ਗਰਗ ਵੜੈਚਾਂ ਵਾਲੇ, ਸੁਰੇਸ਼ ਕੁਮਾਰ ਲਕਸ਼ਮੀ ਰਾਈਸ ਵਾਲੇ, ਪ੍ਰਸ਼ੋਤਮ ਦਾਸ ਜਾਨਕੀ ਰਾਈਸ ਵਾਲੇ ਸ਼ਾਮਲ ਸਨ, ਜਿਨ੍ਹਾਂ ਹਰ ਮਹੀਨੇ ਰਾਸ਼ਨ ਪ੍ਰਾਪਤ ਕਰਨ ਵਾਲੇ 200 ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਤਕਸੀਮ ਕਰਨ ਦੀ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਮਦਨ ਮਿੱਤਲ ਨੇ ਪਿਛਲੇ 45 ਸਾਲਾਂ ਤੋਂ ਹਰ ਮਹੀਨੇ ਲਗਾਤਾਰ ਸੰਸਥਾ ਵੱਲੋਂ ਜ਼ਰੂਰਤਮੰਦ ਪਰਵਾਰਾਂ ਦੀ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ। ਸਮਾਰੋਹ ਦੌਰਾਨ ਮਦਨ ਲਾਲ ਪ੍ਰਦੇਸੀ ਨੇ ਕਿਹਾ ਕਿ ਦਾਨਵੀਰਾਂ ਦੇ ਸਹਿਯੋਗ ਸਦਕਾ ਇਸ ਸੇਵਾ ਦੇ ਕਾਰਜ ਨੂੰ ਚਲਾਉਣ ਵਿੱਚ ਸਫ਼ਲ ਹੋਏ ਹਨ। ਉਨ੍ਹਾਂ ਪਿਛਲੇ 45 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਸਹਿਯੋਗ ਦੇ ਰਹੇ ਦਾਨੀ ਸਜਣਾ ਦਾ ਧੰਨਵਾਦ ਕੀਤਾ। ਸੰਸਥਾ ਪ੍ਰਧਾਨ ਪ੍ਰਦੇਸੀ ਨੇ ਸੰਸਥਾ ਤੇ ਪਦਮਸ੍ਰੀ ਵਿਜੇ ਚੋਪੜਾ ਦਾ ਅਸ਼ੀਰਵਾਦ ਦੱਸਿਆ ਤੇ ਕਿਹਾ ਕਿ ਉਨ੍ਹਾਂ ਦੀ ਪ੍ਰੇਰਣਾ ਨਾਲ ਹੀ ਉਹ ਸਮਾਜ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਸ਼ਰਮ 'ਚ ਹਰ ਬੁਧਵਾਰ ਨੂੰ ਔਰਤਾਂ ਕੀਰਤਨ ਕਰਦੀਆਂ ਹਨ ਤੇ ਘੜੀ-ਚੌਲ਼ ਦਾ ਲੰਗਰ ਚਲਾਇਆ ਜਾਂਦਾ ਹੈ।



## ਵਧ ਰਹੀ .ਗਰਮੀ ਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ

**ਸੰਗਰੂਰ (ਪ੍ਰਵੀਨ ਸਿੰਘ)**-ਵਧ ਰਹੀ ਗਰਮੀ ਤੇ ਤਾਪਮਾਨ ਵਿੱਚ ਰੋਜ਼ਾਨਾ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ ਲੋਕਾਂ ਨੂੰ ਗ਼ਰਮੀ ਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਸਿਹਤ ਵਿਭਾਗ ਵੱਲੋਂ ਜਾਰੀ ਅਡਵਾਇਜਰੀ ਦਾ ਜ਼ਿਕਰ ਕਰਦਿਆਂ ਸਿਵਲ ਸਰਜਨ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ 40 ਡਿਗਰੀ ਤੋਂ ਵੱਧ ਤਾਪਮਾਨ ਹੋ ਜਾਣ ਕਾਰਨ ਲੂ ਦੀ ਸਥਿਤੀ ਬਣ ਜਾਂਦੀ ਹੈ ਜੋ ਸਰੀਰ ਦੇ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦੀ ਹੈ ਤੇ ਗ਼ਰਮੀ ਨਾਲ ਸਬੰਧਤ ਬਿਮਾਰੀਆਂ ਦਾ ਕਾਰਨ ਬਣਦੀ ਹੈ।

ਉਨ੍ਹਾਂ ਕਿਹਾ ਕਿ ਨਵਜੰਮੇ ਤੇ ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਵਿਅਕਤੀ, ਮਜਦੂਰੀ ਕਰਨ ਵਾਲੇ ਅਤੇ ਉਹ ਲੋਕ ਜੋ ਸਰੀਰਕ ਤੌਰ 'ਤੇ ਬਿਮਾਰ ਹਨ, ਖਾਸ ਕਰ ਦਿਲ ਦੀ ਬੀਮਾਰੀ ਜਾਂ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ, ਉਨ੍ਹਾਂ ਨੂੰ ਲੂ ਦਾ ਵਧੇਰੇ ਜ਼ੋਖ਼ਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੂ ਦੌਰਾਨ ਸਾਨੂੰ ਆਪਣੇ ਖਾਣ-ਪੀਣ ਦਾ ਵਧੇਰੇ ਧਿਆਨ ਰੱਖਣਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਤੇ ਮੌਸਮੀ ਫ਼ਲ ਜਿਵੇਂ ਖਰਬੂਜ਼ਾ, ਤਰਬੂਜ਼, ਅੰਗੂਰ, ਲੀਚੀ, ਖੀਰਾ, ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਵਧੇਰੇ ਮਾਤਰਾ ਹੁੰਦੀ ਹੈ। ਡਾ. ਪਰਮਿੰਦਰ ਕੌਰ ਨੇ ਲੂ ਤੋਂ ਬਚਾਅ ਸਬੰਧੀ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਬਾਹਰਲੇ ਕੰਮ ਸਵੇਰੇ ਤੇ ਸ਼ਾਮ ਨੂੰ ਹੀ ਕੀਤੇ ਜਾਣ, ਧੁੱਪ ਵਿੱਚ ਖਾਸ ਕਰ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਨਾ ਜਾਇਆ ਜਾਵੇ, ਜੇਕਰ ਜਾਣਾ ਜ਼ਿਆਦਾ ਜ਼ਰੂਰੀ ਹੋਵੇ ਤਾਂ ਪਾਣੀ ਨਾਲ ਲੈ ਕੇ ਜ਼ਰੂਰ ਜਾਓ ਤੇ ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਪਾਣੀ ਜ਼ਰੂਰ ਪੀਓ। ਉਨ੍ਹਾਂ ਕਿਹਾ ਕਿ ਧੁੱਪ ਤੋਂ ਬਚਾਅ ਲਈ ਛੱਤਰੀ, ਟੋਪੀ, ਕਾਲੀਆਂ ਐਨਕਾਂ ਤੇ ਤੌਲੀਏ ਆਦਿ ਦੀ ਵਰਤੋਂ ਕੀਤੀ ਜਾਵੇ ਤੇ ਹਲਕੇ ਰੰਗ ਦੇ ਸੂਤੀ ਤੇ ਢਿੱਲੇ ਕੱਪੜੇ ਪਾਏ ਜਾਣ। ਸ਼ਰਾਬ, ਚਾਹ, ਕੌਫ਼ੀ, ਤਲੀਆਂ ਹੋਈਆਂ ਚੀਜ਼ਾਂ ਆਦਿ ਤੋਂ ਗੁਰੇਜ਼ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਸਰੀਰ ਦਾ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਹੋਣਾ, ਬਹੁਤ ਤੇਜ਼ ਸਿਰ ਦਰਦ, ਬੇਚੈਨੀ, ਚੱਕਰ ਆਉਣਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਜੀਅ ਕੱਚਾ ਹੋਣਾ ਤੇ ਉਲਟੀ ਆਉਣਾ ਆਦਿ ਲੂ ਲੱਗਣ ਦੇ ਲੱਛਣ ਹਨ। ਅਜਿਹੇ ਲੱਛਣ ਦਿਖਾਈ ਦੇਣ 'ਤੇ ਪ੍ਰਭਾਵਤ ਵਿਅਕਤੀ ਨੂੰ ਤੁਰੰਤ ਨਜ਼ਦੀਕੀ ਸਿਹਤ ਕੇਂਦਰ 'ਤੇ ਜਾ ਕੇ ਜਾਂਚ ਕਰਾਉਣੀ ਚਾਹੀਦੀ ਹੈ।

## ਦਸਮੇਸ਼ ਸਕੂਲ ਦੇ ਵਿਦਿਆਰਥੀਆਂ ਨੇ ਜੇ ਈ ਈ ਮੇਨਜ ਪ੍ਰੀਖਿਆ 'ਚ ਚੰਗੀ ਪੁਜੀਸ਼ਨ ਕੀਤੀ ਹਾਸਲ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਦਸਮੇਸ਼ ਪਬਲਿਕ ਸਕੂਲ ਦੇ 7 ਵਿਦਿਆਰਥੀਆਂ ਨੇ ਰਾਸ਼ਟਰੀ ਪ੍ਰੀਖਿਆ ਜੇਈਈ ਮੇਨ 'ਚ ਚੰਗੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਸਕੂਲ ਦੇ ਵਿਦਿਆਰਥੀਆਂ ਗੁਰਕਰਨਬੀਰ ਸਿੰਘ, ਸੁਜਾਨ, ਮਨਮੁਖ, ਨਿਤਿਨ, ਨਮੀ, ਸਗੁਨ ਤੇ ਖੁਸ਼ੀ ਨੇ ਰਾਸ਼ਟਰੀ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਕੇ ਜੇ.ਈ.ਈ. ਵਿੱਚ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਅਪੂਰਵਾ ਦੇਵਗਨ ਤੇ ਸੀਨੀਅਰ ਸੈਕੰਡਰੀ ਕੋਆਰਡੀਨੇਟਰ ਰਾਕੇਸ ਧਵਨ ਨੇ ਦੱਸਿਆ ਕਿ ਗੁਰਨਬੀਰ ਸਿੰਘ ਤੇ ਸੁਜਲ ਨੇ ਕ੍ਰਮਵਾਰ 99.14 ਫੀਸਦੀ ਅੰਕ ਪ੍ਰਾਪਤ ਕਰਕੇ ਚੰਗਾ ਸਥਾਨ ਹਾਸਲ ਕੀਤਾ। ਡਾਇਰੈਕਟਰ ਜਨਰਲ ਜਸਬੀਰ ਸਿੰਘ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ।

## ਰਵਿੰਦਰ ਨਾਥ ਟੈਗੋਰ ਦਾ ਜਨਮ ਦਿਨ ਮਨਾਇਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)**-ਇਲਾਕੇ ਦੀ ਸਿਰਕੱਢ ਵਿਦਿਅਕ ਸੰਸਥਾ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਵਿਖੇ ਸ੍ਰੀ ਰਵਿੰਦਰ ਨਾਥ ਟੈਗੋਰ ਦਾ ਜਨਮ ਦਿਨ ਮਨਾਇਆ ਗਿਆ। ਸਕੂਲ ਵਿੱਚ ਸਵੇਰ ਦੇ ਸਮੇਂ ਵਿਸ਼ੇਸ਼ ਪ੍ਰਾਰਥਨਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਭਾਸ਼ਣ ਕਵਿਤਾਵਾਂ ਅਤੇ ਦੇਸ਼ ਭਗਤੀ ਦੇ ਗੀਤ ਗਾਏ ਗਏ।

ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਹਿੰਦੀ ਭਾਸ਼ਾ ਦੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਏ ਗਏ ਅਤੇ ਦੂਸਰੀ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਡਰਾਇੰਗ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ ਦੇ ਵੱਖ-ਵੱਖ ਖੇਡ ਮੁਕਾਬਲੇ ਵੀ ਕਰਵਾਏ ਗਏ। ਜੇਤੂ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੇਂਟ ਮੈਂਬਰ ਗੋਬਿੰਦ ਸਿੰਘ ਗਿੱਲ, ਕੁਲਦੀਪ ਸਿੰਘ ਮੰਡੇਰਾ, ਜਤਿੰਦਰ ਰਿਸ਼ੀ ਤੇ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਕੌਰ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਸਮੂਹ ਵਿਦਿਆਰਥੀਆਂ ਨੂੰ ਰਵਿੰਦਰ ਨਾਥ ਟੈਗੋਰ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ।

# ਡੀ ਸੀ ਸ਼ੇਰਗਿੱਲ ਨੇ ਸੀਨੀਅਰ ਸਿਟੀਜ਼ਨਾਂ ਦੀ ਭਲਾਈ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਕੀਤੀ ਮੀਟਿੰਗ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹੇ ਦੇ 43832 ਬਜ਼ੁਰਗਾਂ ਨੂੰ ਅਪ੍ਰੈਲ-2023 ਦੀ ਪੈਨਸ਼ਨ ਵਜੋਂ 6 ਕਰੋੜ 57 ਲੱਖ 48 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਜਦੋਂ ਕਿ 13493 ਵਿਧਵਾ ਤੇ ਨਿਆਸਰਿਤ ਔਰਤਾਂ ਨੂੰ ਪੈਨਸ਼ਨ ਵਜੋਂ 2 ਕਰੋੜ 02 ਲੱਖ 39 ਹਜ਼ਾਰ 500 ਰੁਪਏ ਦਿੱਤੇ ਗਏ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੀਨੀਅਰ ਸਿਟੀਜ਼ਨਾਂ ਦੀ ਦੇਖਭਾਲ ਲਈ ਬਣਾਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਉਨ੍ਹਾ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਹਸਪਤਾਲਾਂ ਅੰਦਰ ਆਉਣ ਵਾਲੇ ਸੀਨੀਅਰ ਸਿਟੀਜ਼ਨਾਂ ਨੂੰ ਪਹਿਲ ਦੇ ਅਧਾਰ 'ਤੇ ਚੈੱਕ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਬਹੁਤਾ ਸਮਾਂ ਲਾਈਨਾਂ ਵਿੱਚ ਲੱਗਣਾ ਨਾ ਪਵੇ। ਡਿਪਟੀ ਕਮਿਸ਼ਨਰ ਨੇ ਸਹਾਇਕ ਸਿਵਲ ਸਰਜਨ ਡਾ: ਸਵਪਨਦੀਪ ਕੌਰ ਨੂੰ ਕਿਹਾ ਕਿ ਸਰਕਾਰ ਵੱਲੋਂ ਸੀਨੀਅਰ ਸਿਟੀਜਨਾਂ ਨੂੰ ਹੈਲਥ ਅਤੇ ਮੈਡੀਕਲ ਕੇਅਰ ਲਈ ਦਿੱਤੀਆ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਵਾਇਆ ਜਾਵੇ ਤਾਂ ਜੋ ਜ਼ਿਲ੍ਹੇ ਦੇ ਸੀਨੀਅਰ ਸਿਟੀਜਨਾਂ ਇਨ੍ਹਾਂ ਸਕੀਮਾਂ ਦਾ ਲਾਭ ਲੈ ਸਕਣ। ਉਨ੍ਹਾ ਇਹ ਵੀ ਕਿਹਾ ਕਿ ਜ਼ਿਲ੍ਹੇ ਵਿੱਚ ਬਣੇ ਓਲਡ ਏਜ ਹੋਮ ਵਿੱਚ ਲੋੜ ਅਨੁਸਾਰ ਡਾਕਟਰ ਅਤੇ ਹੋਰ ਸਟਾਫ ਦੀਆਂ ਡਿਊਟੀਆਂ ਲਗਾਈਆਂ ਜਾਣ ਤਾਂ ਜੋ ਬਜ਼ੁਰਗਾਂ ਨੂੰ ਬਿਹਤਰ ਸਿਹਤ ਸੇਵਾਵਾਂ ਦਾ ਲਾਭ ਮਿਲ ਸਕੇ। ਸ਼ੇਰਗਿੱਲ ਨੇ ਪੇਂਡੂ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪਿੰਡਾਂ ਵਿੱਚ ਹੋਣ ਵਾਲੀਆਂ ਗ੍ਰਾਮ ਸਭਾਵਾਂ ਵਿੱਚ ਸਿਨੀਅਰ ਸਿਟੀਜ਼ਨ ਐਕਟ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਜੋ ਪਿੰਡਾਂ ਦੇ ਬਜ਼ੁਰਗ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਸਕਣ। ਉਨ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ 5 ਲੱਖ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਓਲਡ ਏਜ ਹੋਮ ਬਾਰੇ ਵੀ ਅਹਿਮ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਵਿੱਚ ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਜੋਬਨਦੀਪ ਕੌਰ, ਓਲਡ ਏਜ ਹੋਮ ਬਸੀ ਪਠਾਣਾ ਦੇ ਪ੍ਰਧਾਨ ਸੁਨੀਲ ਰੈਣਾ, ਰਾਮ ਨਾਥ ਸ਼ਰਮਾ, ਅਸ਼ੋਕ ਸੂਦ, ਕੇ.ਕੇ. ਵਰਮਾ, ਦਿਲਬਾਗ ਸਿੰਘ, ਗੁਰਵਿੰਦਰ ਸਿੰਘ ਸੋਨੀ, ਮਨਮੋਹਨ ਜਰਗਰ ਤੋਂ ਇਲਾਵਾ ਹੋਰ ਅਧਿਕਾਰੀ ਤੇ ਕਮੇਟੀ ਮੈਂਬਰ ਹਾਜ਼ਰ ਸਨ।



ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ।

# ਮਿਸ ਏਕਤਾ ਉੱਪਲ ਨੇ 2 ਮਿਡੀਏਸ਼ਨ ਕੇਸ ਸੈਟਲ ਕਰਵਾਏ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਿਸ ਏਕਤਾ ਉੱਪਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ 2 ਮਿਡੀਏਸ਼ਨ ਕੇਸ ਸੈਟਲ ਕਰਵਾਏ ਗਏ। ਇਹ ਦੋਵੇਂ ਕੇਸ ਦੁਕਾਨ ਦੇ ਕਬਜ਼ੇ ਨੂੰ ਲੈ ਕੇ ਦੋਵਾਂ ਧਿਰਾਂ ਵੱਲੋਂ ਇੱਕ ਦੂਜੀ ਧਿਰ 'ਤੇ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਪਹਿਲੇ ਕੇਸ ਦੇ ਵੇਰਵੇ ਵਿੱਚ ਪੁਲਕਿਤ ਕਾਲੀਆ ਬਨਾਮ ਸੁਨੀਲ ਕੁਮਾਰ ਸਨ।ਇਹ ਕਿ ਇਸ ਕੇਸ ਵਿੱਚ ਇਹ ਕਿ ਪੁਲਕਿਤ ਕਾਲੀਆ ਦੀ ਫਿਰੋਜ਼ਪੁਰ ਕੈਂਟ ਵਿਖੇ ਇੱਕ ਦੁਕਾਨ ਸੀ, ਜੋ ਕਿ ਸੁਨੀਲ ਕੁਮਾਰ ਆਪਣੇ ਕਾਰੋਬਾਰ ਵਜੋਂ ਵਰਤ ਰਿਹਾ ਸੀ।ਇਸ ਦੇ ਉਲਟ ਸੁਨੀਲ ਕੁਮਾਰ ਵੱਲੋਂ ਪੁਲਕਿਤ ਕਾਲੀਆ ਉੱਪਰ ਪੈਸੇ ਲੈਣ ਦਾ ਕੇਸ ਕੀਤਾ ਹੋਇਆ ਸੀ।ਇਸ ਦੇ ਸਿੱਟੇ ਵਜੋਂ ਇਹ ਕੇਸ ਮਿਡੀਏਸ਼ਨ ਸੈਂਟਰ, ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵਿਖੇ ਲਗਾਇਆ ਗਿਆ।ਇਸ ਵਿੱਚ ਸੀਜੇਐੱਮ ਮਿਸ ਏਕਤਾ ਉੱਪਲ ਨੇ ਦੋਵਾਂ ਪਾਰਟੀਆਂ ਨੂੰ ਸੰਮਨ ਕਰਕੇ ਆਪਣੇ ਦਫ਼ਤਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ।ਇਸ ਤੋਂ ਬਾਅਦ ਜੱਜ ਨੇ ਦੋਵਾਂ ਪਾਰਟੀਆਂ ਨੂੰ ਵੱਖਰੇ ਵੱਖਰੇ ਕਰਕੇ ਆਪਣੇ ਦਫ਼ਤਰ ਬੁਲਾ ਕੇ ਸੁਣਿਆ।ਫਿਰ ਇਸ ਕੇਸ ਦੀ ਪੂਰੀ ਕਹਾਣੀ ਸਮਝ ਕੇ ਇਨ੍ਹਾਂ ਪਾਰਟੀਆਂ ਦਾ ਰਾਜ਼ੀਨਾਮਾ ਕਰਵਾਇਆ ਗਿਆ।ਇਸ ਰਾਜ਼ੀਨਾਮੇ ਵਿੱਚ ਇਹ ਤੈਅ ਕੀਤਾ ਗਿਆ ਕਿ ਪੁਲਕਿਤ ਕਾਲੀਆ ਵੱਲੋਂ ਸੁਨੀਲ ਕੁਮਾਰ ਵੱਲੋਂ ਲਏ ਪੈਸੇ 1 ਲੱਖ 92 ਹਜ਼ਾਰ ਰੁਪਏ ਮੋੜਨ ਦੀ ਸੂਰਤ ਵਿੱਚ ਰਾਜ਼ੀਨਾਮਾ ਕਰਵਾਇਆ ਗਿਆ।ਇਸੇ ਲੜੀ ਦੇ ਦੂਜੇ ਕੇਸ ਵਿੱਚ ਸੁਨੀਲ ਕੁਮਾਰ ਵੱਲੋਂ ਪੈਸੇ ਮਿਲਣ ਉਪਰੰਤ ਤੁਰੰਤ ਪੁਲਕਿਤ ਕਾਲੀਆ ਦੀ ਦੁਕਾਨ ਖਾਲੀ ਕਰਨ ਦੀ ਸਹਿਮਤੀ ਨਾਲ ਰਾਜ਼ੀਨਾਮਾ ਕਰਵਾਇਆ ਗਿਆ।ਇਸ ਤੋਂ ਬਾਅਦ ਇਨ੍ਹਾਂ ਦੋਵਾਂ ਪਾਰਟੀਆਂ ਵੱਲੋਂ ਜੱਜ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਤਰ੍ਹਾਂ ਮਾਨਯੋਗ ਸੀਜੇਐੱਮ ਮਿਸ ਏਕਤਾ ਉੱਪਲ ਆਪਣੇ ਸਦ ਯਤਨਾਂ ਨਾਲ ਲਗਾਤਾਰ ਮਿਡੀਏਸ਼ਨ ਸੈਂਟਰ ਵਿੱਚ ਵੀ ਕਾਫੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਕਰ ਰਹੇ ਹਨ ।



ਮਿਸ ਏਕਤਾ ਉੱਪਲ ਮਿਡੀਏਸ਼ਨ ਕੇਸ ਸੈਟਲ ਕਰਵਾਉਂਦੇ ਹੋਏ।

# ਅੰਤਰਰਾਸ਼ਟਰੀ ਥੈਲੇਸੀਮੀਆ ਦਿਵਸ ਮਨਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ 8 ਮਈ ਨੂੰ ਅੰਤਰਰਾਸ਼ਟਰੀ ਥੈਲੇਸੀਮੀਆ ਦਿਵਸ ਮਨਾਇਆ ਗਿਆ। ਇਸ ਸਾਲ ਦੇ ਜਸ਼ਨ ਦਾ ਥੀਮ "ਥੈਲੇਸੀਮੀਆ ਕੇਅਰ ਗੈਪ ਨੂੰ ਪੂਰਾ ਕਰਨ ਲਈ ਸਿੱਖਿਆ ਨੂੰ ਮਜ਼ਬੂਤ ਕਰਨਾ" ਸੀ। ਇਸ ਮੌਕੇ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜਿਸ ਵਿੱਚ ਉਨ੍ਹਾਂ ਨੇ ਡਾਂਸ ਪੇਸ਼ਕਾਰੀਆਂ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਬੱਚਿਆਂ ਲਈ ਕੁਇਜ਼ ਵੀ ਕਰਵਾਈ ਗਈ। ਇਸ ਮੌਕੇ ਜੰਮੂ ਤੋਂ ਪਹੁੰਚੇ ਡਾ. ਕੇ.ਕੇ. ਕੌਲ, ਇੱਕ ਮੰਨੇ ਪ੍ਰਮੰਨੇ ਥੈਲੇਸੀਮੀਆ ਮਾਹਰ ਨੇ ਦੱਸਿਆ ਕਿ ਕਿਸ ਤਰ੍ਹਾਂ ਬੱਚਿਆਂ ਖਾਸ ਕਰਕੇ ਕਿਸ਼ੋਰਾਂ ਨੂੰ ਆਪਣੀ ਬਿਮਾਰੀ ਦੀ ਦੇਖਭਾਲ ਵਿੱਚ ਖੁਦ ਸ਼ਾਮਲ ਹੋਣਾ ਚਾਹੀਦਾ ਹੈ। ਸਮਾਗਮ 'ਚ ਮੁੱਖ ਮਹਿਮਾਨ ਡਾ. ਨਿਰਮਲ ਉਸਪਾਚਨ ਰਜਿਸਟਰਾਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਡਾ. ਐਸ.ਪੀ. ਸਿੰਘ ਪ੍ਰੀਖਿਆ ਕੰਟਰੋਲਰ, ਡਾ. ਰਾਜੀਵ ਸ਼ਰਮਾ ਪ੍ਰਿੰਸੀਪਲ ਜੀ ਜੀ ਐੱਸ ਐੱਮ ਐੱਚ, ਡਾ. ਸੇਲੇਖ ਮਿੱਤਲ ਮੈਡੀਕਲ ਸੁਪਰਡੈਂਟ, ਡਾ. ਗੁਰਮੀਤ ਕੌਰ, ਪ੍ਰੋਫੈਸਰ ਡਾ. ਬਾਲ ਰੋਗ ਵਿਭਾਗ ਤੋਂ ਇਲਾਵਾ ਵੱਖ-ਵੱਖ ਵਿਭਾਗੀ ਮੁਖੀ ਅਤੇ ਡਾਕਟਰ ਹਾਜ਼ਰ ਸਨ। ਇਸ ਮੌਕੇ ਡਾ. ਨੀਤੂ ਕੁੱਕੜ ਪ੍ਰੋਫੈਸਰ ਅਤੇ ਮੁਖੀ ਬਲੱਡ ਬੈਂਕ ਅਤੇ ਡਾ. ਵਰੁਣ ਕੌਲ, ਐਸੋ. ਪ੍ਰੋਫੈਸਰ ਪੀਡੀਆਟ੍ਰਿਕਸ ਨੇ ਥੈਲੇਸੀਮਿਕ ਬੱਚਿਆਂ ਨੂੰ ਪ੍ਰਦਾਨ ਕੀਤੀ ਜਾ ਰਹੀ ਦੇਖਭਾਲ ਦੇ ਪੱਧਰ ਅਤੇ ਇਸ ਬਿਮਾਰੀ ਤੋਂ ਪੀੜਤ ਬੱਚਿਆਂ ਅਤੇ ਮਰੀਜ਼ਾਂ ਦੀ ਵਧੀਆ ਸੰਭਵ ਦੇਖਭਾਲ ਪ੍ਰਾਪਤ ਕਰਨ ਲਈ ਲੋੜੀਂਦੇ ਘਾਟਾਂ ਬਾਰੇ ਵਿਸਥਾਰ ਵਿੱਚ ਦੱਸਿਆ ਤੇ ਸਕੈਨ ਮਸ਼ੀਨ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਤੋਂ ਇਲਾਵਾ ਮਰੀਜ਼ਾਂ ਦੇ ਹਸਪਤਾਲ ਦੇ ਦੌਰੇ ਨੂੰ ਘੱਟ ਮੁਸ਼ਕਲ ਬਣਾਉਣਾ ਹੈ। ਪ੍ਰਸ਼ਾਸਨ ਨੇ ਇਨ੍ਹਾਂ ਮਾਮਲਿਆਂ ਨੂੰ ਸਮਾਂਬੱਧ ਢੰਗ ਨਾਲ ਦੇਖਣਾ ਯਕੀਨੀ ਬਣਾਇਆ ਅਤੇ ਥੈਲੇਸੀਮੀਆ ਤੋਂ ਪੀੜਤ ਮਰੀਜ਼ਾਂ ਦੀ ਦੇਖਭਾਲ ਅਤੇ ਭਲਾਈ ਲਈ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ।

## ਪੰਜ ਦਿਨਾ ਮਾਊਂਟ ਅਬੂ ਰਾਸ਼ਟਰੀ ਮੀਡੀਆ ਕਾਨਫਰੰਸ ਸਮਾਪਤ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮੀਡੀਆ ਵਿੰਗ ਦਾ ਟੀਚਾ ਮੀਡੀਆ ਵਿੱਚ ਕੰਮ ਕਰਨ ਵਾਲੇ ਭੈਣਾਂ-ਭਰਾਵਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀਆਂ ਲਿਆਉਣਾ ਹੈ। ਇਹ ਸ਼ਬਦ ਰਾਸ਼ਟਰੀ ਮੀਡੀਆ ਕਾਨਫਰੰਸ ਦੀ ਸਮਾਪਤੀ ਮੌਕੇ ਬੀ ਕੇ ਬਿਰਜ ਮੋਹਨ ਅਤੇ ਬੀ ਕੇ ਸਾਂਤਨੂੰ ਨੇ ਕਹੇ। ਗਿਆਨ ਸਰੋਵਰ ਮਾਊਂਟ ਅਬੂ, ਰਾਜਸਥਾਨ, ਭਾਰਤ ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਦੇ ਪ੍ਰਜਾਪਿਤਾ ਬ੍ਰਹਮਾ ਕੁਮਾਰੀ ਈਸ਼ਵਰਿਆ ਵਿਸ਼ਵ ਵਿਦਿਆਲਿਆ ਦੀ ਮੀਡੀਆ ਵਿੰਗ ਨੇ ਰਾਜਸਥਾਨ ਦੀ ਵੀਰ ਭੂਮੀ ਦੇ ਮਾਊਂਟ ਅਬੂ ਗਿਆਨ ਸਰੋਵਰ ਵਿਖੇ ਇੱਕ ਰਾਸ਼ਟਰੀ ਮੀਡੀਆ ਕਾਨਫਰੰਸ ਦਾ ਆਯੋਜਨ ਕੀਤਾ। ਮੀਡੀਆ ਕਾਨਫਰੰਸ ਰਾਸ਼ਟਰੀ ਵਿਕਾਸ ਲਈ ਮੀਡੀਆ ਦੀ ਜ਼ਿੰਮੇਵਾਰੀ ਮੁੱਖ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ 5 ਤੋਂ 9 ਮਈ, 2023 ਤੱਕ ਚੱਲੀ। ਪਹਾੜਾਂ ਦੇ ਵਿਚਕਾਰ, ਹਰਿਆਲੀ ਨਾਲ ਢਕੇ ਹੋਏ, ਇੱਕ ਸਿਹਤਮੰਦ, ਪ੍ਰਦੂਸ਼ਣ ਰਹਿਤ, ਸ਼ਾਂਤ ਮਾਹੌਲ, ਖੁਸ਼ਹਾਲੀ ਅਤੇ ਧਿਆਨ ਦੀਆਂ ਖੁਰਾਕਾਂ ਨਾਲ, ਪੱਤਰਕਾਰ ਪੰਜ ਦਿਨ ਹਾਜ਼ਰ ਰਹੇ। ਰਿਸੈਪਸ਼ਨ ਸੈਸ਼ਨ 5 ਮਈ ਨੂੰ ਸਾਮ 5.30 ਵਜੇ ਹਾਰਮਨੀ ਹਾਲ ਵਿਖੇ ਸੁਰੂ ਹੋਇਆ। ਹੈਦਰਾਬਾਦ ਤੋਂ ਆਏ ਮੀਡੀਆ ਵਿੰਗ ਦੇ ਰਾਸ਼ਟਰੀ ਕੋਆਰਡੀਨੇਟਰ ਬੀ ਕੇ ਸਰਲਾ ਨੇ ਕਿਹਾ ਕਿ ਮੀਡੀਆ ਨੂੰ ਫੇਕ ਖਬਰਾਂ ਤੋਂ ਸੁਚੇਤ ਹੋਣਾ ਪਵੇਗਾ। ਇਸ ਮੌਕੇ ਭਾਰਤੀ ਜਨ ਸੰਚਾਰ ਸੰਸਥਾਨ ਦੇ ਡਾਇਰੈਕਟਰ ਜਨਰਲ ਪ੍ਰੋ ਸੰਜੇ ਦਿਵੇਦੀ ਨੇ ਕਿਹਾ ਕਿ ਜੋ ਬਰਤਨ ਵਿੱਚ ਪੱਕੇਗਾ ਉਹੀ ਪਰੋਸਿਆ ਜਾਂਦਾ ਹੈ। ਜੇਕਰ ਸਰੀਰ ਰੂਪੀ ਬਰਤਨ ਭਾਵ ਦਿਮਾਗ ਵਿੱਚ ਜੋ ਪੱਕ ਰਿਹਾ ਹੈ ਉਹੀ ਅਸੀਂ ਸਮਾਜ ਨੂੰ ਪਰੋਸ ਰਹੇ ਹਾਂ ਜਦਕਿ ਮੀਡੀਆ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।

# ਡੇਂਗੂ ਤੇ ਮਲੇਰੀਆ ਸੰਬੰਧੀ ਲਾਇਆ ਜਾਗਰੂਕਤਾ ਕੈਂਪ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪੰਜਾਬ ਸਰਕਾਰ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ ਤੇ ਜ਼ਿਲ੍ਹੇ ਵਿੱਚ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ ਤੇ ਜਾਗਰੂਕਤਾ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਡਾ. ਰੰਜੂ ਸਿੰਗਲਾ ਸਿਵਲ ਸਰਜਨ ਨੇ ਦੱਸਿਆ ਕਿ ਗਰਮੀ ਦੇ ਮੌਸਮ ਤੇ ਬਾਰਿਸ਼ਾਂ ਸ਼ੁਰੂ ਹੋਣ ਕਾਰਨ ਮਲੇਰੀਆ ਤੇ ਡੇਂਗੂ ਦੀਆਂ ਬਿਮਾਰੀਆਂ ਦਾ ਖਤਰਾ ਵਧ ਜਾਂਦਾ ਹੈ, ਇਸ ਲਈ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਸਾਰੇ ਸਕੂਲਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ ਤਾਂ ਜੁ ਵਿਦਿਆਰਥੀਆਂ ਨੂੰ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਗਰੂਕ ਕਰਕੇ ਉਨ੍ਹਾਂ ਦੇ ਘਰਾਂ ਤੋਂ ਡੇਂਗੂ ਮਲੇਰੀਆ ਫੈਲਾਉਣ ਵਾਲੇ ਮੱਛਰਾਂ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ, ਜਿਸ ਦੇ ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸ੍ਰੀ ਮੁਕਤਸਰ ਸਾਹਿਬ ਵਿਖੇ ਮਲੇਰੀਆ ਤੇ ਡੇਂਗੂ ਜਾਗਰੁਕਤਾ ਸਬੰਧੀ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਲਾਲ ਚੰਦ ਜ਼ਿਲ੍ਹਾ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਮਲੇਰੀਆ ਤੇ ਡੇਂਗੂ ਦੀ ਬਿਮਾਰੀ ਤੋਂ ਡਰਨ ਦੀ ਲੋੜ ਨਹੀਂ, ਬਲਕਿ ਇਸ ਤੋਂ ਬਚਣ ਲਈ ਕੁਝ ਸਾਵਧਾਨੀਆਂ ਵਰਤਣ ਦੀ ਜ਼ਰੂਰਤ ਹੈ। ਡੇਂਗੂ ਬੁਖਾਰ ਏਡੀਜ਼ ਅਜੈਪਟੀ ਨਾਂਅ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਤੇ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਸਾਰਿਆਂ ਨੂੰ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ। ਘਰਾਂ ਵਿੱਚ ਵਾਧੂ ਬਰਤਨ ਜਿਵੇਂ ਟਾਇਰ, ਟੁੱਟੇ ਘੜੇ ਤੇ ਗਮਲੇ ਵਿੱਚ ਪਾਣੀ ਖੜਣ ਨਹੀਂ ਦੇਣਾ ਚਾਹੀਦਾ। ਮੱਛਰਦਾਨੀਆਂ ਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤੋਂ, ਸਾਰੇ ਸਰੀਰ ਨੂੰ ਢਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜਾ ਹੋਣ ਦਿਓ, ਘਰ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢਕ ਕੇ ਰੱਖੋ। ਇਸ ਮੌਕੇ ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਅਤੇ ਭਗਵਾਨ ਦਾਸ ਜ਼ਿਲ੍ਹਾ ਸਿਹਤ ਇੰਸਪੈਕਟਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸ਼ਹਿਰਾਂ ਦੇ ਵੱਖ-ਵੱਖ ਖੇਤਰਾਂ ਅਤੇ ਹਾਈ ਰਿਸਕ ਏਰੀਏ ਵਿੱਚ ਜਾ ਕੇ ਲੋਕਾਂ ਨੂੰ ਘਰਾਂ ਵਿੱਚ ਤੇ ਘਰਾਂ ਦੇ ਆਸ-ਪਾਸ ਪਾਣੀ ਜਮ੍ਹਾਂ ਨਾ ਹੋਣ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।



# ਮਨਰੇਗਾ ਮਜ਼ਦੂਰ ਮਿਹਨਤਾਨਾ ਨਾ ਮਿਲਣ ਕਾਰਨ ਡਾਢੇ ਦੁਖੀ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**- ਬੀਤੇ ਕੁੱਝ ਸਮੇਂ ਤੋਂ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਆ ਰਹੀਆਂ ਕਿ ਤਤਕਾਲੀ ਸਰਕਾਰਾਂ ਵੇਲੇ ਉਹਨਾਂ ਕੋਲੋਂ ਮਨਰੇਗਾ ਦਾ ਕੰਮ ਕਰਵਾਇਆ ਗਿਆ ਪਰ ਉਨ੍ਹਾਂ ਨੂੰ ਬਣਦੀ ਮਜ਼ਦੂਰੀ ਨਹੀਂ ਦਿੱਤੀ ਗਈ। ਜੌਬ ਕਾਰਡ ਬਣਾਉਣ ਲਈ ਉਨ੍ਹਾਂ ਨੂੰ ਬੀਡੀਪੀਓ ਦਫਤਰਾਂ ਦੇ ਚੱਕਰ ਲਗਾ ਕੇ ਜੁੱਤੀਆਂ ਘਸ ਗਈਆਂ ਅਧਿਕਾਰੀਆਂ ਵੱਲੋਂ ਲੋੜਵੰਦਾਂ ਦੇ ਕਾਰਡ ਬਣਾਉਣ ਦੀ ਬਜਾਏ ਆਪਣੇ ਚਹੇਤਿਆਂ ਦੇ ਕਾਰਡ ਬਣਾ ਕੇ ਖੁਸ਼ ਕੀਤਾ। ਉਨ੍ਹਾਂ ਵੱਲੋਂ ਆਪਣੀ ਮਿਹਨਤ ਲੈਣ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ। ਮਨਰੇਗਾ ਸਕੀਮ ਤਹਿਤ ਉਨ੍ਹਾਂ ਨੂੰ ਮਨਰੇਗਾ ਸਕੀਮ ਤਹਿਤ ਪੂਰਾ ਕੰਮ ਨਹੀਂ ਦਿੱਤਾ ਜਾ ਰਿਹਾ। ਮਜ਼ਦੂਰ ਯੂਨੀਅਨ ਪੰਜਾਬ ਤਹਿਸੀਲ ਪੱਟੀ ਦੇ ਪਿੰਡ ਤੂਤ ਵਿਖੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਨਰਿੰਦਰ ਕੌਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਇਸ ਮੀਟਿੰਗ ਨੂੰ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਰਾਮ ਸਿੰਘ ਪੱਟੀ ਦਿਹਾਤੀ ਮਜ਼ਦੂਰ ਯੂਨੀਅਨ ਦੇ ਆਗੂ ਚੰਦ ਸਿੰਘ ਨੇ ਦੱਸਿਆ ਕਿ ਪਿੰਡ ਤੂਤ ਵਿਖੇ ਮਜ਼ਦੂਰਾਂ ਦੇ ਜੌਬ ਕਾਰਡ ਨਹੀਂ ਬਣਾਏ ਗਏ ਅਤੇ ਜੋ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਗਿਆ ਬਹੁਤ ਸਾਰੇ ਪਿੰਡਾਂ ਅੰਦਰ ਮਜ਼ਦੂਰਾਂ ਨੂੰ ਜੌਬ ਕਾਰਡਾਂ ਲਈ ਬਲਾਕਾਂ ਅੰਦਰ ਗੇੜੇ ਮਾਰ-ਮਾਰ ਥੱਕ ਜਾਂਦੇ ਹਨ ਪਰ ਬਲਾਕ ਅਫਸਰਾਂ ਦੇ ਕੰਨ ਤੇ ਜੂੰ ਨਹੀਂ ਸਰਕ ਰਹੀ ਤੇ ਨਾ ਹੀ ਕੀਤੇ ਕੰਮ ਦੇ ਪੈਸੇ ਮਿਲ ਰਹੇ ਹਨ ਜੇ ਬਲਾਕਾਂ ਅੰਦਰ ਇਹੀ ਹਾਲ ਰਿਹਾ ਤਾਂ ਬਲਾਕਾਂ ਅੱਗੇ ਮਜ਼ਦੂਰੀ ਵੱਸ ਧਰਨਾ ਦੇਣ ਲਈ ਮਜ਼ਬੂਰ ਹੋਵੇਗੀ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਚੰਨਣ ਸਿੰਘ ਤਰਸੇਮ ਸਿੰਘ ਸੁਖਦੇਵ ਸਿੰਘ ਮੁਖਤਾਰ ਸਿੰਘ ਸਰਬਜੀਤ ਕੌਰ ਰਾਜ ਕੌਰ ਜਸਵੰਤ ਸਿੰਘ ਆਦਿ ਹਾਜ਼ਰ ਸਨ।

# ਜੀਵਨਸਾਥੀ ਡਾਟ ਕਾਮ ਸਾਰੇ ਪੰਜਾਬੀਆਂ ਲਈ ਇੱਕ ਵਧੀਆ ਮੌਕਾ ਪੇਸ਼ ਕਰਦੇ

**ਅੰਮ੍ਰਿਤਸਰ:** ਭਾਰਤ ਦੇ ਸਭ ਤੋਂ ਭਰੋਸੇਮੰਦ ਮੈਟਰੀਮੋਨੀ ਬ੍ਰਾਂਡ, ਜੀਵਨਸਾਥੀ ਡਾਟ ਕਾਮ ਨੇ ਆਪਣੀ ਨਵੀਂ ਮੁਹਿੰਮ # ਸਵੈਗ ਨਾਲ ਸਵਾਗਤ ਲਈ ਮਸ਼ਹੂਰ ਪੰਜਾਬੀ ਗਾਇਕਾ ਅਤੇ ਮਸ਼ਹੂਰ ਫਿਲਮ 'ਜੋੜੀ' ਦੀ ਅਦਾਕਾਰਾ ਨਿਮਰਤ ਖਹਿਰਾ ਨਾਲ ਸਹਿਯੋਗ ਕੀਤਾ ਹੈ। ਇਹ ਮੁਹਿੰਮ ਨਵੀਨਤਾ ਲਈ ਬ੍ਰਾਂਡ ਦੇ ਜਨੂੰਨ ਅਤੇ ਬਾਕਸ ਤੋਂ ਬਾਹਰ ਦੀ ਸੋਚ ਨੂੰ ਦਰਸਾਉਂਦੀ ਹੈ। ਜੀਵਨ ਭਰ ਵਿੱਚ ਇੱਕ ਵਾਰ ਇਹ ਮੌਕਾ ਉਨ੍ਹਾਂ ਜੋੜਿਆਂ ਲਈ ਹੈ ਜੋ ਅਗਲੇ ਦੋ ਜਾਂ ਤਿੰਨ ਮਹੀਨਿਆਂ ਵਿੱਚ ਵਿਆਹ ਕਰਨ ਵਾਲੇ ਹਨ। ਹਿਮਾਨੀ ਬੁਰਗੁਹਾ, ਈਵੀਪੀ ਅਤੇ ਮਾਰਕੀਟਿੰਗ ਹੈੱਡ, ਜੀਵਨਸਾਥੀ ਡਾਟ ਕਾਮ ਨੇ ਕਿਹਾ ਕਿ ਜੀਵਨਸਾਥੀ ਡਾਟ ਕਾਮ 'ਤੇ ਜੀਵਨ ਸਾਥੀਆਂ ਨੂੰ ਜੋੜਨ ਅਤੇ ਉਨ੍ਹਾਂ ਦੇ ਜੀਵਨ ਨੂੰ ਵਧਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਨ ਦੀ ਸਾਡੀ ਕੋਸ਼ਿਸ਼ ਹੈ। ਇਹ ਇਸ ਮੁਹਿੰਮ ਦਾ ਆਧਾਰ ਹੈ। ਜੋੜੇ ਇਸ ਮੁਹਿੰਮ ਲਈ ਨਿਮਰਤ ਖਹਿਰਾ ਅਤੇ ਜੀਵਨਸਾਥੀ ਡਾਟ ਕਾਮ ਦੇ ਸੋਸ਼ਲ ਮੀਡੀਆ ਹੈਂਡਲ 'ਤੇ ਲਿੰਕ ਰਾਹੀਂ ਰਜਿਸਟਰ ਕਰ ਸਕਦੇ ਹਨ।

# ਨਾਜਾਇਜ਼ ਮਾਈਨਿੰਗ ਰੈਕੇਟ ਦਾ ਪਰਦਾਫਾਸ਼, ਕਿੰਗਪਿਨ ਗ੍ਰਿਫਤਾਰ



**ਪਠਾਨਕੋਟ, (ਦਵਿੰਦਰ ਸਿੰਘ)**-ਇੱਕ ਵੱਡੀ ਸਫਲਤਾ ਪਠਾਨਕੋਟ ਪੁਲਿਸ ਨੇ ਤਾਰਾਗੜ੍ਹ ਦੇ ਪਿੰਡ ਰਾਜਪੁਰ ਰਾਜਪੂਤਾਨ ਵਿੱਚ ਇੱਕ ਗੈਰ-ਕਾਨੂੰਨੀ ਮਾਈਨਿੰਗ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਅਤੇ ਉਸ ਦੇ ਸਾਥੀਆਂ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਪਠਾਨਕੋਟ ਜ਼ਿਲ੍ਹੇ ਦੇ ਅੰਦਰ ਪ੍ਰਚਲਿਤ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਦਾ ਮੁਕਾਬਲਾ ਕਰਨ ਲਈ ਇਹ ਦੂਜਾ ਮਹੱਤਵਪੂਰਨ ਯਤਨ ਹੈ। ਪੁਲਸ ਟੀਮ ਨੇ ਮੁੱਖ ਮੁਲਜ਼ਮ ਸੁਰਿੰਦਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਦੇ ਨਾਲ ਰੂਪ ਵਾਸੀ ਸਹਾਰਨਪੁਰ, ਅਮਨ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਐਫਆਈਆਰ ਨੰਬਰ 28/2023 21(1) ਮਾਈਨਜ਼ ਐਂਡ ਮਿਨਰਲਜ਼ ਐਕਟ, 379 ਆਈ.ਪੀ.ਸੀ. ਥਾਣਾ ਤਾਰਾਗੜ੍ਹ ਵਿਖੇ ਦਰਜ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਦੇਰ ਰਾਤ ਪਠਾਨਕੋਟ ਪੁਲੀਸ ਵੱਲੋਂ ਪਿੰਡ ਰਾਏਪੁਰ ਰਾਜਪੂਤਾਂ ਵਿੱਚ ਨਾਜਾਇਜ਼ ਮਾਈਨਿੰਗ ਕੀਤੀ ਜਾ ਰਹੀ ਸੀ। ਥਾਣਾ ਤਾਰਾਗੜ੍ਹ ਦੀ ਪੁਲਸ ਟੀਮ ਤੁਰੰਤ ਹਰਕਤ 'ਚ ਆ ਗਈ ਅਤੇ ਕੁਝ ਦੇਰ 'ਚ ਮੌਕੇ 'ਤੇ ਪਹੁੰਚ ਗਈ। ਇਸ ਕਾਰਵਾਈ ਦੌਰਾਨ ਐਸ.ਐਚ.ਓ. ਤਾਰਾਗੜ੍ਹ ਨਵਦੀਪ ਸ਼ਰਮਾ ਦੀ ਅਗਵਾਈ ਹੇਠਲੀ ਪੁਲਸ ਟੀਮ ਨੇ ਤਿੰਨ ਟਰਾਲੀਆਂ, ਇੱਕ ਟਰੈਕਟਰ ਅਤੇ ਇੱਕ ਜੇ.ਸੀ.ਬੀ, ਜੋ ਕਿ ਗੈਰ-ਕਾਨੂੰਨੀ ਮਾਈਨਿੰਗ ਦੇ ਕੰਮਾਂ ਲਈ ਵਰਤੀਆਂ ਜਾਂਦੀਆਂ ਸਨ, ਬਰਾਮਦ ਕੀਤੀਆਂ ਹਨ। ਬਰਾਮਦ ਹੋਏ ਸਾਮਾਨ ਨੂੰ ਅਗਲੇਰੀ ਕਾਰਵਾਈ ਲਈ ਕਬਜ਼ੇ 'ਚ ਲੈ ਲਿਆ ਗਿਆ ਹੈ। ਪਠਾਨਕੋਟ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਪ੍ਰੈਕਟਿਸ ਵਿਰੁੱਧ ਇਹ ਦੂਜੀ ਵੱਡੀ ਕਾਰਵਾਈ ਹੈ।

ਇਸ ਮੌਕੇ ਪਠਾਨਕੋਟ ਦੇ ਸੀਨੀਅਰ ਕਪਤਾਨ ਪੁਲਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਪੁਲਸ ਇਲਾਕੇ ਵਿੱਚ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਵਚਨਬੱਧ ਹੈ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਇਲਾਕੇ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਯਤਨ ਜਾਰੀ ਰੱਖੇਗੀ। ਉਹਨਾਂ ਪੁਲਿਸ ਟੀਮ ਦੀ ਤੇਜ ਕਾਰਵਾਈ ਲਈ ਪ੍ਰਸ਼ੰਸਾ ਕੀਤੀ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਝਿਜਕ ਦੇ ਪੁਲਿਸ ਨੂੰ ਕਿਸੇ ਵੀ ਗੈਰ ਕਾਨੂੰਨੀ ਗਤੀਵਿਧੀ ਦੀ ਸੂਚਨਾ ਦੇਣ। ਐਸਐਸਪੀ ਖੱਖ ਨੇ ਅੱਗੇ ਦੱਸਿਆ ਕਿ ਪਿਛਲੇ ਹਫਤੇ ਦੌਰਾਨ, ਪਠਾਨਕੋਟ ਪੁਲਸ ਨੇ ਨਾਜਾਇਜ਼ ਮਾਈਨਿੰਗ ਸਮੱਗਰੀ ਦੀ ਢੋਆ-ਢੁਆਈ ਵਿੱਚ ਲੱਗੇ ਚਾਰ ਟਿੱਪਰਾਂ ਨੂੰ ਸਫਲਤਾਪੂਰਵਕ ਜ਼ਬਤ ਕੀਤਾ ਕਿਉਂਕਿ ਉਨ੍ਹਾਂ ਕੋਲ ਸਹੀ ਦਸਤਾਵੇਜ਼ਾਂ ਦੀ ਘਾਟ ਸੀ। ਫੜੇ ਗਏ ਚਾਰ ਟਿੱਪਰਾਂ ਵਿੱਚੋਂ ਤਿੰਨ ਨੂੰ ਪਹਿਲਾਂ ਹੀ ਕੁੱਲ 06 ਲੱਖ (2 ਲੱਖ ਹਰੇਕ) ਰੁਪਏ ਦਾ ਜੁਰਮਾਨਾ ਕੀਤਾ ਜਾ ਚੁੱਕਾ ਹੈ। ਹਾਲਾਂਕਿ, ਇੱਕ ਟਿੱਪਰ ਵਿਰੁੱਧ ਜੁਰਮਾਨਾ ਲਗਾਉਣ ਦੀ ਪ੍ਰਕਿਰਿਆ ਵਿੱਚ ਹੈ। ਗੈਰ-ਕਾਨੂੰਨੀ ਮਾਈਨਿੰਗ ਇੱਕ ਖ਼ਤਰਾ ਹੈ ਜੋ ਵਾਤਾਵਰਣ ਅਤੇ ਜਨਤਕ ਸੁਰੱਖਿਆ ਲਈ ਇੱਕ ਗੰਭੀਰ ਖਤਰਾ ਹੈ। ਪਠਾਨਕੋਟ ਪੁਲਿਸ ਇਸ ਮਾਮਲੇ ਨੂੰ ਪੂਰੀ ਤਾਕਤ ਨਾਲ ਨਜਿੱਠਣ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਉਣ ਲਈ ਵਚਨਬੱਧ ਹੈ। ਪਠਾਨਕੋਟ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਖੇਤਰ ਵਿੱਚ ਕਿਸੇ ਵੀ ਗੈਰ-ਕਾਨੂੰਨੀ ਮਾਈਨਿੰਗ ਜਾਂ ਸਬੰਧਤ ਗਤੀਵਿਧੀਆਂ ਦੀ ਸੂਚਨਾ ਦੇਣ। ਇਕੱਠੇ ਮਿਲ ਕੇ ਅਸੀਂ ਆਪਣੇ ਵਾਤਾਵਰਣ ਨੂੰ ਸੁਰੱਖਿਅਤ ਰੱਖ ਸਕਦੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸੁਰੱਖਿਅਤ ਭਵਿੱਖ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਸਕਦੇ ਹਾਂ।

# ਪਾਵਰਕਾਮ ਦੇ ਦਫਤਰ 'ਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ ਸਬ ਡਵੀਜ਼ਨ ਹਰੀਕੇ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਾਏ ਗਏ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਆਪ੍ਰੇਸ਼ਨ ਅਤੇ ਪਾਵਰ ਗਰਿੱਡ ਸਟਾਫ ਦੇ ਸਾਂਝੇ ਉੱਦਮ ਸਦਕਾ ਕੀਤੇ ਇਸ ਕਾਰਜ ਦੌਰਾਨ ਇਲਾਕੇ ਭਰ ਦੇ ਮੋਹਤਬਰ, ਸਿਆਸੀ, ਸਮਾਜਿਕ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਸ਼ਬਦ ਗੁਰੂ ਦੇ ਸਨਮੁਖ ਨਤਮਸਤਕ ਹੋਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੇਵਾਮੁਕਤ ਐਸਡੀਓ ਹਰਭਜਨ ਸਿੰਘ, ਸੇਵਾਮੁਕਤ ਜੇਈ ਜਗਤਾਰ ਸਿੰਘ, ਸੁਖਵਿੰਦਰ ਸਿੰਘ ਅਤੇ ਥਾਣਾ ਹਰੀਕੇ ਦੇ ਕਾਰਜਕਾਰੀ ਮੁਖੀ ਸੁਨੀਤਾ ਰਾਣੀ ਨੂੰ ਗੁਰੂ ਘਰ ਦਾ ਬਖਸ਼ਿਸ਼ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਐਸਡੀਓ ਸਤਪਾਲ ਸਿੰਘ, ਸ਼ਮਸ਼ੇਰ ਸਿੰਘ ਪੰਨੂ ਅਤੇ ਲਖਬੀਰ ਸਿੰਘ ਹਰੀਕੇ ਨੇ ਹਾਜ਼ਰ ਸ਼ਖਸ਼ੀਅਤਾਂ ਅਤੇ ਸੰਗਤਾਂ ਦਾ ਸੁਆਗਤ ਕੀਤਾ। ਉਨ੍ਹਾਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਝੋਨੇ ਦੇ ਸੀਜ਼ਨ ਦੇ ਸ਼ੁਰੂਆਤ ਮੌਕੇ ਪਾਵਰਕਾਮ ਦੇ ਸਮੂਹ ਸਟਾਫ ਨੇ ਧੁਰ ਕੀ ਬਾਣੀ ਦਾ ਆਸਰਾ ਲੈਂਦਿਆਂ ਪੰਚਮ ਪਾਤਸ਼ਾਹ ਦੀ ਰਚਨਾ ਦੇ ਜਾਪ ਕਰਾਏ ਗਏ।

ਉਪਰੰਤ ਗ੍ਰੰਥੀ ਜਗਦੇਵ ਸਿੰਘ ਹਰੀਕੇ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਤੇ ਸਰਵਣਿੰਦਰ ਸਿੰਘ, ਸੁਰਜਨਜਬੀਰ ਸਿੰਘ, ਸੁਖਵਿੰਦਰ ਸਿੰਘ, ਹਰਪ੍ਰੀਤ ਸਿੰਘ, ਮਲਕੀਤ ਰਾਮ, ਗੁਰਸੇਵਕ ਸਿੰਘ, ਬਿਕਰਮਜੀਤ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ, ਜਸਬੀਰ ਸਿੰਘ, ਮਨਪ੍ਰੀਤ ਸਿੰਘ, ਸਲਵੰਤ ਸਿੰਘ, ਜਰਨੈਲ ਸਿੰਘ, ਪ੍ਰਭਜੀਤ ਸਿੰਘ, ਸਾਹਿਬ ਸਿੰਘ, ਦੀਦਾਰ ਸਿੰਘ, ਸੁਖਦੇਵ ਸਿੰਘ ਆਦਿ ਨੇ ਸੇਵਾਵਾਂ ਨਿਭਾਈਆਂ। ਇਸ ਮੌਕੇ ਨਤਮਸਤਕ ਹੋਣ ਵਾਲਿਆਂ ਵਿੱਚ ਨਿਸ਼ਾਨ ਸਿੰਘ ਭੁੱਟਰ ਪ੍ਰਧਾਨ ਟਰੱਕ ਯੂਨੀਅਨ ਹਰੀਕੇ, ਰੋਸ਼ਨ ਲਾਲ ਪੁਰੀ, ਸੀਨੀਅਰ ਆਗੂ ਗੁਲਸ਼ਨ ਮਲਹੋਤਰਾ, ਪ੍ਰਗਟ ਸਿੰਘ ਹਰੀਕੇ, ਸੁਖਵਿੰਦਰ ਸਿੰਘ ਸੰਧੂ, ਕਰਨੈਲ ਸਿੰਘ ਹਰੀਕੇ, ਪਰਮਜੀਤ ਸਿੰਘ ਕਰੀਰ, ਸੰਜੀਵ ਕੁਮਾਰ ਸ਼ਰਮਾ, ਜਗਪ੍ਰੀਤ ਸਿੰਘ ਸਭਰਾ, ਅੰਗਰੇਜ ਸਿੰਘ ਗਿੱਲ, ਸਰਪੰਚ ਰੇਸ਼ਮ ਸਿੰਘ ਫੁੱਲਾਂਵਾਲੀ, ਬਲਵੀਰ ਸਿੰਘ ਸਾਹਿਬ ਸਿੰਘ ਦੇ ਨਾਮ ਵਰਨਣਯੋਗ ਹਨ।

# ਪੈਨਸ਼ਨਰ ਤੇ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਕਨਵੈਨਸ਼ਨ ਸੰਪੰਨ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**- ਪੈਨਸ਼ਨਰ ਤੇ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਜਥੇਬੰਦਕ ਕਨਵੈਨਸ਼ਨ ਹਰਜਿੰਦਰ ਸਿੰਘ ਜੰਡ ਦੀ ਪ੍ਰਧਾਨਗੀ ਹੇਠ ਦੀ ਯੰਗ ਮੈਨ ਰਾਮਾ ਕ੍ਰਿਸ਼ਨਾ ਕਲੱਬ ਪੱਟੀ ਵਿਖੇ ਆਯੋਜਿਤ ਕੀਤੀ ਗਈ ।ਜ ਜਿਸ ਵਿੱਚ ਵੱਖ ਵੱਖ ਵਿਭਾਗਾਂ ਤੋਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ। ਇਸ ਵਿਸ਼ਲ ਕਨਵੈਨਸ਼ਨ ਨੂੰ ਜ਼ਿਲ੍ਹਾ ਪ੍ਰਧਾਨ ਅਜੀਤ ਸਿੰਘ ਫਤਿਹਚੱਕ, ਤਹਿਸੀਲ ਪੱਟੀ ਦੇ ਚੇਅਰਮੈਨ ਮਾ: ਗੁਰਦਿਆਲ ਸਿੰਘ ਪੱਟੀ, ਪ੍ਰਿੰਸੀਪਲ ਹਰਦੀਪ ਸਿੰਘ ਪੱਟੀ ਸਾਬਕਾ ਚੇਅਰਮੈਨ ਪੈਨਸਨਰ ਵੈਲਫੇਅਰ ਬੋਰਡ ਪੰਜਾਬ, ਜ਼ਿਲ੍ਹਾ ਮੀਤ ਪ੍ਰਧਾਨ ਸਤਪਾਲ ਸ਼ਰਮਾ, ਮਾ: ਦਲਜੀਤ ਸਿੰਘ ਦਿਆਲਪੁਰਾ, ਪ੍ਰੀਤਮ ਸਿੰਘ ਬਾਠ, ਬੇਅੰਤ ਸਿੰਘ ਕੰਬੋਕੇ, ਹਰਭਜਨ ਸਿੰਘ ਚੂਸਲੇਵੜ, ਮਾ: ਸੁਰਜੀਤ ਲਾਲ ਪਾਸੀਂ, ਹਰਭਜਨ ਸਿੰਘ ਰੋਡਵੇਜ ਵਾਲੇ, ਸੁਪਰਡੈਂਟ ਮਲਕੀਤ ਸਿੰਘ, ਮੈਡਮ ਉਮਰਜੀਤ ਕੌਰ, ਅਤੇ ਮੈਡਮ ਨਰਿੰਦਰ ਕੌਰ ਨੇ ਸੰਬੋਧਨ ਕਰਦਿਆਂ ਜਥੇਬੰਦੀ ਵੱਲੋਂ 23-30 ਅਪ੍ਰੈਲ ਅਤੇ 7 ਮਈ ਨੂੰ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਕੀਤੇ ਗਏ ਝੰਡਾ ਮਾਰਚ ਉਪਰ ਤਸੱਲੀ ਪ੍ਰਗਟ ਕੀਤੀ ਅਤੇ ਝੰਡਾ ਮਾਰਚ ਵਿੱਚ ਹਿੱਸਾ ਲੈਣ ਵਾਲੇ ਪੈਨਸ਼ਨਰਾਂ ਨੂੰ ਵਧਾਈ ਦਿੱਤੀ। ਆਗੂਆਂ ਨੇ ਚੌਧਰ ਦੀ ਲਾਲਸਾ ਤਹਿਤ ਜਥੇਬੰਦੀ ਵਿੱਚ ਫੁੱਟ ਪਾਉਣ ਅਤੇ ਪੈਨਸ਼ਨਰਾਂ ਨੂੰ ਗੁੰਮਰਾਹ ਕਰਕੇ ਮੀਟਿੰਗ ਵਿੱਚ ਸੱਦਣ ਦੀ ਨਿੰਦਾ ਕੀਤੀ। ਵਰਿਆਮ ਸਿੰਘ, ਅਵਤਾਰ ਸਿੰਘ ਫੌਜੀ, ਡਰਾਇਵਰ ਅਨੋਖ ਸਿੰਘ, ਕੁੰਡੈਕਟਰ ਕੁਲਵਿੰਦਰ ਸਿੰਘ, ਮਾ: ਨਿਸਾਨ ਸਿੰਘ ਘਰਿਆਲਾ, ਓਮ ਪ੍ਰਕਾਸ਼ ਪੱਟੀ, ਆਡੀਟਰ ਸਤਪਾਲ ਸ਼ਰਮਾ, ਮੈਡਮ ਬਲਜੀਤ ਕੌਰ ਗਿੱਲ ਨੇ ਘਰ ਵਾਪਸੀ ਕੀਤੀ। ਉਨ੍ਹਾਂ ਕਿਹਾ ਕਿ ਪੈਨਸ਼ਨਰ ਤੇ ਸੀਨੀਅਰ ਸਿਟੀਜਨ ਐਸੋਸੀਏਸਨ ਪੈਨਸਨਰਾਂ ਵਿੱਚ ਬਹੁਤ ਵਧੀਆ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਦੀਸ ਸਿੰਘ ਸ਼ਹੀਦ, ਪਿਆਰਾ ਸਿੰਘ ਬਾਠ,ਮਾ:ਲੇਖ ਰਾਜ, ਬੇਅੰਤ ਸਿੰਘ, ਦਰਸਨ ਸਿੰਘ ਪਟਵਾਰੀ, ਕਸਮੀਰ ਸਿੰਘ ਬੁਰਜ, ਬਲਵਿੰਦਰ ਸਿੰਘ ਸਰਹਾਲੀ, ਕੁਲਵਿੰਦਰ ਸਿੰਘ, ਰਾਜ ਸਿੰਘ ਪੀ ਡਬਲਯੂ ਡੀ ਵਾਲੇ, ਗੁਰਮੀਤ ਸਿੰਘ ਮਾਨ, ਸਰਵਨ ਸਿੰਘ ਮਹਿਮੂਦਪੁਰ, ਸੁਰਿੰਦਰ ਪਾਲ ਸਿੰਘ, ਲੱਖਾ ਸਿੰਘ ਨਾਰਲੀ, ਪ੍ਰਿੰਸੀਪਲ ਸਰਵਨ ਸਿੰਘ, ਸੁੱਚਾ ਸਿੰਘ ਅਤੇ ਦਰਸਨ ਸਿੰਘ ਮੌਜੂਦ ਸਨ। ਸਟੇਜ ਦਾ ਸੰਚਾਲਨ ਤਹਿਸੀਲ ਪੱਟੀ ਦੇ ਜਰਨਲ ਸਕੱਤਰ ਮਾ: ਜਗਤਾਰ ਸਿੰਘ ਆਸਲ ਨੇ ਬਾਖੂਬੀ ਨਿਭਾਇਆ। ਪ੍ਰਧਾਨ ਹਰਜਿੰਦਰ ਸਿੰਘ ਜੰਡ ਨੇ ਕਨਵੈਨਸ਼ਨ ਵਿੱਚ ਆਏ ਸਮੂਹ ਪੈਨਸ਼ਨਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਓਪੋ ਕਾਊਂਟਰ ਪੁਆਇੰਟ ਸਟੱਡੀ ਅਨੁਸਾਰ ਭਾਰਤ 'ਚ ਹਰ 4 'ਚੋਂ 3 ਲੋਕ ਨੋਮੋਫੋਬੀਆ ਦੇ ਸ਼ਿਕਾਰ

**ਜਲੰਧਰ** : ਸੰਸਾਰ ਪੱਧਰੀ ਸਮਾਰਟ ਡਿਵਾਈਸ ਬ੍ਰਾਂਡ, ਓਪੋ ਨੇ ਇੱਕ ਵਿਸ਼ਲੇਸ਼ਣ ਫਰਮ ਕਾਊਂਟ ਪੁਆਇੰਟ ਦੇ ਨਾਲ ਮਿਲ ਕੇ ਇੱਕ ਉਪਭੋਗਤਾ ਅਧਿਅਨ ਕੀਤਾ। ਇਹ ਉਪਭੋਗਤਾ ਅਧਿਅਨ 'ਨੋਮੋਫੋਬੀਆ' ਘੱਟ ਬੈਟਰੀ ਦੀ ਚਿੰਤਾ ਤੋਂ ਉਪਜਿਆ ਹੈ। ਇਸ ਰਿਪੋਰਟ 'ਚ ਇਹ ਦੱਸਿਆ ਗਿਆ ਹੈ ਕਿ ਭਾਰਤ 'ਚ ਹਰ ਚਾਰ 'ਚੋਂ ਤਿੰਨ ਲੋਕਾਂ ਨੂੰ ਨੋਮੋਫੋਬੀਆ ਹੈ, ਮਤਲਬ ਆਪਣੇ ਸਮਾਰਟਫੋਨ ਤੋਂ ਅਲੱਗ ਹੋਣ ਦਾ ਡਰ। ਰਿਪੋਰਟ ਦਾ ਟਾਈਟਲ ਨੋਮੋਫੋਬੀਆ : ਲੋ ਬੈਟਰੀ ਇੰਗਜਾਇਟੀ ਕੰਜ਼ਿਊਮਰ ਸਟੱਡੀ ਰੱਖਿਆ ਗਿਆ ਹੈ। ਇਸ 'ਚ ਉਪਭੋਗਤਾਵਾਂ ਦੀ ਮਾਨਸਿਕਤਾ 'ਚ ਇਹ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਫੋਨ ਦੀ ਖਤਮ ਹੁੰਦੀ ਬੈਟਰੀ ਇਸ ਫੋਬੀਆ ਨੂੰ ਵਧਾਉਂਦੀ ਹੈ। ਰਿਪੋਰਟ ਬਾਰੇ ਟਿੱਪਣੀ ਕਰਦੇ ਹੋਏ, ਓਪੋ ਇੰਡੀਆ ਦੇ ਸੀਐਮਓ, ਦਮਯੰਤ ਸਿੰਘ ਖਨੌਰੀਆ ਨੇ ਕਿਹਾ, 'ਓਪੋ ਨੂੰ ਆਪਣੇ ਟੈਕਨੋਲਾਜੀ ਦੇ ਨਵੀਨੀਕਰਣ 'ਤੇ ਮਾਣ ਹੈ ਅਤੇ ਅਸੀਂ ਉਪਭੋਗਤਾਵਾਂ ਦੀਆਂ ਜਰੂਰਤਾਂ ਨੂੰ ਸਮਝਣ ਦੇ ਲਈ ਲਗਾਤਾਰ ਅਧਿਅਨ 'ਤੇ ਵਿਸ਼ਵਾਸ ਕਰਦੇ ਹਾਂ। ਸਾਡਾ ਮਿਸ਼ਨ ਅਜਿਹੇ ਉਤਪਾਦਾਂ ਅਤੇ ਅਨੁਭਵਾਂ ਦਾ ਨਿਰਮਾਣ ਕਰਨਾ ਹੈ ਜਿਹੜੇ ਦੁਨੀਆਂ ਦੇ ਲਈ ਸਥਾਈ ਮੂਲਾਂ ਅਤੇ ਨੇਕ ਇਰਾਦੇ ਲਿਆਉਂਦੇ ਹਨ। ਇਹ ਅਧਿਅਨ ਨੋਮੋਫੋਬੀਆ ਦੇ ਬਾਰੇ 'ਚ ਕਾਫੀ ਕੁਝ ਦੱਸਦਾ ਹੈ, ਜਿਸ ਨਾਲ ਓਪੋ ਨੂੰ ਇਸ 'ਚ ਦੱਸੀਆਂ ਗਈਆਂ ਜ਼ਰੂਰਤਾਂ ਅਤੇ ਚਿੰਤਾਵਾਂ ਨੂੰ ਦੂਰ ਕਰਨ ਵਾਲੇ ਸਮਾਧਾਨ ਪ੍ਰਦਾਨ ਕਰਨ 'ਚ ਮਦਦ ਮਿਲੇਗੀ।' ਘੱਟ ਬੈਟਰੀ ਦੀ ਘਬਰਾਹਟ ਦੇ ਬਾਰੇ 'ਚ ਰਿਸਰਚ ਡਾਇਰੈਕਟਰ, ਤਰੁਣ ਪਾਠਕ ਨੇ ਕਿਹਾ, 'ਸਾਡੇ ਸਮਾਰਟਫੋਨ ਸਾਡੇ ਵਿਅਕਤੀਗਤ ਬ੍ਰਹਿਮੰਡ ਬਣ ਗਏ ਹਨ, ਜਿਹੜੇ ਸਾਨੂੰ ਵਿਅਕਤੀਗਤ ਅਤੇ ਵਪਾਰਕ ਰੂਪ ਨਾਲ ਲੋਕਾਂ ਨਾਲ ਕੁਨੈਕਟਡ ਰੱਖਦੇ ਹਨ।

# ਖ਼ਾਲਸਾ ਕਾਲਜ ਫਾਰ ਵੂਮੈਨ ਵਿਖੇ 'ਵਕਤ-ਏ-ਰੁਖ਼ਸਤ' ਪਾਰਟੀ ਦਾ ਆਯੋਜਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਫ਼ਾਰ ਵੂਮੈਨ ਵਿਖੇ 'ਵਕਤ-ਏ-ਰੁਖ਼ਸਤ' ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਮੁਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿਨ੍ਹਾਂ ਦਾ ਪ੍ਰੋਗਰਾਮ ਕੋਆਰਡੀਨੇਟਰ ਡਾ. ਚੰਚਲ ਬਾਲਾ ਨੇ ਪੌਦਾ ਭੇਟ ਕਰ ਕੇ ਸਵਾਗਤ ਕੀਤਾ। ਇਸ ਪ੍ਰੋਗਰਾਮ ਦਾ ਆਗਾਜ਼ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਵਾਇਸ ਪ੍ਰਿੰਸੀਪਲ ਪ੍ਰੋ. ਰਵਿੰਦਰ ਕੌਰ, ਪ੍ਰੋਗਰਾਮ ਕੋਆਰਡੀਨੇਟਰ ਡਾ. ਚੰਚਲ ਬਾਲਾ ਨਾਲ ਮਿਲ ਕੇ ਸ਼ਮਾ ਰੌਸ਼ਨ ਕਰਕੇ ਕੀਤਾ ਗਿਆ। ਇਸ ਮੌਕੇ ਵਿਦਿਆਰਥਣਾਂ ਵੱਲੋਂ ਮਾਡਲਿੰਗ, ਡਾਂਸ, ਗੀਤ ਪੇਸ਼ਕਾਰੀ, ਗੇਮਸ ਆਦਿ ਦੁਆਰਾ ਮੰਨੋਰੰਜਨ ਕੀਤਾ ਗਿਆ। ਜੂਨੀਅਰ ਵਿਦਿਆਰਥਣਾਂ ਦੀ ਤਰਫ਼ ਤੋਂ ਸਿਮਰਨਜੀਤ ਕੌਰ ਬੀ.ਏ. ਸਮੈਸਟਰ ਚੌਥਾ ਦੀ ਵਿਦਿਆਰਥਣ ਨੇ ਆਪਣੇ ਸੀਨੀਅਰ ਵਿਦਿਆਰਥਣਾਂ ਪ੍ਰਤੀ ਭਾਵੁਕਤਾ, ਸਨੇਹ, ਪਿਆਰ ਨੂੰ ਦਰਸਾਉਂਦੀ ਇਕ ਸਪੀਚ ਪ੍ਰਸਤੁਤ ਕੀਤੀ ਅਤੇ ਸੀਨੀਅਰ ਵਿਦਿਆਰਥਣਾਂ ਦੀ ਤਰਫ਼ ਤੋਂ ਰਵਨੀਤ ਕੌਰ ਬੀ.ਸੀ.ਏ. ਸਮੈਸਟਰ ਛੇਵਾਂ ਦੀ ਵਿਦਿਆਰਥਣ ਨੇ ਕਾਲਜ ਪ੍ਰਤੀ ਸਨੇਹ, ਅਧਿਆਪਕਾਂ ਵੱਲੋਂ ਮਿਲੇ ਗਿਆਨ, ਪਿਆਰ ਅਤੇ ਜੂਨੀਅਰ ਵਿਦਿਆਰਥਣਾਂ ਵੱਲੋਂ ਮਿਲੀ ਅਪਣੱਤ, ਮੁਹੱਬਤ ਅਤੇ ਸਤਿਕਾਰ ਨੂੰ ਭਾਵਪੂਰਨ ਸ਼ਬਦਾਂ ਰਾਹੀਂ ਪੇਸ਼ ਕੀਤਾ।

ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਵੱਲੋਂ ਮਾਡਲਿੰਗ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਵੱਖ-ਵੱਖ ਟੈਗ/ਖ਼ਿਤਾਬ ਦਿੱਤੇ ਗਏ ਜਿਨ੍ਹਾਂ 'ਚ ਮਿਸ ਕੇ. ਸੀ.ਡਬਲਯੂ, ਫਸਟ ਰਨਰ ਅੱਪ, ਸੈਕੰਡ ਰਨਰ ਅੱਪ, ਮਿਸ ਕੈਟ ਵਾਕ, ਮਿਸ ਚਾਰਮਿੰਗ, ਮਿਸ ਫ਼ੈਸਨਿਸਟਾ, ਮਿਸ ਐਲੀਗੈਂਟ, ਮਿਸ ਬਿਊਟੀਫੁੱਲ ਹੇਅਰ, ਬਿਊਟੀ ਵਿਦ ਬ੍ਰੇਨ, ਮਿਸ ਬਿਊਟੀਫੁੱਲ ਸਮਾਇਲ ਦੇ ਕੇ ਸਨਮਾਨਿਤ ਕੀਤਾ ਗਿਆ। ਛੇਵੇਂ ਸਮੈਸਟਰ ਦੀਆਂ ਵਿਦਿਆਰਥਣਾਂ ਵੱਲੋਂ ਕਾਲਜ ਨੂੰ ਅਤੇ ਵੱਖ-ਵੱਖ ਸੇਵਾਵਾਂ ਨਿਭਾਉਣ ਵਾਲੇ ਸੇਵਾਦਾਰ ਕਰਮਚਾਰੀਆਂ ਨੂੰ ਖ਼ੂਬਸੂਰਤ ਤੋਹਫ਼ੇ ਭੇਟ ਕੀਤੇ ਗਏ। ਅੰਤ 'ਤੇ ਸੀਨੀਅਰ ਵਿਦਿਆਰਥਣਾਂ ਵੱਲੋਂ ਆਪਣੇ ਜੂਨੀਅਰ ਵਿਦਿਆਰਥਣਾਂ ਨੂੰ ਗਿਆਨ ਤੇ ਰੌਸ਼ਨੀ ਦੀ ਪ੍ਰਤੀਕ ਮਸ਼ਾਲ ਭੇਟ ਕਰ ਕੇ ਇਸ ਜਗਦੇ ਚਿਰਾਗ ਨੂੰ ਇਸੇ ਤਰ੍ਹਾਂ ਕਾਇਮ ਰੱਖਣ ਦਾ ਸੁਨੇਹਾ ਦਿੱਤਾ। ਪ੍ਰੋਗਰਾਮ ਕੋਆਰਡੀਨੇਟਰ ਡਾ. ਚੰਚਲ ਬਾਲਾ ਨੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ। ਇਸ ਪ੍ਰੋਗਰਮਾ ਦੌਰਾਨ ਜੱਜ ਦੀ ਭੂਮਿਕਾ ਕਮਲਜੀਤ ਕੌਰ ਤੇ ਮਿਸਜ਼ ਪਲਵੀ ਨੇ ਖ਼ੂਬ ਨਿਭਾਈ।

# ਪੁਲਸ ਪਾਰਟੀ ਨੇ ਜੰਡਿਆਲਾ ਗੁਰੂ 'ਚ ਕੱਢਿਆ ਫਲੈਗ ਮਾਰਚ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਜੰਡਿਆਲਾ ਗੁਰੂ ਪ੍ਰੋਫੈਸ਼ਨਲ ਡੀਐੱਸਪੀ ਸੀਤਲ ਅਤੇ ਡੀਐੱਸਪੀ ਥਾਣਾ ਜੰਡਿਆਲਾ ਗੁਰੂ ਸੁੱਚਾ ਸਿੰਘ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ।

ਫਲੈਗ ਮਾਰਚ ਜੀ. ਟੀ. ਰੋਡ ਥਾਣਾ ਜੰਡਿਆਲਾ ਗੁਰੂ ਤੋਂ ਸ਼ੁਰੂ ਹੋ ਕੇ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਵਾਪਿਸ ਖਤਮ ਹੋ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀਐੱਸਪੀ ਸੁੱਚਾ ਸਿੰਘ ਨੇ ਦੱਸਿਆ ਕਿ ਸ਼ਹਿਰ ਦੀ ਅਮਨ ਸ਼ਾਂਤੀ ਨੂੰ ਮੁੱਖ ਰੱਖਦੇ ਹੋਏ ਇਹ ਮਾਰਚ ਕੱਢਿਆ ਗਿਆ ਹੈ। ਡੀਐੱਸਪੀ ਸੀਤਲ ਨੇ ਕਿਹਾ ਕਿ ਸ਼ਹਿਰ ਵਿਚ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਐੱਸਐੱਚਓ ਥਾਣਾ ਜੰਡਿਆਲਾ ਬਲਵਿੰਦਰ ਸਿੰਘ, ਐਸਐਚਓ ਅਜੈਪਾਲ ਥਾਣਾ ਪੂਰੀ ਪੁਲਸ ਪਾਰਟੀ ਸਮੇਤ ਮੌਜੂਦ ਸਨ।

# ਸਰਹੱਦੀ ਖੇਤਰ ਦੇ ਪਿੰਡਾਂ 'ਚ ਵਿਸ਼ੇਸ਼ ਮੈਡੀਕਲ ਕੈਂਪਾਂ ਦਾ ਸਿਲਸਿਲਾ ਨਿਰੰਤਰ ਜਾਰੀ : ਡਿਪਟੀ ਕਮਿਸ਼ਨਰ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਜਾਬ ਸਰਕਾਰ ਵੱਲੋਂ ਸਰਹੱਦੀ ਖੇਤਰ ਦੇ ਪਿੰਡਾਂ ਦੇ ਨਾਗਰਿਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਇਆ ਕਰਵਾਉਣ ਦੇ ਮੰਤਵ ਨਾਲ ਡਿਪਟੀ ਕਮਿਸ਼ਨਰ ਤਰਨ ਤਾਰਨ ਡਾ. ਰਿਸ਼ੀਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾ ਹੇਠ ਜ਼ਿਲਾ ਪ੍ਰਸ਼ਾਸਨ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਜ਼ਿਲਾ ਤਰਨਤਾਰਨ ਦੇ ਸਰਹੱਦੀ ਏਰੀਏ ਦੇ ਪਿੰਡਾਂ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਦੀ ਲੜੀ ਨੂੰ ਸ਼ੁਰੂ ਕੀਤਾ ਗਿਆ ਹੈ। ਇਨਾਂ ਮੈਡੀਕਲ ਕੈਂਪਾਂ ਦੀ ਰਹਿਨੁਮਾਈ ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲਾ ਟੀਕਾਕਰਨ ਅਫਸਰ ਤਰਨਤਾਰਨ ਡਾ. ਵਰਿੰਦਰਪਾਲ ਕੌਰ ਵੱਲੋਂ ਕੀਤੀ ਜਾ ਰਹੀ ਹੈ। ਜ਼ਿਲੇ ਦੇ ਸਰਹੱਦੀ ਬਲਾਕ ਖੇਮਕਰਨ ਵਿੱਚ ਸੀਨੀਅਰ ਮੈਡੀਕਲ ਅਫਸਰ, ਡਾ. ਰਿਦਮ ਸੂਦ ਦੀ ਯੋਗ ਅਗਵਾਈ ਹੇਠ ਹੁਣ ਤੱਕ ਕੁੱਲ 7 ਮੈਡੀਕਲ ਕੈਂਪ ਲੱਗ ਚੁੱਕੇ ਹਨ ਅਤੇ ਇਨਾਂ ਕੈਂਪਾਂ ਦੇ ਵਿੱਚ ਵੱਡੀ ਗਿਣਤੀ ਵਿੱਚ ਸਰਹੱਦੀ ਖੇਤਰ ਨਾਲ ਸਬੰਧਤ ਲੋਕਾਂ ਵੱਲੋਂ ਲਾਭ ਲਿਆ ਹੈ ਅਤੇ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਮੁਹਿੰਮ ਦੀ ਲੋਕਾਂ ਵੱਲੋਂ ਸ਼ਲਾਘਾ ਕੀਤੀ ਹੈ। ਬਲਾਕ ਖੇਮਕਰਨ ਦੇ ਵਿੱਚ ਹੁਣ ਤੱਕ ਬਾਰਡਰ ਏਰੀਆ ਦੇ ਪਿੰਡ ਖੇਮਕਰਨ, ਮਹਿਦੀਪੁਰ, ਮਨਾਵਾ, ਰੱਤੋਕੇ, ਭੰਗਾਲਾ, ਤੂਤ, ਮਸਤਗੜ੍ਹ ਵਿੱਚ ਸਿਹਤ ਵਿਭਾਗ ਵੱਲੋਂ ਲਗਾਏ ਗਏ ਕੈਂਪਾਂ ਦੇ ਵਿੱਚ ਜਿਥੇ ਮਰੀਜ਼ਾਂ ਦਾ ਇਲਾਜ ਕੀਤਾ ਗਿਆ, ਉਥੇ ਨਾਲ ਹੀ ਵਿਭਾਗ ਵੱਲੋਂ ਮੁਫਤ ਦਵਾਈਆਂ ਅਤੇ ਮੁਫਤ ਟੈਸਟ ਮੌਕੇ 'ਤੇ ਹੀ ਕੀਤੇ ਗਏ। ਪਿੰਡ ਮਹਿੰਦੀਪੁਰ ਵਿੱਚ 260 ਮਰੀਜ਼ਾਂ ਵੱਲੋਂ ਲਾਭ ਲਿਆ ਗਿਆ ਅਤੇ ਕਾਲੇ ਪੀਲੀਏ ਨੂੰ ਧਿਆਨ ਵਿੱਚ ਰੱਖਦਿਆਂ ਐਸ.ਐਮ.ਓ, ਡਾ. ਰਿਦਮ ਸੂਦ ਵੱਲੋਂ ਰੈਪਿਡ ਕਿੱਟਾਂ ਰਾਹੀ ਐਚ. ਸੀ. ਵੀ. ਟੈਸਟ ਕਰਨ ਦੇ ਨਾਲ-ਨਾਲ ਬਲੱਡ ਸ਼ੂਗਰ, ਐਚ.ਬੀ, ਐਚ. ਆਈ. ਵੀ. ਟੈਸਟ ਕੀਤੇ ਗਏ। ਕਸਬਾ ਵਲਟੋਹਾ ਵਿਖੇ ਚੱਲ ਰਿਹਾ ਆਮ ਆਦਮੀ ਕਲੀਨਿਕ ਵੀ ਲੋਕਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ।

ਖੇਮਕਰਨ ਵਿਖੇ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਦੇ ਤਹਿਤ ਲੱਗੇ ਦੋ ਰੋਜਾ ਕੈਂਪ ਦੌਰਾਨ ਬਾਰਡਰ ਖੇਤਰ ਦੇ 859 ਮਰੀਜ਼ਾਂ ਵੱਲੋਂ ਆਪਣੀ ਸਿਹਤ ਜਾਂਚ ਕਰਵਾ ਕੇ ਮੈਡੀਕਲ ਕੈਂਪ ਦਾ ਫਾਇਦਾ ਲਿਆ ਗਿਆ। ਪਿੰਡ ਰੱਤੋਕੇ ਵਿਖੇ ਨੂੰ 142 ਮਰੀਜਾਂ ਦਾ ਮੈਡੀਕਲ ਚੈਕ-ਅਪ ਕੀਤਾ ਤੇ ਫਰੀ ਦਵਾਈਆਂ ਦਿੱਤੀਆਂ। ਪਿੰਡ ਭੰਗਾਲਾ 102 ਮਰੀਜਾਂ ਦਾ ਮੈਡੀਕਲ ਚੈੱਕਅੱਪ ਕੀਤਾ ਅਤੇ ਫਰੀ ਦਵਾਈਆਂ ਦਿੱਤੀਆਂ ਅਤੇ ਪਿੰਡ ਤੂਤ ਵਿਖੇ 87 ਮਰੀਜਾਂ ਦਾ ਮੈਡੀਕਲ ਚੈੱਕ-ਅਪ ਕੀਤਾ ਤੇ ਫਰੀ ਦਵਾਈਆਂ ਦਿੱਤੀਆਂ। ਪਿੰਡ ਮਸਤਗੜ੍ਹ ਵਿਖੇ 106 ਮਰੀਜਾਂ ਦਾ ਮੈਡੀਕਲ ਚੈੱਕ-ਅਪ ਕੀਤਾ ਅਤੇ ਫਰੀ ਦਵਾਈਆਂ ਦਿੱਤੀਆਂ। ਐਸ.ਐਮ.ਓ, ਡਾ. ਰਿਧਮ ਸੂਦ ਨੇ ਕਿਹਾ ਕਿ ਇਸੇ ਲੜੀ ਤਹਿਤ ਮਿਤੀ 15 ਮਈ ਨੂੰ ਪਿੰਡ ਲਾਖਣਾ ਵਿਖੇ ਅਜਿਹੇ ਕੈਂਪ ਲਗਾ ਕੇ ਬਾਰਡਰ ਖੇਤਰ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਉਨਾਂ ਦੇ ਪਿੰਡਾਂ 'ਚ ਜਾ ਕੇ ਵਿਭਾਗ ਦੀ ਟੀਮਾਂ ਵੱਲੋਂ ਦਿੱਤੀਆਂ ਜਾਣਗੀਆਂ। ਬਲਾਕ ਐਜੂਕੇਟਰ ਹਰਜੀਤ ਸਿੰਘ ਪਹੁਵਿੰਡ ਨੇ ਕਿਹਾ ਕਿ ਇਨਾਂ ਕੈਂਪਾਂ ਦਾ ਮੁੱਖ ਮੰਤਵ ਮਰੀਜ਼ਾਂ ਦਾ ਇਲਾਜ ਕਰਨ ਦੇ ਨਾਲ ਨਾਲ ਸਰਹੱਦੀ ਖੇਤਰ ਦੇ ਲੋਕਾਂ ਨੂੰ ਕੇਂਦਰੀ ਅਤੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਸਿਹਤ ਪ੍ਰੋਗਰਾਮਾਂ ਬਾਰੇ ਜਾਗਰੂਕ ਕਰਨ ਹੈ।

# ਪੁਲਸ ਨਸ਼ਿਆਂ ਤੇ ਹੋਰਨਾਂ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਯਤਨਸ਼ੀਲ : ਥਾਣਾ ਮੁਖੀ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਨਸ਼ਿਆਂ ਦੇ ਵਗ ਰਹੇ ਛੇਵੇ ਦਰਿਆ ਨੂੰ ਰੋਕਣ ਲਈ ਪੁਲਸ ਪ੍ਰਸ਼ਾਸਨ ਨੂੰ ਹਰ ਵਿਅਕਤੀ ਸਹਿਯੋਗ ਦੇਵੇ ਤਾਂ ਇਹ ਬਿਮਾਰੀ ਦਾ ਬਹੁਤ ਜਲਦ ਖਾਤਮਾਂ ਹੋ ਸਕਦਾ ਹੈ।

ਇਹ ਪ੍ਰਗਟਾਵਾ ਪੁਲਸ ਸਟੇਸਨ ਤਰਸਿੱਕਾ ਦੇ ਐਸ.ਐਚ.ਓ. ਅਵਤਾਰ ਸਿੰਘ ਕਾਹਲੋਂ ਨੇ ਇਲਾਕੇ ਦੇ ਪਤਵੰਤਿਆ ਦੀ ਬੁਲਾਈ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਥਾਣਾ ਮੁਖੀ ਨੇ ਕਿਹਾ ਹੈ ਕਿ ਐਸ.ਐਸ. ਪੀ. ਦਿਹਾਤੀ ਦੇ ਹੁਕਮਾਂ ਤੇ ਪੁਲਸ ਨਸ਼ਿਆਂ ਅਤੇ ਹੋਰਨਾਂ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਯਤਨਸ਼ੀਲ ਹੈ ਜਿਸ ਵਿੱਚ ਆਮ ਲੋਕਾਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ ਕਿਉਕਿ ਕਿਸੇ ਵੀ ਚੀਜ਼ ਨੂੰ ਉਸ ਸਮੇ ਤੱਕ ਖਤਮ ਨਹੀ ਕੀਤਾ ਜਾ ਸਕਦਾ ਜਿੰਨੀ ਦੇਰ ਤੱਕ ਜਨਤਾ ਪੁਲਸ ਦਾ ਸਾਥ ਨਹੀ ਦਿੰਦੀ। ਇਸ ਲਈ ਨਸ਼ੇ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਘੁਣ ਵਾਂਗ ਖਾਈ ਜਾ ਰਹੇ ਹਨ ਦੇ ਖਾਤਮੇ ਲਈ ਹਰੇਕ ਵਿਅਕਤੀ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਹੋ ਰਹੀ ਵਿਕਰੀ ਸਬੰਧੀ ਜਾਣਕਾਰੀ ਦੇਣ ਵਾਲੇ ਦਾ ਨਾਮ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

# ਚੰਗੀ ਸਿੱਖਿਆ ਬਿਨਾਂ ਮਨੁੱਖ ਤਰੱਕੀ ਨਹੀਂ ਕਰ ਸਕਦਾ: ਡਾ. ਗੁਮਟਾਲਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ ਜਿੰਨੀ ਮਰਜ਼ੀ ਤਾਕਤ ਦੇ ਅਸੀਂ ਧਨੀ ਹੋਈਏ ਪਰ ਜੇਕਰ ਕਿਸੇ ਕੋਲ ਚੰਗੀ ਸਿੱਖਿਆ ਨਹੀਂ ਹੈ ਤਾਂ ਮਨੁੱਖ ਕਦੇ ਵੀ ਤਰੱਕੀ ਨਹੀਂ ਕਰ ਸਕਦਾ, ਇਸ ਲਈ ਬੱਚਿਆਂ ਨੂੰ ਚੰਗੀ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ ਜਿਸ ਵਿੱਚ ਮਾਪਿਆਂ ਨੂੰ ਵੀ ਉਚੇਚਾ ਧਿਆਨ ਦੇਣਾ ਪਵੇਗਾਸ਼ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਖੁਜਾਲਾ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਗੁਮਟਾਲਾ ਨੇ ਬੱਚਿਆ ਅਤੇ ਮਾਪਿਆ ਦੀ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਡਾ. ਗੁਮਟਾਲਾ ਨੇ ਕਿਹਾ ਕਿ ਨਵੇ ਸੈਸ਼ਨ ਵਿੱਚ ਬੱਚਿਆਂ ਨੂੰ ਮਿਹਨਤ ਨਾਲ ਪੜ੍ਹ ਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਇਸ ਮੌਕੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਅਤੇ ਬਾਕੀ ਸਟਾਫ ਮੈਂਬਰ ਵੀ ਹਾਜ਼ਰ ਸਨ।

# ਸੇਵਾ ਕੇਂਦਰਾਂ 'ਚ ਹੁਣ 4 ਹੋਰ ਨਵੀਆਂ ਸੇਵਾਵਾਂ ਮਿਲਣੀਆਂ ਸ਼ੁਰੂ: ਡੀਸੀ

**ਪਠਾਨਕੋਟ, (ਦਵਿੰਦਰ ਸਿੰਘ)**-ਹੁਣ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸੇਵਾ ਕੇਂਦਰਾਂ ਵਿਚ ਮਿਲ ਰਹੀਆਂ ਸੁਵਿਧਾਵਾਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਹੁਣ ਲੋਕਾਂ ਨੂੰ ਸੇਵਾ ਕੇਂਦਰਾਂ ਵਿੱਚ ਚਾਰ ਹੋਰ ਨਵੀਆਂ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨਵੀਆਂ ਸੇਵਾਵਾਂ ਵਿੱਚ ਐਚ.ਐਸ.ਆਰ.ਪੀ (ਹਾਈ ਸਕਿਓਰਿਟੀ ਨੰਬਰ ਪਲੇਟਸ), ਸਿਹਤ ਤੇ ਵਹੀਕਲ ਬੀਮਾ, ਆਧਾਰ ਪੈਨ ਨਾਲ ਲਿੰਕ ਅਤੇ ਜਨਰਲ ਟਾਈਪਿੰਗ ਨਾਲ ਸਬੰਧਤ ਸੇਵਾਵਾਂ ਸ਼ਾਮਿਲ ਹਨ। ਉਨ੍ਹਾਂ ਨੇ ਦੱਸਿਆ ਹੁਣ ਐਚ.ਐਸ.ਆਰ.ਪੀ ਸਰਵਿਸ ਰਾਹੀਂ ਹਾਈ ਸਕਿਓਰਿਟੀ ਰਜਿਸਟਰੇਸ਼ਨ ਪਲੇਟਾਂ ਵੀ ਸੇਵਾ ਕੇਂਦਰ ਰਾਹੀਂ ਅਪਲਾਈ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਰਕਾਰੀ ਦਫ਼ਤਰਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ ਜਿਸ ਤਹਿਤ ਜ਼ਿਲ੍ਹੇ ਦੇ ਸਮੁੱਚੇ ਸਰਕਾਰੀ ਅਦਾਰੇ ਸਵੇਰੇ 7:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਖੁੱਲ੍ਹ ਰਹੇ ਹਨ, ਪਰ ਸਮੂਹ ਸੇਵਾ ਕੇਂਦਰ ਪਹਿਲਾਂ ਵਾਂਗ ਸਵੇਰੇ 9:00 ਵਜੇ ਤੋਂ ਸਾਮ 5:00 ਵਜੇ ਤੱਕ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਿੱਚ ਵਰਲਡ ਐਥਲੈਟਿਕ ਡੇਅ ਮਨਾਇਆ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਰਲਡ ਐਥਲੈਟਿਕ ਡੇ ਮਨਾਇਆ ਗਿਆ। ਇਸ ਸੰਬੰਧ ਵਿੱਚ ਸਕੂਲ ਵਿੱਚ ਇੰਟਰ ਸਕੂਲ ਐਥਲੈਟਿਕਸ ਮੁਕਾਬਲੇ ਕਰਵਾਏ ਗਏ । ਇਨ੍ਹਾਂ ਮੁਕਾਬਲਿਆਂ ਵਿੱਚ ਸੇਂਟ ਸੋਲਜਰ ਦੀਆਂ ਤਿੰਨ ਬਰਾਂਚਾਂ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ, ਸੇਂਟ ਸੋਲਜਰ ਸਕੂਲ, ਚਵਿੰਡਾ ਦੇਵੀ ਅਤੇ ਸੇਂਟ ਸੋਲਜਰ ਸਕੂਲ, ਮਜੀਠਾ ਦੇ ਬੱਚਿਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਪ੍ਰਾਇਮਰੀ ਵਰਗ ਦੇ ਤੀਜੀ ਤੋਂ ਪੰਜਵੀਂ ਕਲਾਸ ਤੱਕ ਦੇ ਬੱਚਿਆਂ ਨੇ ਭਾਗ ਲਿਆ । ਇਨ੍ਹਾ ਮੁਕਾਬਲਿਆਂ ਵਿੱਚ 100 ਮੀਟਰ ਰੇਸ, ਸਪੂਨ ਰੇਸ, ਮਲਟੀ ਰੇਸ, ਬੁੱਕ ਰੇਸ, ਹਰਡਲ ਰੇਸ, ਸੈਕ ਰੇਸ, ਹੁੱਲਾ ਹੂਪ ਰੇਸ ਆਦਿ ਦੇ ਮੁਕਾਬਲੇ ਕਰਵਾਏ ਗਏ। ਸਾਰੇ ਬੱਚਿਆਂ ਨੇ ਇਨ੍ਹਾਂ ਖੇਡ ਮੁਕਾਬਲਿਆ ਵਿੱਚ ਬੜੇ ਜੋਸ਼ੋ-ਖ਼ੋਰੋਸ਼ ਨਾਲ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਦੇ ਸ਼ੁਰੂਆਤ ਵਿੱਚ ਬੱਚਿਆਂ ਵਲੋਂ ਮਾਰਚ ਪਾਸਟ ਕੀਤਾ ਅਤੇ ਖੇਡਾਂ ਦੀ ਮਸ਼ਾਲ ਨੂੰ ਰੌਸ਼ਨ ਕਰਕੇ ਖੇਡਾਂ ਦਾ ਆਗਾਜ਼ ਕੀਤਾ ਗਿਆ। ਉਸ ਤੋਂ ਬਾਅਦ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਦੇ ਬੱਚਿਆਂ ਨੇ ਸ਼ਾਨਦਾਰ ਐਰੋਬਿਕਸ ਡਾਂਸ ਅਤੇ ਰਿੰਗ ਡਾਂਸ ਪੇਸ਼ ਕੀਤਾ। ਉਪਰੰਤ ਬੱਚਿਆਂ ਨੇ ਸਿੱਖ ਮਾਰਸ਼ਲ ਆਰਟ ਗਤਕਾ ਦੇ ਜੌਹਰ ਵੀ ਵਿਖਾਏ। ਇਸ ਮੌਕੇ ਡਾ. ਮੰਗਲ ਸਿੰਘ ਕਿਸ਼ਨਪੁਰੀ, ਮੈਨੇਜਿੰਗ ਡਾਇਰੈਕਟਰ (ਸੇਂਟ ਸੋਲਜਰ ਗਰੁੱਪ ਆਫ ਸਕੂਲ ਪ੍ਰਿੰਸੀਪਲ ਅਮਰਪ੍ਰੀਤ ਕੌਰ (ਸੇਂਟ ਸੋਲਜਰ ਸਕੂਲ, ਜੰਡਿਆਲਾ ਗੁਰੂ), ਪ੍ਰਿੰਸੀਪਲ, ਅਮਨਦੀਪ ਕੌਰ (ਸੇਂਟ ਸੋਲਜਰ ਸਕੂਲ, ਚਵਿੰਡਾ ਦੇਵੀ), ਪ੍ਰਿੰਸੀਪਲ ਹਰਜਿੰਦਰ ਪਾਲ ਕੌਰ (ਸੇਂਟ ਸੋਲਜਰ ਸਕੂਲ, ਮਜੀਠਾ) ਜੀ ਨੇ ਜੇਤੂ ਬੱਚਿਆਂ ਨੂੰ ਇਨਾਮ ਦਿੱਤੇ । ਇਸ ਮੌਕੇ ਤੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨਿਲਾਕਸੀ ਗੁਪਤਾ, ਮਨਪ੍ਰੀਤ ਕੌਰ (ਡੀ.ਪੀ.), ਸੁਖਜਿੰਦਰ ਸਿੰਘ (ਡੀ.ਪੀ.), ਜਤਿੰਦਰ ਸਿੰਘ (ਡੀ.ਪੀ.), ਯਾਦਵਿੰਦਰ ਸਿੰਘ (ਡੀ.ਪੀ.), ਨਵਦੀਪ ਸਿੰਘ ਡੀ. ਪੀ. ਮਨਪ੍ਰੀਤ ਕੌਰ (ਡੀ.ਪੀ.), ਰੁਪਿੰਦਰ ਕੌਰ (ਡੀ.ਪੀ.), ਅਮਰਜੀਤ ਸਿੰਘ (ਡੀ.ਪੀ.), ਸੁਖਜੀਤ ਸਿੰਘ (ਡੀ.ਪੀ.), ਸਤਿੰਦਰ ਕੌਰ (ਡੀ.ਪੀ.) ਅੰਗਰੇਜ ਸਿੰਘ ਡੀ ਪੀ ਅਤੇ ਸਮੂਹ ਸਟਾਫ ਹਾਜਿਰ ਸਨ ।

# ਮੰਡੀਆਂ 'ਚ ਖਰੀਦੀ ਗਈ ਕਣਕ ਦੀ 70 ਫੀਸਦੀ ਤੋਂ ਵੱਧ ਲਿਫਟਿੰਗ ਮੁਕੰਮਲ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਕੀਤੀ ਖਰੀਦ 'ਚੋਂ 70 ਫੀਸਦੀ ਤੋਂ ਵੱਧ ਕਣਕ ਦੀ ਫਸਲ ਦੀ ਲਿਫਟਿੰਗ ਕਰ ਲਈ ਹੈ ਜਦਕਿ ਬਕਾਇਆ ਫਸਲ ਦੀ ਲਿਫਟਿੰਗ ਵੀ ਤੇਜ਼ੀ ਨਾਲ ਜਾਰੀ ਹੈ। ਬੀਤੀ ਸ਼ਾਮ ਤੱਕ 442086 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕਰਕੇ ਗੁਦਾਮਾਂ ਵਿਚ ਪਹੁੰਚਾਇਆ ਗਿਆ ਹੈ। ਕਣਕ ਦੀ ਖਰੀਦ ਅਤੇ ਲਿਫਟਿੰਗ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲੇ ਦੀਆਂ ਮੰਡੀਆਂ 'ਚ 620076 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿਚੋਂ 618-315 ਮੀਟ੍ਰਿਕ ਟਨ ਕਣਕ ਸਰਕਾਰੀ ਖਰੀਦ ਏਜੰਸੀਆਂ ਵਲੋਂ ਖਰੀਦੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਖਰੀਦੀ ਗਈ ਕਣਕ ਦੀ ਪੇਮੈਂਟ ਕਿਸਾਨਾਂ ਦੇ ਖਾਤਿਆਂ ਵਿੱਚ ਬਿਨਾਂ ਕਿਸੇ ਦੇਰੀ ਪਹੁੰਚ ਰਹੀ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਜ਼ਿਲੇ 'ਚ 168315 ਮੀਟ੍ਰਿਕ ਟਨ ਕਣਕ ਦੀ ਖਰੀਦ ਨਾਲ ਸਰਕਾਰੀ ਏਜੰਸੀ ਪਨਗ੍ਰੇਨ ਸਭ ਤੋਂ ਮੋਹਰੀ ਬਣੀ ਹੋਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਕੇ ਗੁਦਾਮਾਂ ਵਿੱਚ ਪਹੁੰਚਾਇਆ ਜਾਵੇ। ਉਨਾਂ ਦੱਸਿਆ ਕਿ ਬੀਤੀ ਸ਼ਾਮ ਤੱਕ 442086 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕਰ ਲਈ ਗਈ ਹੈ।

# ਜ਼ਿਲ੍ਹਾ ਪੁਲਸ ਵੱਲੋਂ ਨਸ਼ਾ ਸਮੱਗਲਰਾਂ ਖਿਲਾਫ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਭੈਣੀ ਮੀਆ ਖਾਂ ਪੁਲਸ ਦੇ ਏ.ਐਸ.ਆਈ. ਲਖਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਟੀ. ਪੁਆਇੰਟ ਰਾਧਾ ਸੁਆਮੀ ਚੌਕ ਭੈਣੀ ਮੀਆਂ ਖਾਂ ਨਾਕਾਬੰਦੀ ਦੌਰਾਨ ਮਨਦੀਪ ਸਿੰਘ ਪੁੱਤਰ ਨਗਰ ਸਿੰਘ ਵਾਸੀ ਅਵਾਨ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਪਾਸੋਂ 2 ਗਰਾਮ ਹੈਰੋਇਨ ਬਰਾਮਦ ਹੋਈ। ਕਥਿਤ ਦੋਸ਼ੀ ਖ਼ਿਲਾਫ਼ ਪੁਲਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਭੈਣੀ ਮੀਆਂ ਖਾਂ ਦੇ ਏ.ਐਸ.ਆਈ. ਤੀਰਥ ਰਾਮ ਮੁਖਬਰ ਖਾਸ ਦੀ ਇਤਲਾਹ 'ਤੇ ਪਿੰਡ ਮੋਚਪੁਰ ਵਿਖੇ ਰੇਡ ਕਰਕੇ ਜਸਵੰਤ ਸਿੰਘ ਪੁੱਤਰ ਚੂਹੜ ਸਿੰਘ ਵਾਸੀ ਮੋਰਚਪੁਰ ਪਾਸੋਂ 7500 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਕਥਿਤ ਦੋਸ਼ੀ ਖਿਲਾਫ਼ ਪੁਲਿਸ ਨੇ ਆਬਕਾਰੀ ਐਕਟ ਤਹਿਤ ਮਾਮਲਾ ਕਰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾ ਬਹਿਰਾਮਪੁਰ ਪੁਲਸ ਦੇ ਏ.ਐਸ.ਆਈ. ਜਗੀਰ ਚੰਦ ਨੇ ਇਕ ਦੋਸ਼ਣ ਵਾਸੀ ਬਹਿਰਾਮਪੁਰ ਪਾਸੋਂ 6000 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਕਰਕੇ ਕਥਿਤ ਦੋਸ਼ੀ ਨੂੰ ਜਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਥਾਣਾ ਘੁੰਮਣ ਕਲਾਂ ਦੇ ਏ.ਐਸ.ਆਈ. ਬਲਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਮੁਸਤਫਾਪੁਰ ਤੋਂ ਕਥਿਤ ਦੋਸ਼ੀ ਬੂਆ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਮੁਸਤਫਾਪੁਰ ਪਾਸੋਂ 7500 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਕਰਕੇ ਕਥਿਤ ਦੋਸ਼ੀ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ।

# ਝੋਨੇ/ਬਾਸਮਤੀ ਦੇ ਮਿਆਰੀ ਬੀਜ ਮੁਹੱਈਆ ਕਰਵਾਏ ਜਾਣਗੇ: ਮੁੱਖ ਖੇਤੀਬਾੜੀ ਅਫ਼ਸਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਖੇਤੀਬਾੜੀ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਉਣੀ 2023 ਦੌਰਾਨ ਝੋਨੇ/ਬਾਸਮਤੀ ਅਤੇ ਸਾਉਣੀ ਦੀਆਂ ਹੋਰ ਫਸਲਾਂ ਦੇ ਮਿਆਰੀ ਬੀਜ ਕਿਸਾਨਾ ਨੂੰ ਮੁਹੱਈਆ ਕਰਵਾਉਣ ਹਿੱਤ ਮੁੱਖ ਖੇਤੀਬਾੜੀ ਅਫਸਰ, ਅੰਮ੍ਰਿਤਸਰ ਜਤਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਜ਼ਿਲ੍ਹਾ ਅੰਮ੍ਰਿਤਸਰ ਦੇ ਬੀਜ ਵਿਕਰੇਤਾਵਾਂ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਨਾਲ ਬੀਜਾਂ ਦੀ ਵਿਕਰੀ ਸਬੰਧੀ ਜ਼ਰੂਰੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਕਿਸਾਨ ਆਗੂਆਂ ਵੱਲੋਂ ਮੁੱਖ ਖੇਤੀਬਾੜੀ ਅਫਸਰ, ਅੰਮ੍ਰਿਤਸਰ ਦੇ ਧਿਆਨ ਵਿੱਚ ਲਿਆਂਦਾ ਗਿਆਂ ਕਿ ਕੁਝ ਡੀਲਰਾਂ ਵੱਲੋਂ ਬੀਜਾਂ ਦੀ ਵਿਕਰੀ ਸਮੇਂ ਕਿਸਾਨਾ ਨੂੰ ਪੱਕਾ ਬਿੱਲ ਨਹੀਂ ਦਿੱਤਾ ਜਾ ਰਿਹਾ ਹੈ ਅਤੇ ਕੁਝ ਡੀਲਰਾਂ ਵੱਲੋਂ ਝੋਨੇ/ਬਾਸਮਤੀ ਦੇ ਬੀਜਾਂ ਦੀ ਵਿਕਰੀ ਵੱਧ ਰੇਟ ਤੇ ਕੀਤੀ ਜਾ ਰਹੀ ਹੈ ਜਿਸ ਸਬੰਧੀ ਮੁੱਖ ਖੇਤੀਬਾੜੀ ਅਫਸਰ, ਅੰਮ੍ਰਿਤਸਰ ਜਤਿੰਦਰ ਸਿੰਘ ਗਿੱਲ ਵੱਲੋਂ ਜ਼ਿਲ੍ਹੇ ਦੇ ਸਮੂਹ ਬੀਜ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਉਹ ਝੋਨੇ/ਬਾਸਮਤੀ ਅਤੇ ਸਾਉਣੀ ਦੀਆਂ ਹੋਰ ਫਸਲਾਂ ਦੇ ਉੱਚ ਮਿਆਰ ਦੇ ਬੀਜ ਕਿਸਾਨਾਂ ਨੂੰ ਵਾਜਬ ਰੇਟ ਤੇ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ ਅਤੇ ਬੀਜਾਂ ਦੀ ਵਿਕਰੀ ਦੌਰਾਨ ਕਿਸਾਨਾਂ ਨੂੰ ਪੱਕਾ ਖਰੀਦ ਬਿੱਲ ਜ਼ਰੂਰ ਦਿੱਤਾ ਜਾਵੇ। ਸ: ਗਿੱਲ ਨੇ ਕਿਹਾ ਕਿ ਕੋਈ ਵੀ ਡੀਲਰ ਝੋਨੇ/ਬਾਸਮਤੀ ਦੇ ਬੀਜ ਵੱਧ ਰੇਟ ਤੇ ਕਿਸਾਨਾਂ ਨੂੰ ਨਾ ਵੇਚੇ ਅਤੇ ਬੀਜ ਐਕਟ ਅਨੁਸਾਰ ਸਮੂਹ ਡੀਲਰ ਬੀਜਾਂ ਦੀ ਵਿਕਰੀ ਨਾਲ ਸਬੰਧਤ ਮੁਕੰਮਲ ਰਿਕਾਰਡ ਮੇਨਟੇਨ ਕਰਨਾ ਯਕੀਨੀ ਬਣਾਉਣ। ਇਸ ਤੋਂ ਇਲਾਵਾ ਮੁੱਖ ਖੇਤੀਬਾੜੀ ਅਫਸਰ, ਅੰਮ੍ਰਿਤਸਰ ਵੱਲੋਂ ਦੱਸਿਆ ਗਿਆ ਕਿ ਜਿਲ੍ਹੇ ਵਿਚ ਕਿਸਾਨਾਂ ਨੂੰ ਉੱਚ ਮਿਆਰ ਦੇ ਖੇਤੀ ਇਨਪੁਟਸ (ਖਾਦ/ਬੀਜ/ਦਵਾਈਆਂ) ਮੁੱਹਈਆ ਕਰਵਾਉਣ ਤਹਿਤ ਉਨਾਂ ਵਲੋ ਜ਼ਿਲ੍ਹੇ ਪੱਧਰ ਦਾ ਉੱਡਣ ਦਸਤਾ ਗਠਿਤ ਕੀਤਾ ਗਿਆ ਹੈ ਜੋ ਸਮੇਂ ਸਮੇਂ ਸਿਰ ਜਿਲ੍ਹੇ ਵਿਚ ਬੀਜ/ਖਾਦ/ਕੀੜੇਮਾਰ ਦਵਾਈਆਂ ਦੇ ਡੀਲਰਾਂ ਦੀ ਚੈਕਿੰਗ ਕਰੇਗਾ ਅਤੇ ਉਨ੍ਹਾਂ ਵਲੋ ਸਮੂਹ ਬਲਾਕ ਖੇਤੀਬਾੜੀ ਅਧਿਕਾਰੀਆਂ ਨੂੰ ਕਿਸਾਨਾ ਨੂੰ ਮਿਆਰੀ ਬੀਜ ਮੁਹੱਈਆ ਕਰਵਾਉਣ ਹਿੱਤ ਬੀਜ ਵਿਕਰੇਤਾਵਾਂ ਦੀ ਲਗਾਤਾਰ ਚੈੱਕਿੰਗ ਅਤੇ ਬੀਜਾਂ ਦੀ ਸੈਂਪਲਿੰਗ ਪਹਿਲ ਦੇ ਅਧਾਰ 'ਤੇ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਅਤੇ ਉਲੰਘਣਾ ਕਰਨ ਵਾਲੇ ਡੀਲਰ/ਦੋਸ਼ੀ ਫਰਮ ਖਿਲਾਫ ਬੀਜ ਐਕਟ ਅਨੁਸਾਰ ਸਖਤ ਕਾਨੂੰਨੀ ਕਾਰਵਾਈ ਕਰਨ ਸਬੰਧੀ ਹਦਾਇਤ ਕੀਤੀ। ਇਸ ਮੌਕੇ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਸੀਨੀਅਰ ਮੀਤ ਪ੍ਰਧਾਨ ਸਕੱਤਰ ਸਿੰਘ ਕੋਟਲਾ, ਜੌਨ ਪ੍ਰਧਾਨ ਕੁਲਜੀਤ ਸਿੰਘ ਬਾਊ, ਨਰਿੰਦਰ ਸਿੰਘ ਭਿੱਟੇਵੱਡ, ਕੰਧਾਰਾ ਸਿੰਘ ਭੋਏਵਾਲੀ, ਨਿਸ਼ਾਨ ਸਿੰਘ ਮਾੜਮੇਘਾ ਆਦਿ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤੋਂ ਤਜਿੰਦਰ ਸਿੰਘ, ਸੁਖਰਾਜਬੀਰ ਸਿੰਘ, ਹਰਪ੍ਰੀਤ ਸਿੰਘ ਅਤੇ ਸੁਖਚੈਨ ਸਿੰਘ ਸਮੂਹ ਖੇਤੀਬਾੜੀ ਅਫਸਰ, ਰਛਪਾਲ ਸਿੰਘ ਖੇਤੀਬਾੜੀ ਵਿਕਾਸ ਅਫਸਰ (ਬੀਜ), ਗੁਰਜੋਤ ਸਿੰਘ (ਖੇ.ਵਿ.ਅ.) ਆਦਿ ਅਧਿਕਾਰੀ ਅਤੇ ਬੀਜ ਵਿਕ੍ਰੇਤਾਵਾਂ ਵਲੋਂ ਰਮੇਸ਼ ਕੁਮਾਰ ਪ੍ਰਧਾਨ, ਹਰਵੰਸ ਸਿੰਘ, ਜਸਬੀਰ ਸਿੰਘ, ਅਬੀ ਮਹਾਜਨ, ਸਨੀ ਆਦਿ ਬੀਜ ਵਿਕਰੇਤਾ ਹਾਜ਼ਰ ਸਨ।

# ਰਵੀਕਰਨ ਕਾਹਲੋਂ ਨੇ ਕੌਂਸਲਰ ਕੁਲਵਿੰਦਰ ਸਿੰਘ ਬੇਦੀ ਨਾਲ ਕੀਤਾ ਦੁੱਖ ਸਾਂਝਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬੀਤੇ ਦਿਨੀਂ ਕਸਬਾ ਡੇਰਾ ਬਾਬਾ ਨਾਨਕ ਦੇ ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਬੇਦੀ (ਜੁਗਨੂੰ ) ਦੇ ਪਿਤਾ ਤੇ ਪਾਵਰਕਾਮ ਦੇ ਸਾਬਕਾ ਅਸਿਸਟੈਂਟ ਇੰਜ: ਬਾਬਾ ਅਮਰਜੀਤ ਸਿੰਘ ਬੇਦੀ ਜਿਨ੍ਹਾਂ ਦਾ ਬੀਤੇ ਕੱਲ ਸਵੇਰੇ ਅਚਾਨਕ ਦਿਹਾਂਤ ਹੋ ਗਿਆ ਸੀ। ਅੱਜ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਡੇਰਾ ਬਾਬਾ ਨਾਨਕ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਸਾਥੀਆਂ ਸਮੇਤ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ। ਇਸ ਮੌਕੇ ਉਨ੍ਹਾਂ ਵੱਲੋਂ ਸਵਰਗਵਾਸੀ ਬਾਬਾ ਅਮਰਜੀਤ ਸਿੰਘ ਬੇਦੀ ਦੇ ਸਪੁੱਤਰ ਕੌਂਸਲਰ ਕੁਲਵਿੰਦਰ ਸਿੰਘ ਬੇਦੀ, ਗੁਰਬਿੰਦਰ ਸਿੰਘ ਬੇਦੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ ਤੇ ਕਿਹਾ ਕਿ ਬਾਬਾ ਅਮਰਜੀਤ ਸਿੰਘ ਬੇਦੀ ਦੀ ਹੋਈ ਬੇਵਕਤੀ ਮੌਤ ਨਾਲ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਕਾਹਲੋਂ ਪਰਿਵਾਰ ਬੇਦੀ ਪਰਿਵਾਰ ਦੇ ਨਾਲ ਖੜਾ ਹੈ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਸਾਬਕਾ ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਸੈਕਟਰੀ ਮੱਖਣ ਸਿੰਘ ਜੌੜੀਆਂ ਕਲਾਂ, ਅਕਾਲੀ ਆਗੂ ਸਤਬੀਰ ਸਿੰਘ ਬਿੱਟੂ, ਰਿਟਾਇਰਡ ਐਸਐਸਏ ਬਲਵਿੰਦਰ ਸਿੰਘ ਨਾਗੀ, ਭੱਟੀ ਸਾਹਿਬ ਦਾਲਮ, ਬਲਵਿੰਦਰ ਸਿੰਘ ਬਿੱਲੂ, ਐਸ. ਪੀ. ਸਿੰਘ ਪਟਵਾਰੀ, ਸੱਜਣ ਸਿੰਘ ਖਲੀਲਪੁਰ, ਜੈ ਸਿੰਘ, ਚਰਨਜੀਤ ਸਿੰਘ ਬੇਦੀ, ਕਰਨੈਲ ਸਿੰਘ ਦਾਉਦੀਆਂ, ਇੰਸ: ਬਖਸ਼ੀਸ਼ ਸਿੰਘ ਠੇਠਰਕੇ, ਅਮਰਜੀਤ ਸਿੰਘ ਝੰਗੀ ਆਦਿ ਅਕਾਲੀ ਵਰਕਰ ਵੀ ਹਾਜ਼ਰ ਸਨ।

11-May-PAGE- 12.qxd 5/10/2023 9:45 PM Page 1



# ਜ਼ਿਲ੍ਹਾ ਐੱਸ ਏ ਐੱਸ ਨਗਰ ਦੇ ਖਿਡਾਰੀਆਂ ਨੂੰ 35 ਲੱਖ ਰੁਪਏ ਇਨਾਮ ਵਜੋਂ ਤਕਸੀਮ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਸੂਬੇ ਦੇ ਬਹੁਪੱਖੀ ਵਿਕਾਸ ਲਈ ਦਿਨ ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ, ਜਿਸ ਦੇ ਸਾਰਥਕ ਸਿੱਟੇ ਵੀ ਸਾਹਮਣੇ ਆ ਰਹੇ ਹਨ । ਇਨ੍ਹਾਂ ਯਤਨਾਂ ਦੀ ਲੜੀ ਤਹਿਤ ਹੀ ਕੌਮੀ ਪੱਧਰ 'ਤੇ ਸੂਬੇ ਦਾ ਨਾਂਅ ਰੌਸ਼ਨ ਕਰਨ ਵਾਲੇ ਜ਼ਿਲ੍ਹੇ ਦੇ ਖਿਡਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ 35 ਲੱਖ ਰੁਪਏ ਦੀ ਇਨਾਮੀ ਰਾਸ਼ੀ ਨਾਲ ਨਿਵਾਜਿਆ ਗਿਆ ਹੈ। ਖਿਡਾਰੀਆਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਗੁਜਰਾਤ ਵਿਖੇ ਹੋਈਆਂ 36ਵੀਆਂ ਨੈਸ਼ਨਲ ਗੇਮਜ਼ ਦੌਰਾਨ ਜਿਹੜੇ ਖਿਡਾਰੀਆਂ ਨੇ ਤਮਗੇ ਹਾਸਲ ਕੀਤੇ ਉਨ੍ਹਾਂ ਨੂੰ ਇਨਾਮੀ ਰਾਸ਼ੀ ਦਿੱਤੀ ਗਈ ਹੈ । ਇਨ੍ਹਾਂ ਕੌਮੀ ਖੇਡਾਂ ਵਿੱਚ ਜ਼ਿਲ੍ਹਾ ਐਸ ਏ ਐਸ ਨਗਰ ਦੇ ਹਰਸ਼ਪ੍ਰੀਤ ਸਿੰਘ ਨੇ ਜੂਡੋ 81 ਕਿੱਲੋ ਭਾਰ ਵਰਗ 'ਚ ਚਾਂਦੀ ਦਾ ਤਮਗਾ ਜਿੱਤਿਆ ਤੇ ਪੰਜਾਬ ਸਰਕਾਰ ਵੱਲੋਂ ਉਨ੍ਹਾ ਨੂੰ 3 ਲੱਖ ਰੁਪਏ ਇਨਾਮੀ ਰਾਸ਼ੀ ਦਿੱਤੀ ਗਈ ਹੈ । ਇਸੇ ਤਰ੍ਹਾਂ ਤੈਰਾਕੀ 'ਚ ਚਾਹਤ ਅਰੋੜਾ ਨੇ 2 ਸੋਨ ਤਮਗੇ ਅਤੇ ਇੱਕ ਚਾਂਦੀ ਦਾ ਤਮਗਾ ਜਿੱਤਿਆ ਤੇ ਉਨ੍ਹਾ ਨੂੰ 13 ਲੱਖ ਰੁਪਏ ਇਨਾਮੀ ਰਾਸ਼ੀ ਨਾਲ ਨਿਵਾਜਿਆ ਗਿਆ ਹੈ । ਹੀਰਾ ਕੁਮਾਰੀ ਨੇ ਸੌਫਟ ਬਾਲ ਟੀਮ ਈਵੈਂਟ 'ਚ ਸੋਨ ਤਮਗਾ ਜਿੱਤਿਆ ਤੇ ਇਨ੍ਹਾ ਨੇ ਇਨਾਮੀ ਰਾਸ਼ੀ 5 ਲੱਖ, ਸ਼ੂਟਿੰਗ 'ਚ ਗਨੇਮਤ ਸੇਖੋਂ ਨੇ ਸੋਨ ਤਮਗਾ ਜਿੱਤ ਕੇ 5 ਲੱਖ ਰੁਪਏ ਇਨਾਮੀ ਰਾਸ਼ੀ ਹਾਸਲ ਕੀਤੀ ਹੈ। ਸ਼ੂਟਿੰਗ ਵਿੱਚ ਹੀ ਅਰਜੁਨ ਬਬੂਤਾ ਨੇ ਚਾਂਦੀ ਦਾ ਤਮਗਾ ਜਿੱਤ ਕੇ 3 ਲੱਖ ਰੁਪਏ ਇਨਾਮੀ ਰਾਸ਼ੀ ਪ੍ਰਾਪਤ ਕੀਤੀ। ਹਾਕੀ 'ਚ ਚਾਂਦੀ ਦੇ ਤਗਮੇ ਲਈ ਰੀਨਾ ਖੋਖਰ ਨੂੰ 3 ਲੱਖ ਰੁਪਏ ਅਤੇ ਨੈਟਬਾਲ ਵਿੱਚ ਚਾਂਦੀ ਦੇ ਤਮਗੇ ਲਈ ਸੰਦੀਪ ਕੌਰ ਨੂੰ ਵੀ 3 ਲੱਖ ਰੁਪਏ ਦੀ ਇਨਾਮੀ ਰਾਸ਼ੀ ਨਾਲ ਨਿਵਾਜਿਆ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡਾਂ ਸਦਕਾ ਜਿੱਥੇ ਮਨੁੱਖ ਦਾ ਸਰੀਰ ਮਜ਼ਬੂਤ ਹੁੰਦਾ ਹੈ, ਉਥੇ ਮਾਨਸਿਕ ਤੌਰ 'ਤੇ ਵੀ ਮਨੁੱਖ ਵਿੱਚ ਅਥਾਹ ਸ਼ਕਤੀ ਆਉਂਦੀ ਹੈ। ਖੇਡਾਂ ਨਾਲ ਜੁੜਿਆ ਵਿਅਕਤੀ ਹਰ ਖੇਤਰ ਵਿੱਚ ਹੋਰਨਾਂ ਨਾਲੋਂ ਬਿਹਤਰ ਪ੍ਰਦਰਸ਼ਨ ਦੀ ਸਮਰੱਥਾ ਰੱਖਦਾ ਹੈ । ਉਨ੍ਹਾ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਖੇਡਾਂ 'ਚ ਹਿੱਸਾ ਲੈਣ ਅਤੇ ਸੂਬੇ ਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਦੇ ਨਾਲ ਨਾਲ ਆਪਣਾ ਤੇ ਆਪਣੇ ਪਰਵਾਰ ਦਾ ਭਵਿੱਖ ਸੁਨਹਿਰੀ ਬਣਾਉਣ ।

# ਪਹਿਲਵਾਨ ਖਿਡਾਰਨਾਂ ਦੇ ਹੱਕ 'ਚ ਤਿੰਨ ਰੋਜ਼ਾ ਅਰਥੀ ਫੂਕ ਵਿਖਾਵੇ ਅੱਜ ਤੋਂ

**ਚੰਡੀਗੜ੍ਹ (ਗੁਰਜੀਤ ਬਿੱਲਾ)** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪਹਿਲਵਾਨ ਕੁੜੀਆਂ ਦੁਆਰਾ ਇਨਸਾਫ ਲੈਣ ਲਈ ਦਿੱਲੀ ਜੰਤਰ ਮੰਤਰ ਵਿਖੇ ਹਫਤਿਆਂ ਬੱਧੀ ਦਿਨੇ ਰਾਤ ਲਾਏ ਗਏ ਲਗਾਤਾਰ ਧਰਨੇ ਦੀ ਹਮਾਇਤ ਵਿੱਚ ਕੁੜੀਆਂ ਦੇ ਜਿਣਸੀ ਸ਼ੋਸ਼ਣ ਦੇ ਨਾਮਜ਼ਦ ਦੋਸ਼ੀ ਬ੍ਰਿਜ ਭੂਸ਼ਨ ਸਰਨ ਸਿੰਘ ਨੂੰ ਸਾਰੇ ਅਹੁਦਿਆਂ ਤੋਂ ਬਰਖਾਸਤ ਕਰਕੇ ਤੁਰੰਤ ਗ੍ਰਿਫਤਾਰ ਕਰਵਾਉਣ ਦੀ ਮੰਗ ਨੂੰ ਲੈ ਕੇ ਉਸਦੀ ਸਰਪ੍ਰਸਤ ਮੋਦੀ ਸਰਕਾਰ ਵਿਰੁੱਧ 11,12,13 ਮਈ ਨੂੰ 17 ਜ਼ਿਲ੍ਹਿਆਂ 'ਚ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 11 ਮਈ ਨੂੰ ਮਾਨਸਾ, ਅੰਮ੍ਰਿਤਸਰ ਤੇ ਸੰਗਰੂਰ ਡੀ ਸੀ ਦਫਤਰਾਂ ਸਮੇਤ ਹੁਸ਼ਿਆਰਪੁਰ 'ਚ ਮਾਹਿਲਪੁਰ ਐੱਸ ਡੀ ਐਮ ਦਫਤਰ ਅੱਗੇ, 12 ਮਈ ਨੂੰ ਮੋਗਾ, ਬਠਿੰਡਾ, ਪਟਿਆਲਾ, ਬਰਨਾਲਾ, ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ, ਤਰਨਤਾਰਨ, ਗੁਰਦਾਸਪੁਰ ਡੀ ਸੀ ਦਫਤਰਾਂ ਸਮੇਤ ਜਲੰਧਰ ਵਿੱਚ ਨਕੋਦਰ ਐੱਸ ਡੀ ਐਮ ਦਫਤਰ ਅੱਗੇ ਅਤੇ 13 ਮਈ ਨੂੰ ਮਲੇਰਕੋਟਲਾ, ਲੁਧਿਆਣਾ, ਮੁਕਤਸਰ ਡੀ ਸੀ ਦਫਤਰਾਂ ਅੱਗੇ ਭਾਰੀ ਗਿਣਤੀ ਔਰਤਾਂ ਸਮੇਤ ਵਿਸ਼ਾਲ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

# ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਦਾ ਸਰਟੀਫਿਕੇਟਾਂ ਨਾਲ ਸਨਮਾਨ




**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** - ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਜਸਪ੍ਰੀਤ ਸਿੰਘ ਵੱਲੋਂ ਸਥਾਨਕ ਐਚ.ਐਮ.ਵੀ. ਕਾਲਜ ਵਿਖੇ ਮਹਿਲਾ ਸਟਾਫ ਵੱਲੋਂ ਪ੍ਰਬੰਧਿਤ ਜ਼ਿਲ੍ਹਾ ਪੱਧਰੀ 'ਵੂਮੈਨ ਓਨਲੀ' ਪੋਲਿੰਗ ਸਟੇਸ਼ਨ ਦਾ ਦੌਰਾ ਕਰਕੇ ਉਥੇ ਚੱਲ ਰਹੀ ਵੋਟਿੰਗ ਪ੍ਰਕਿਰਿਆ ਅਤੇ ਵੋਟਰਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਵਿਸ਼ੇਸ਼ ਸਹੂਲਤਾਂ ਦਾ ਜਾਇਜ਼ਾ ਲਿਆ ਗਿਆ।

ਡਿਪਟੀ ਕਮਿਸ਼ਨਰ ਵੱਲੋਂ ਇਸ ਮੌਕੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਦਾ ਸਰਟੀਫਿਕੇਟਾਂ ਨਾਲ ਸਨਮਾਨ ਕਰਨ ਤੋਂ ਇਲਾਵਾ 80 ਸਾਲ ਤੋਂ ਵੱਧ ਉਮਰ ਵਾਲੇ ਬਜ਼ੁਰਗ ਵੋਟਰਾਂ ਨੂੰ ਧੰਨਵਾਦ ਪੱਤਰ ਪ੍ਰਦਾਨ ਕੀਤੇ। ਪੋਲਿੰਗ ਬੂਥ ਵਿਖੇ ਨੇਲ ਆਰਟ ਤੇ ਸੈਲਫੀ ਕਾਰਨਰ ਨੌਜਵਾਨ ਵੋਟਰਾਂ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਚ.ਐਮ.ਵੀ. ਕਾਲਜ ਵਿਖੇ ਸਥਾਪਤ ਵੂਮੈਨ ਓਨਲੀ ਪੋਲਿੰਗ ਸਟੇਸ਼ਨ ਵਿਖੇ ਸਮੁੱਚਾ ਪ੍ਰਬੰਧ ਮਹਿਲਾ ਸਟਾਫ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਥੇ ਵੋਟਰਾਂ ਲਈ ਵੇਟਿੰਗ ਏਰੀਆ, ਰਿਫਰੈਸ਼ਮੈਂਟ, ਬੋਤਲ ਕਰੱਸ਼ਿੰਗ ਮਸ਼ੀਨ, ਸੈਲਫੀ ਪੁਆਇੰਟ, ਮਨੋਰੰਜਨ ਲਈ ਐਲ.ਈ.ਡੀ. ਸਕਰੀਨਾਂ, ਕਰੈੱਚ, ਹੈਲਪ ਡੈਸਕ ਸਮੇਤ ਹੋਰ ਸਹੂਲਤਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੀ.ਡਬਲਯੂ.ਡੀ. ਅਤੇ ਬਜ਼ੁਰਗ ਵੋਟਰਾਂ ਨੂੰ ਵ੍ਹੀਲ ਚੇਅਰ ਤੇ ਈ-ਰਿਕਸ਼ਾ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਅਜਿਹੇ ਵੋਟਰਾਂ ਦੀ ਮਦਦ ਲਈ ਚੋਣ ਮਿੱਤਰ ਵੀ ਤਾਇਨਾਤ ਕੀਤੇ ਗਏ ਹਨ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਅਜਿਹੇ ਪੋਲਿੰਗ ਸਟੇਸ਼ਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਿਲੌਰ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਹਿਸੀਲ ਬਾਜ਼ਾਰ ਨਕੋਦਰ, ਸਰਕਾਰੀ ਐਲੀਮੈਂਟਰੀ ਸਕੂਲ ਸਾਬੋਵਾਲ, ਆਰੀਆ ਮਾਡਲ ਸਕੂਲ ਕਰਤਾਰਪੁਰ, ਮਿੰਟਗੁਮਰੀ ਗੁਰੂ ਨਾਨਕ ਪਬਲਿਕ ਸਕੂਲ ਆਦਰਸ਼ ਨਗਰ ਜਲੰਧਰ, ਡੇਵੀਏਟ ਇੰਸਟੀਚਿਊਟ ਕਬੀਰ ਨਗਰ ਜਲੰਧਰ, ਗੁਰੂ ਅਮਰਦਾਸ ਸਕੂਲ, ਜੂਨੀਅਰ ਵਿੰਗ ਗੁਰੂ ਤੇਗ ਬਹਾਦਰ ਨਗਰ ਜਲੰਧਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭੋਗਪੁਰ ਵਿਖੇ ਵੀ ਸਥਾਪਤ ਕੀਤੇ ਗਏ ਹਨ, ਜਿਥੇ ਸਮੁੱਚਾ ਪ੍ਰਬੰਧ ਮਹਿਲਾ ਟੀਮ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਹਿਲ ਦਾ ਮਕਸਦ ਚੋਣ ਪ੍ਰਕਿਰਿਆ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਵੋਟਰਾਂ ਦੇ ਵੋਟਿੰਗ ਦੇ ਤਜ਼ਰਬੇ ਨੂੰ ਵਧੀਆ ਬਣਾਉਣਾ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਵੋਟਿੰਗ ਪ੍ਰਕਿਰਿਆ ਨੂੰ ਵੋਟਰਾਂ ਲਈ ਉਤਸ਼ਾਹਜਨਕ ਬਣਾਉਣ ਦੇ ਮੰਤਵ ਨਾਲ ਜ਼ਿਲ੍ਹੇ ਭਰ ਵਿੱਚ 45 ਮਾਡਲ ਪੋਲਿੰਗ ਵੀ ਸਥਾਪਤ ਕੀਤੇ ਗਏ ਹਨ, ਜਿਥੇ ਵੋਟਰਾਂ ਨੂੰ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਜਲੰਧਰ ਕੇਂਦਰੀ ਹਲਕੇ ਵਿੱਚ ਗੁਲਾਬ ਦੇਵੀ ਰੋਡ ਸਥਿਤ ਪਿੰਗਲਵਾੜਾ ਘਰ ਵਿਖੇ ਵਿਸ਼ੇਸ਼ ਪੋਲਿੰਗ ਬੂਥ ਸਥਾਪਤ ਕੀਤਾ ਗਿਆ ਹੈ, ਜਿਸਦਾ ਸੰਚਾਲਨ ਦਿਵਿਆਂਗ ਵਿਅਕਤੀਆਂ ਵੱਲੋਂ ਕੀਤਾ ਕੀਤਾ ਜਾ ਰਿਹਾ ਹੈ।

## ਬੱਲੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਤੇ ਨਵਤੇਜ ਗੜ੍ਹਦੀਵਾਲਾ ਜਨਰਲ ਸਕੱਤਰ ਚੁਣੇ



**ਹੁਸ਼ਿਆਰਪੁਰ, (ਓ ਪੀ ਰਾਣਾ )** - ਸਮਾਜਿਕ ਤਬਦੀਲੀ ਵਾਸਤੇ ਸਾਹਿਤ ਸਿਰਜਣਾ ਲਈ ਜੁੜੇ ਲੇਖਕਾਂ ਦੀ ਸਿਰਮੌਰ ਕੌਮੀ ਸੰਸਥਾ ਪ੍ਰਗਤੀਸ਼ੀਲ ਲੇਖਕ ਸੰਘ ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦੀ ਨਵੀ ਚੋਣ ਇੱਥੇ ਹੁਸ਼ਿਆਰਪੁਰ ਵਿਖੇ ਇਕ ਮੀਟਿੰਗ ਦੌਰਾਨ ਪੰਜਾਬ ਇਕਾਈ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਦੀ ਪ੍ਰਧਾਨਗੀ ਹੇਠ ਹੋਈ। ਚੋਣ ਪ੍ਰਕਿਰਿਆ ਤਹਿਤ ਲਏ ਗਏ ਫੈਸਲੇ ਅਨੁਸਾਰ ਪ੍ਰੋ. ਬਲਦੇਵ ਸਿੰਘ ਬੱਲੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਜਦੋਂ ਕਿ ਪ੍ਰੋ. ਮਲਕੀਤ ਜੌੜਾ ਸੀਨੀਅਰ ਮੀਤ ਪ੍ਰਧਾਨ ਅਤੇ ਸਿਮਰਜੀਤ ਸ਼ੰਮੀ ਮੀਤ ਪ੍ਰਧਾਨ ਚੁਣੇ ਗਏ।ਨਵਤੇਜ ਗੜ੍ਹਦੀਵਾਲਾ ਜਨਰਲ ਸਕੱਤਰ, ਡਾ. ਅਰਮਨਪ੍ਰੀਤ ਸਿੰਘ, ਜੀਵਨ ਚੰਦੇਲੀ, ਪ੍ਰਿੰਸੀਪਲ ਗੁਰਾਂਦਾਸ ਅਤੇ ਸੁਰਿੰਦਰ ਕੰਗਵੀ ਸਕੱਤਰ ਚੁਣੇ ਗਏ। ਮੀਟਿੰਗ 'ਚ ਲਏ ਗਏ ਫੈਸਲੇ ਅਨੁਸਾਰ ਪ੍ਰਿੰਸੀਪਲ ਪਰਮਜੀਤ ਸਿੰਘ ਸੰਘ ਦੀ ਜਿਲਾ ਇਕਾਈ ਦੇ ਸਰਪ੍ਰਸਤ ਅਤੇ ਮਦਨਵੀਰਾ ਸਲਾਹਕਾਰ ਵਜੋਂ ਜੁੰਮੇਵਾਰੀ ਨਿਭਾਉਣਗੇ।ਡਾ. ਸ਼ਮਸ਼ੇਰ ਮੋਹੀ, ਪ੍ਰੋ. ਗੁਰਮੀਤ ਸਰਾਂ, ਰਾਮ ਰਤਨ, ਸੁਖਜੀਤ ਝਾਂਸ, ਹੇਮ ਪ੍ਰਵਾਨਾ, ਅਜੈ ਕੁਮਾਰ, ਗੁਰਿੰਦਰ ਸਫਰੀ ਕਾਰਜਕਾਰੀ ਮੈਂਬਰ ਵਜੋਂ ਸੇਵਾਵਾਂ ਨਿਭਾਉਣਗੇ। ਮੀਟਿੰਗ 'ਚ ਵਿਚਾਰ ਚਰਚਾ ਦੌਰਾਨ ਜਿਲਾ ਇਕਾਈ ਦੇ ਹੋਰ ਨਵੇਂ ਮੈਂਬਰ ਬਨਾਉਣ ਅਤੇ ਨੌਜਵਾਨਾਂ 'ਚ ਸਾਹਿਤਕ ਰੁਚੀਆਂ ਪੈਦਾ ਕਰਨ ਦੇ ਉਦੇਸ਼ ਨਾਲ ਮੀਟਿੰਗਾਂ ਕਰਨ ਬਾਰੇ ਆਖਿਆ ਗਿਆ। ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਪੰਜਾਬ ਇਕਾਈ ਵਲੋਂ ਉਲੀਕੇ ਗਏ ਕਾਰਜਾਂ ਦੀ ਜਾਣਕਾਰੀ ਦਿੱਤੀ।

## ਸੰਤ ਬਾਬਾ ਰਣਜੀਤ ਸਿੰਘ ਦੀ ਬਰਸੀ ਮੌਕੇ ਸੰਤ ਸਮਾਗਮ 13 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਭੋਗਪੁਰ ਵਿਖੇ ਸੰਤ ਸੇਵਕ ਜੱਥਾ ਸੰਤ ਬਾਬਾ ਰਣਜੀਤ ਸਿੰਘ ਸ੍ਰੀ ਗੁਰੂ ਹਰਿਗੋਬਿੰਦਗੜ੍ਹ ਭੋਗਪੁਰ, ਸਮੂਹ ਇਲਾਕਾ ਨਿਵਾਸੀਆਂ ਅਤੇ ਬਾਬਾ ਦੇ ਪਰਵਾਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦਗੜ੍ਹ ਭੋਗਪੁਰ ਪੂਜਨੀਕ ਬ੍ਰਹਮ ਗਿਆਨੀ 108 ਮਹਾਨ ਤਪੱਸਵੀ ਸ੍ਰੀ ਮਾਨ ਬ੍ਰਹਮ ਗਿਆਨੀ 108 ਸੰਤ ਬਾਬਾ ਰਣਜੀਤ ਸਿੰਘ ਭੋਗਪੁਰ ਵਾਲਿਆ ਦੀ ਸਾਲਾਨਾ 26ਵੀਂ ਬਰਸੀ ਮੌਕੇ ਸੰਤ ਸਮਾਗਮ ਅਤੇ ਧਾਰਮਿਕ ਸਮਾਗਮ 13 ਮਈ ਨੂੰ ਡੇਰੇ ਦੇ ਮੁੱਖ ਸੇਵਾਦਾਰ ਜਥੇਦਾਰ ਤਲਵਿੰਦਰ ਸਿੰਘ ਬਾਬਾ ਪਰਮੇਸ਼ਰ ਸਿੰਘ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਬਾਬਾ ਤਲਵਿੰਦਰ ਸਿੰਘ ਪਰਮੇਸ਼ਰ ਸਿੰਘ ਨੇ ਦੱਸਿਆ ਕਿ ਬਰਸੀ ਸਮਾਗਮ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਪੰਡਾਲ 'ਚ ਸੰਤ ਬਾਬਾ ਅਮੀਰ ਸਿੰਘ ਮੁੱਖੀ ਦਮਦਮੀ ਟਕਸਾਲ ਲੁਧਿਆਣਾ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਗੁਰਮੁੱਖ ਸਿੰਘ ਹੁਸ਼ਿਆਰਪੁਰ, ਭਾਈ ਹਰਜਿੰਦਰ ਸਿੰਘ ਬਿਲਾਸਪੁਰ, ਭਾਈ ਸਰੂਪ ਸਿੰਘ ਕਡਿਆਣਾ ਇੰਟਰਨੈਸ਼ਨਲ ਢਾਡੀ ਜੱਥਾ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਬਰਸੀ ਸਮਾਗਮ ਮੌਕੇ ਇਲਾਕੇ ਭਰ ਤੋਂ ਤਖਤ ਸਾਹਿਬਾਨਾਂ ਦੇ ਸਿੰਘ ਸਾਹਿਬ, ਨਿਹੰਗ ਸਿੰਘ ਜਥੇਬੰਦੀਆਂ, ਸੰਤ ਮਹਾਂਪੁਰਸ਼ਾਂ, ਰਾਗੀ, ਢਾਡੀ, ਕਵੀਸ਼ਰੀ ਜਥੇ, ਪ੍ਰਚਾਰਕ ਪੁੱਜ ਰਹੇ ਹਨ। ਇਸ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ, ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਿਆ ਜਾਵੇਗਾ।

## ਪੁਲਸ ਵੱਲੋਂ ਸ਼ਹਿਰ 'ਚ ਫਲੈਗ ਮਾਰਚ

**ਰੋਪੜ (ਬਿੰਦਰਾ)** ਰੋਪੜ ਰੇਂਜ ਦੇ ਆਈ ਗੁਰਪ੍ਰੀਤ ਸਿੰਘ ਵੱਲੋਂ ਪੁਲਸ ਲਾਈਨ ਦੇ ਕਈ ਪੁਆਇੰਟ ਅਤੇ 14 ਹੋਰ ਵੱਖ ਵੱਖ ਥਾਵਾਂ 'ਤੇ ਲਗਾਏ ਗਏ ਪੁਲਸ ਨਾਕਿਆਂ ਦੀ ਚੈਕਿੰਗ ਕੀਤੀ। ਇਸ ਮੌਕੇ ਸ਼ਹਿਰ ਵਿੱਚ ਫਲੈਗ ਮਾਰਚ ਵੀ ਕੱਢਿਆ ਗਿਆ। ਇਸ ਮੌਕੇ ਗਲਬਾਤ ਕਰਦਿਆਂ ਭੁੱਲਰ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ ਤਹਿਤ ਸੂਬੇ ਵਿਚ ਅਮਨ ਸਾਂਤੀ ਬਰਕਰਾਰ ਰੱਖਣ ਲਈ ਜਿਲ੍ਹਾ ਰੋਪੜ ਪੁਲਸ ਵੱਲੋਂ ਜਿਲ੍ਹੇ ਦੀਆਂ ਵੱਖ ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਚੈਕਿੰਗ ਅਤੇ ਨਾਕਾਬੰਦੀ ਦਾ ਮੁਖ ਉਦੇਸ ਆਮ ਲੋਕਾਂ ਲਈ ਸੁਖਾਵਾਂ ਮਾਹੌਲ, ਲੋਕਾਂ ਵਿੱਚ ਸਹੀ ਸੋਚ ਅਤੇ ਉਸਾਰੂ ਵਿਸਵਾਸ ਪੈਦਾ ਕਰਨਾ ਹੈ ਅਤੇ ਸਰਾਰਤੀ ਅਨਸਰਾਂ ਉਤੇ ਨਕੇਲ ਕਸਣ ਅਤੇ ਕਾਬੂ ਕਰਨ ਲਈ ਇਹ ਮਹਿਮ ਚਲਾਈ ਜਾ ਰਹੀ ਹੈ, ਤਾਂ ਜੋ ਅਪਰਾਧਿਕ ਸੋਚ ਵਾਲੇ ਕਿਸੇ ਅਣਸੁਖਾਵੀਂ ਘਟਨਾ ਨੂੰ ਅੰਜਾਮ ਨਾ ਦੇ ਸਕਣ। ਸੀਨੀਅਰ ਪੁਲਿਸ ਕਪਤਾਨ ਵਿਵੇਕ ਸੀਲ ਸੋਨੀ ਨੇ ਦੱਸਿਆ ਕਿ ਨਾਕਿਆਂ ਤੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਜਿਸ ਦਾ ਚੰਗਾ ਅਸਰ ਹੋਇਆ ਹੈ।

## ਜ਼ਿਮਨੀ ਚੋਣ 'ਚ 'ਆਪ' ਨੂੰ ਵੋਟਰਾਂ ਵਲੋਂ ਮਿਲਿਆ ਭਰਵਾਂ ਹੁੰਗਾਰਾ : ਖੁਣਖੁਣ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਪ੍ਰਵਾਸੀ ਭਾਰਤੀ ਸੁਰਜੀਤ ਸਿੰਘ ਖੁਣਖੁਣ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਬਰਨਣ ਅਤੇ ਅਮਨਦੀਪ ਸਿੰਘ ਉੱਚਾ ਸਰਕਲ ਪ੍ਰਧਾਨ ਆਮ ਆਦਮੀ ਪਾਰਟੀ ਜਿਲ੍ਹਾ ਜਲੰਧਰ ਨੇ ਲੋਕਸਭਾ ਜਿਮਨੀ ਚੋਣ ਵਿਚ ਸੂਝਵਾਨ ਵੋਟਰਾਂ ਵਲੋਂ ਮਿਲੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਜਲੰਧਰ ਲੋਕਸਭਾ ਜਿਮਨੀ ਚੋਣ ਦੇ ਪ੍ਰਚਾਰ ਦੌਰਾਨ ਆਪ ਪਾਰਟੀ ਨੂੰ ਵੋਟਰਾਂ ਦਾ ਜੋ ਪਿਆਰ ਤੇ ਸਤਿਕਾਰ ਮਿਲਿਆ ਹੈ ਉਸ ਨਾਲ ਸਪਸ਼ਟ ਹੈ ਕਿ 13 ਮਈ ਨੂੰ ਵੋਟਾਂ ਦੀ ਗਿਣਤੀ ਸਮੇਂ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਭਾਰੀ ਅੰਤਰ ਨਾਲ ਵਿਰੋਧੀ ਉਮੀਦਵਾਰਾਂ ਨੂੰ ਮਾਤ ਦੇਣਗੇ। ਉਹਨਾਂ ਕਿਹਾ ਕਿ ਅਗਲੇ ਚਾਰ ਸਾਲ ਦੌਰਾਨ ਪੰਜਾਬ ਵਿਚ ਸ਼ਹਿਰੀ ਤੇ ਪਿੰਡ ਪੱਧਰ ਤੇ ਰਿਕਾਰਡ ਵਿਕਾਸ ਕਰਵਾਇਆ ਜਾਵੇਗਾ।

## ਵੱਖ-ਵੱਖ ਸਿਹਤ ਕੇਂਦਰਾਂ 'ਚ ਮਮਤਾ ਦਿਵਸ ਮਨਾਇਆ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਵਿਧਾਨ ਚੰਦਰ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਨੂਰਪੁਰ ਬੇਦੀ ਦੀ ਅਗਵਾਈ ਹੇਠ ਬਲਾਕ 'ਚ ਨੂਰਪੁਰ ਬੇਦੀ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾ ਅਧੀਨ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਹਫ਼ਤੇ ਦੇ ਹਰੇਕ ਬੁੱਧਵਾਰ ਨੂੰ ਮਮਤਾ ਦਿਵਸ ਮਨਾਇਆ ਜਾਂਦਾ ਹੈ। ਮਮਤਾ ਦਿਵਸ ਦਾ ਮੁੱਖ ਮੰਤਵ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਵਾਂ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕਰਨਾ ਹੈ। ਇਸ ਮੌਕੇ ਨੀਰੂ ਸੀ ਐਚ ਓ ਨੇ ਕਿਹਾ ਕਿ ਗਰਭਵਤੀ ਮਹਿਲਾਂਵਾ ਆਪਣੇ ਗਰਭ 'ਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਤੇ ਆਪਣੀ ਡਾਈਟ 'ਚ ਹਰੀਆਂ ਸਬਜੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖੂਨ ਦੀ ਕਮੀ ਨਾ ਹੋਵੇ। ਉਨ੍ਹਾਂ ਕਿਹਾ ਕਿ ਯੋਗ ਜੋੜਿਆਂ ਨੂੰ ਪਰਵਾਰ ਨਿਯੋਜਨ ਦੇ ਤਰੀਕੇ ਬੱਚਿਆਂ ਵਿੱਚ ਵੱਖਵਾ ਪਾਉਣ ਲਈ ਅਪਨਾਉਣੇ ਚਾਹੀਦੇ ਹਨ ਅਤੇ ਪਹਿਲੇ ਬੱਚੇ ਤੋਂ ਬਾਅਦ ਦੂਜੇ ਬੱਚੇ ਵਿੱਚ ਘੱਟੋ-ਘੱਟ 3 ਸਾਲ ਦਾ ਵੱਖਵਾ ਹੋਣਾ ਚਾਹੀਦਾ ਹੈ। ਪਰਵਾਰ ਭਲਾਈ ਦੇ ਸਾਧਨਾ ਵਿੱਚ ਪੀ.ਪੀ.ਆਈ.ਯੂ ਸੀ ਡੀ, ਨਿਰੋਧ, ਕਾਪਰਟੀ, ਅੰਤਰਾ ਟੀਕਾ ਅਤੇ ਛਾਇਆ ਗੋਲੀਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਇਸ ਏ ਐਨ ਐਮ, ਸਮੂਹ ਸੀ ਐਚ ਓ ਅਤੇ ਆਸ਼ਾ ਵਰਕਰਜ਼ ਹਾਜ਼ਰ ਸਨ।

## ਰਾਮਗੜ੍ਹੀਆ ਐਸੋਸੀਏਸ਼ਨ ਇੰਟਰਨੈਸ਼ਨਲ ਵੱਲੋਂ ਸੁਖਬੀਰ ਬਾਦਲ ਦਾ ਧੰਨਵਾਦ




**ਜਲੰਧਰ (ਇਕਬਾਲ ਸਿੰਘ ਉਭੀ)** ਸਥਾਨਕ ਪਠਾਨਕੋਟ ਬਾਈਪਾਸ ਸਥਿਤ ਰਾਮਗੜ੍ਹੀਆ ਐਸੋਸੀਏਸ਼ਨ ਇੰਟਰਨੈਸ਼ਨਲ ਦੇ ਦਫ਼ਤਰ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਕ੍ਰਿਪਾਲ ਸਿੰਘ ਮਰਵਾਹਾ ਸਮੇਤ ਮੈਂਬਰ ਅਤੇ ਰਾਮਗੜ੍ਹੀਆ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਨਿੱਘਾ ਸੁਆਗਤ ਕੀਤਾ ਗਿਆ। ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਵਿਖੇ ਗੁ. ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ 18ਵੀਂ ਸਦੀ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਸ਼ਤਾਬਦੀ ਸਮਾਗਮ ਮਨਾਉਣ ਸਮੇਂ ਦਰਬਾਰ ਸਾਹਿਬ ਦੇ ਬੁੰਗਾ ਰਾਮਗੜ੍ਹੀਆ ਦਾ ਰਸਤਾ ਨਵਾਂ ਬਣਾਉਣ ਵਾਸਤੇ ਰਾਮਗੜ੍ਹੀਆ ਐਸੋਸੀਏਸ਼ਨ ਇੰਟਰਨੈਸ਼ਨਲ ਅਤੇ ਫੋਕਲ ਪੁਆਇੰਟ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਵੱਲੋਂ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਪਰਮਜੀਤ ਸਿੰਘ ਸ਼ਰਨਾ, ਆਲ ਇੰਡੀਆ ਵਿਸ਼ਵਕਰਮਾਂ ਰਾਮਗੜ੍ਹੀਆ ਫੈਡਰੇਸ਼ਨ ਅਤੇ ਸਿੱਖ ਬੰਧੂ ਵੈਲਫੇਅਰ ਟਰੱਸਟ ਦੇ ਪ੍ਰਧਾਨ ਸੁਖਦੇਵ ਸਿੰਘ ਰਿਐਤ, ਬੀਬੀ ਰਣਜੀਤ ਕੌਰ (ਰਾਮਗੜ੍ਹੀਆ ਕੋਆਪਰੇਟਿਵ ਬੈਂਕ ਦੇ ਚੇਅਰਮੈਨ) ਦਿੱਲੀ ਗੁਰਦੁਆਰਾ ਕਮੇਟੀ ਤੋਂ ਸੁਖਵਿੰਦਰ ਸਿੰਘ ਬੱਬਰ ਅਤੇ ਸਤਨਾਮ ਸਿੰਘ ਜੀ ਜੱਗਾ ਉਚੇਚੇ ਤੌਰ 'ਤੇ ਹਾਜ਼ਰ ਸਨ।

ਜਥੇਦਾਰ ਹੀਰਾ ਸਿੰਘ ਗਾਬੜੀਆਂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ ਨੇ ਸੁਖਬੀਰ ਸਿੰਘ ਬਾਦਲ ਦਾ ਬੁੰਗਾ ਰਾਮਗੜ੍ਹੀਆ ਵਾਸਤੇ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੁਖਬੀਰ ਸਿੰਘ ਬਾਦਲ ਵੱਲੋਂ ਰਾਮਗੜ੍ਹੀਆ ਭਾਈਚਾਰੇ ਦਾ ਧੰਨਵਾਦ ਕਰਦਿਆਂ ਬੁੰਗਾ ਰਾਮਗੜ੍ਹੀਆਂ ਵਿਖੇ ਕਰੋੜਾਂ ਦੀ ਲਾਗਤ ਨਾਲ ਇਸ ਨੂੰ ਨਵਿਆਉਣ ਅਤੇ ਇੱਕ ਆਡੀਓ ਵੀਜੂਅਲ ਪ੍ਰੋਜੈਕਟ ਲਗਾਉਣ ਦਾ ਭਰੋਸਾ ਦਿੱਤਾ। ਅੰਤ 'ਚ ਰਾਜ ਕਰਨ ਸਿੰਘ ਮਰਵਾਹਾ ਨੇ ਇਸ ਸਮਾਗਮ ਵਿੱਚ ਆਈ ਹੋਈ ਸਾਰੀ ਸੰਗਤ ਦਾ ਧੰਨਵਾਦ ਕੀਤਾ। ਰਾਮਗੜ੍ਹੀਆ ਐਸੋਸੀਏਸ਼ਨ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਰਾਮਗੜ੍ਹੀਆ ਸੰਬੰਧੀ ਮੰਗਾ ਬਾਰੇ ਇੱਕ ਮੰਗ ਪੱਤਰ ਦਿੱਤਾ ਗਿਆ।

ਇਸ ਮੌਕੇ ਰਾਮਗੜ੍ਹੀਆ ਐਸੋਸੀਏਸ਼ਨ ਦੇ ਕਨਵਰ ਧੀਮਾਨ, ਰਜਿੰਦਰ ਸਿੰਘ ਕਲਸੀ, ਕੁਲਬੀਰ ਸਿੰਘ ਮਰਵਾਹਾ, ਪਰਮਜੀਤ ਸਿੰਘ ਵਿਲਖੂ, ਮੋਹਣ ਸਿੰਘ ਝੀਤਾ, ਬਲਬੀਰ ਸਿੰਘ ਮਠਾੜੂ, ਫੌਕਲ ਪੁਆਇੰਟ ਦੇ ਪ੍ਰਧਾਨ ਨਰਿੰਦਰ ਸਿੰਘ ਸੱਗੂ, ਅਮੀਰ ਸਿੰਘ ਸੱਗੂ, ਵਿਸ਼ਵਕਰਮਾ ਮੰਦਰ ਤੋਂ ਸੋਹਣ ਸਿੰਘ ਝੀਤਾ, ਜਸਬੀਰ ਸਿੰਘ ਜੂਤਲਾ, ਕੁਲਜੀਤ ਸਿੰਘ ਝੀਤਾ, ਲਖਬੀਰ ਸਿੰਘ ਜੂਤਲਾ, ਜਸਵਿੰਦਰ ਸਿੰਘ ਸਭਰਵਾਲ, ਜਗਜੀਤ ਸਿੰਘ ਬਲ, ਨਵਜੀਤ ਸਿੰਘ ਫੁੱਲ, ਤਜਿੰਦਰ ਸਿੰਘ ਉਭੀ, ਸੁਖਪ੍ਰੀਤ ਸਿੰਘ ਭਾਟੀਆਂ, ਅਮਰਜੀਤ ਸਿੰਘ ਚੱਠਾ ਰਾਮਗੜ੍ਹੀਆ ਦਰਪਣ ਤੋਂ ਭੁਪਿੰਦਰ ਸਿੰਘ ਉਭੀ, ਚੰਨੀ ਤਕੁਲੀਆਂ, ਅਵਤਾਰ ਸਿੰਘ ਭਾਰਜ, ਸਲਵਿੰਦਰ ਸਿੰਘ, ਸੁਖਰਾਜ ਅਤੇ ਅਜੇਪਾਲ ਮਰਵਾਹਾ, ਅਵਤਾਰ ਸਿੰਘ ਸੈਂਹਬੀ, ਗੁਰਦੁਆਰਾ ਸੋਡਲ ਤੋਂ ਕੁਲਦੀਪ ਸਿੰਘ ਪਾਈਲਟ ਸਮੇਤ ਹੋਰ ਉਘੀਆ ਰਾਮਗੜ੍ਹੀਆ ਸ਼ਖਸ਼ੀਅਤਾ ਅਤੇ ਪੰਤਵੰਤੇ ਸਜੱਣ ਹਾਜ਼ਰ ਸਨ।

## ਐੱਮ ਏ ਇੰਗਲਿਸ਼ ਦਾ ਨਤੀਜਾ ਰਿਹਾ ਸ਼ਾਨਦਾਰ



**ਮਾਹਿਲਪੁਰ, (ਸਫਰੀ)**- ਪੰਜਾਬ ਯੂਨੀਵਰਸਿਟੀ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਐੱਮ.ਏ. ਇੰਗਲਿਸ਼ ਦੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਵਿਭਾਗ ਮੁੱਖੀ ਪ੍ਰੋ ਪਵਨਦੀਪ ਚੀਮਾ ਨੇ ਦੱਸਿਆ ਕਿ ਐੱਮ.ਏ.ਇੰਗਲਿਸ਼ ਦੇ ਸਮੈਸਟਰ ਤੀਜਾ ਵਿੱਚ ਵਿਦਿਆਰਥਣ ਅਵਲੀਨ ਕੌਰ ਨੇ 70 ਫੀਸਦੀ ਅੰਕਾਂ ਹਾਸਿਲ ਕਰਕੇ ਯੂਨੀਵਰਸਿਟੀ ਵਿੱਚੋਂ ਅੱਠਵੀਂ ਅਤੇ ਕਾਲਜ ਵਿੱਚੋਂ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਹੈ, ਰਸ਼ਮੀ ਨੇ 64 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਦੂਜਾ ਸਥਾਨ ਅਤੇ ਮਨਜਿੰਦਰ ਕੌਰ ਨੇ 62 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਐੱਮ.ਏ. ਇੰਗਲਿਸ਼ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥਣ ਪੂਨਮ ਅਤੇ ਨਵਨੀਤ ਕੌਰ ਨੇ 56 ਫੀਸਦੀ ਅੰਕਾਂ ਨਾਲ ਸਾਂਝੇ ਤੌਰ 'ਤੇ ਪਹਿਲਾ ਅਤੇ ਰਮਨਦੀਪ ਕੌਰ ਨੇ 54 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਸਮੇਤ ਸਬੰਧਤ ਵਿਭਾਗ ਦੇ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਇਸ ਪ੍ਰਾਪਤੀ 'ਤੇ ਸ਼ੁੱਭ ਕਾਮਨਾਵਾਂ ਦਿੱਤੀਆਂ।

## ਵੋਟਾਂ ਦੀ ਗਿਣਤੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨ ਵੱਲੋਂ ਅਮਲੇ ਨੂੰ ਸਿਖਲਾਈ

**ਜਲੰਧਰ (ਇਕਬਾਲ ਸਿੰਘ ਉਭੀ)**- -ਲੋਕ ਸਭਾ ਜਿਮਨੀ ਚੋਣ ਲਈ ਵੋਟਾਂ ਪੈਣ ਉਪਰੰਤ 13 ਮਈ ਨੂੰ ਬੈਲਟ ਵੋਟਾਂ/ਈ.ਟੀ.ਪੀ.ਬੀ.ਐਸ. ਦੀ ਗਿਣਤੀ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮੁੱਚੇ 9 ਵਿਧਾਨ ਸਭਾ ਹਲਕਿਆਂ ਲਈ ਗਿਣਤੀ ਅਮਲੇ ਲਈ ਸਿਖਲਾਈ ਸੈਸ਼ਨ ਕਰਵਾਇਆ ਗਿਆ। ਡਿਪਟੀ ਕਮਿਸ਼ਨਰ-ਕਮ-ਸਹਾਇਕ ਨੋਡਲ ਅਫਸਰ ਜਸਬੀਰ ਸਿੰਘ ਨੇ ਦੱਸਿਆ ਕਿ ਬੈਲਟ ਵੋਟਾਂ ਦੀ ਗਿਣਤੀ ਸੁਚੱਜੇ ਢੰਗ ਨਾਲ ਕਰਵਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਡਾਇਰੈਕਟਰ ਲੈਂਡ ਰਿਕਾਰਡ ਕੰਪਲੈਕਸ ਅੰਦਰ ਵਿਸ਼ੇਸ਼ ਗਿਣਤੀ ਕੇਂਦਰ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੈਲਟ ਵੋਟਾਂ/ਈ.ਟੀ.ਪੀ.ਬੀ.ਐਸ. ਦੀ ਗਿਣਤੀ ਸਬੰਧੀ ਸਮੁੱਚੀ ਪ੍ਰਕਿਰਿਆ ਬਾਰੇ ਸਬੰਧਤ ਅਧਿਕਾਰੀਆਂ ਨੂੰ ਜਾਣੂ ਕਰਵਾਇਆ।

ਉਨ੍ਹਾਂ ਦੱਸਿਆ ਕਿ ਰਾਊਂਡ ਵਾਈਜ਼ ਨਤੀਜੇ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣਗੇ ਅਤੇ ਇਕ ਗੇੜ ਦੀ ਗਿਣਤੀ ਮੁਕੰਮਲ ਹੋਣ ਤੋਂ ਤੁਰੰਤ ਬਾਅਦ ਅਗਲੇ ਗੇੜ ਦੀ ਗਿਣਤੀ ਸ਼ੁਰੂ ਹੋਵੇਗੀ। ਇਸ ਮੌਕੇ ਸਹਾਇਕ ਰਿਟਰਨਿੰਗ ਅਫਸਰ ਲੁਪਿੰਦਰ ਕੁਮਾਰ, ਬਲਜੀਤ ਸਿੰਘ ਅਤੇ ਹੋਰ ਬੈਲਟ ਵੋਟਾਂ ਦੀ ਗਿਣਤੀ ਵਾਲਾ ਸਟਾਫ ਮੌਜੂਦ ਸੀ।



ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਫਿਲੌਰ ਵਿਖੇ ਆਪਣੀ ਵੋਟ ਪਾਉਣ ਤੋਂ ਬਾਅਦ। (ਫੋਟੋ 'ਤੇ ਵੇਰਵਾ : ਨਿਰਮਲ ਫਿਲੌਰ)



ਕਾਂਗਰਸੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਵੋਟ ਪਾਉਣ ਉਪਰੰਤ ਨਿਸ਼ਾਨ ਦਿਖਾਉਂਦੇ ਹੋਏ। (ਫੋਟੋ 'ਤੇ ਵੇਰਵਾ : ਨਿਰਮਲ ਫਿਲੌਰ)



ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਆਪਣੀ ਵੋਟ ਪਾਈ ਗਈ।



ਫਿਲੌਰ ਵਿਖੇ ਲੋਕ ਸਭਾ ਦੀ ਜ਼ਿਮਨੀ ਚੋਣ ਦੇ ਸੰਬੰਧ 'ਚ ਵੋਟ ਪਾਕੇ ਬਾਹਰ ਆਉਂਦੇ ਹੋਏ ਸਾਬਕਾ ਮੰਤਰੀ ਪੰਜਾਬ ਗੁਰਬਿੰਦਰ ਸਿੰਘ ਅਟਵਾਲ। (ਫੋਟੋ ਤੇ ਵੇਰਵਾ : ਬੀ ਐਸ ਕੈਨੈਡੀ ਫਿਲੌਰ)




ਜਲੰਧਰ ਲੋਕ ਸਭਾ ਚੋਣ ਮੌਕੇ ਵਿਧਾਨ ਸਭਾ ਹਲਕਾ ਨਕੋਦਰ ਦੇ ਪੋਲਿੰਗ ਬੂਥ ਨੰਬਰ 33 ਢੱਡਾ ਹੁੰਦਲ ਵਿਖੇ ਵੋਟ ਪਾਉਣ ਉਪਰੰਤ ਉਂਗਲ 'ਤੇ ਲੱਗਾ ਨਿਸ਼ਾਨ ਦਿਖਾਉਂਦੇ ਹੋਏ ਵੋਟਰ।

## ਸੰਤ ਬਾਬਾ ਬਿਸ਼ਨ ਸਿੰਘ ਦੀ ਸਾਲਾਨਾ ਬਰਸੀ ਮੌਕੇ ਮੁਫਤ ਮੈਡੀਕਲ ਕੈਂਪ




**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਡੇਰਾ ਬਿਸਨਪੁਰੀ ਪਿੰਡ ਨੰਗਲ ਖੁਰਦ ਵਿਖੇ ਸ੍ਰੀਮਾਨ 108 ਸੰਤ ਬਾਬਾ ਬਿਸ਼ਨ ਸਿੰਘ ਦੀ 68ਵੀਂ ਸਾਲਾਨਾ ਬਰਸੀ ਮੌਕੇ ਮੁਫਤ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਡੇਰੇ ਦੇ ਮੁੱਖ ਸੰਚਾਲਕ ਸੰਤ ਬਾਬਾ ਬਿਕਰਮਜੀਤ ਸਿੰਘ ਨੇ ਕੀਤਾ। ਇਸ ਮੌਕੇ ਵੈਦ ਸੰਜੀਵ ਕੁਮਾਰ ਨੇ ਮਰੀਜਾਂ ਦੀਆਂ ਬਿਮਾਰੀਆਂ ਦਾ ਚੈੱਕਅੱਪ ਕਰਕੇ ਉਨਾਂ ਨੂੰ ਦਵਾਈਆਂ ਦਿੱਤੀਆਂ। ਇਸ ਮੌਕੇ ਸੰਤ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵੱਲੋਂ ਡੇਰੇ 'ਚ ਹਰ ਸ਼ਨੀਵਾਰ ਸ਼ਾਮ ਨੂੰ 3 ਤੋਂ 5 ਵਜੇ ਤੱਕ ਓ ਪੀ ਡੀ ਚੱਲਦੀ ਹੈ। ਜਿਸ ਵਿੱਚ ਡਾਕਟਰ ਵਰੁਣ ਸਹੋਤਾ ਅਤੇ ਡਾਕਟਰ ਪਰਮਿੰਦਰ ਕੌਰ ਦੰਦਾਂ ਦੀਆਂ ਬਿਮਾਰੀਆਂ, ਚਮੜੀ ਦੀਆਂ ਬਿਮਾਰੀਆਂ ਅਤੇ ਹੋਰ ਜਨਰਲ ਬਿਮਾਰੀਆਂ ਸਬੰਧੀ ਮਰੀਜਾਂ ਦਾ ਚੈਕਅੱਪ ਕਰਕੇ ਮੁਫਤ ਦਵਾਈਆਂ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਦੇਸ ਵਿਦੇਸ ਦੀਆਂ ਸੰਗਤਾਂ ਅਤੇ ਦਾਨੀ ਸੱਜਣ ਸਮੇਂ-ਸਮੇਂ ਤੇ ਹਸਪਤਾਲ ਨੂੰ ਦਵਾਈਆਂ ਦਾਨ ਕਰਦੇ ਰਹਿੰਦੇ ਹਨ। ਪਰਮਾਤਮਾ ਇਨ੍ਹਾਂ ਪਰਿਵਾਰਾਂ ਦੀ ਹਮੇਸਾ ਹੀ ਚੜ੍ਹਦੀ ਕਲਾ ਬਣਾਈ ਰੱਖੇ। ਇਸ ਮੌਕੇ ਉਨ੍ਹਾਂ ਇਲਾਕਾ ਵਾਸੀਆਂ ਨੂੰ ਡੇਰਾ ਬਿਸਨਪੁਰੀ ਵਿਖੇ ਚੱਲ ਰਹੀ ਇਸ ਓ ਪੀ ਡੀ ਦਾ ਲਾਭ ਉਠਾਉਣ ਦੀ ਬੇਨਤੀ ਕੀਤੀ।

## 'ਨਰਸਿੰਗ ਵੀਕ' ਦੀ ਸ਼ੁਰੂਆਤ ਵਰਕਸ਼ਾਪ ਲਗਾ ਕੇ ਕੀਤੀ




**ਜਲੰਧਰ, (ਨਵਾਂ ਜ਼ਮਾਨਾ ਸਰਵਿਸ)**-ਲਾਲਾ ਲਾਜਪਤ ਰਾਏ ਕਾਲਜ ਆਫ਼ ਨਰਸਿੰਗ ਐਜੂਕੇਸ਼ਨ, ਗੁਲਾਬ ਦੇਵੀ ਹਸਪਤਾਲ ਵਿਖੇ 8 ਮਈ ਨੂੰ 'ਨਰਸਿੰਗ ਵੀਕ' ਦਾ ਆਗਾਜ਼ ਵਰਕਸ਼ਾਪ ਨਾਲ ਕੀਤਾ ਗਿਆ, ਜਿਸ ਦਾ ਮੁੱਖ ਥੀਮ ਵਰਕਸ਼ਾਪ ਆਨ ਓ ਐੱਸ ਸੀ ਈ ਸੀ। ਪ੍ਰੋਗਰਾਮ ਓ ਬੀ ਜੀ ਨਰਸਿੰਗ ਡਿਪਾਟਮੈਂਟ ਦੇ ਮੁਖੀ ਮਿਸਿਜ਼ ਨੇਹਾ ਵਾਸੂਦੇਵ ਵਜੋਂ ਪ੍ਰਿੰਸੀਪਲ ਡਾ. ਲਲਿਤਾ ਜੰਗਵਾਲ ਦੀ ਦੇਖ-ਰੇਖ ਹੇਠ ਕੀਤਾ ਗਿਆ। ਇਸ ਦੌਰਾਨ ਡਾ. ਉਰਵਸ਼ੀ ਸੀ ਏ ਓ ਗੁਲਾਬ ਦੇਵੀ ਹਸਪਤਾਲ, ਡਾ. ਐੱਸ ਐੱਸ ਖੁਰਾਨਾ ਫਾਰਮੇਸੀ ਕਾਲਜ ਅਤੇ ਮਿਸਟਰ ਕੁਨਾਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਮ੍ਹਾ ਰੌਸ਼ਨ ਨਾਲ ਕੀਤੀ ਗਈ। ਉਪਰੰਤ ਐੱਮ ਐੱਸ ਸੀ ਨਰਸਿੰਗ ਅਤੇ ਬੀ ਐੱਸ ਸੀ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਓ ਐੱਸ ਸੀ ਈ ਨਾਲ ਸੰਬੰਧਤ ਜਾਣਕਾਰੀ ਪ੍ਰੈਕਟੀਕਲ ਰਾਹੀਂ ਦਿੱਤੀ ਅਤੇ ਰਿਸਰਚ ਪੇਪਰ ਪ੍ਰੈਸਟੇਸ਼ਨ ਪੇਸ਼ ਕੀਤੀਆਂ ਗਈਆਂ। ਵਰਕਸ਼ਾਪ ਦੌਰਾਨ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

## ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਬਹਿਰਾਮ ਦੀ ਚੋਣ

**ਬਹਿਰਾਮ (ਅਵਤਾਰ ਕਲੇਰ)** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਬਹਿਰਾਮ ਜ਼ਿਲ੍ਹਾ ਸਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਪ੍ਰਧਾਨ ਨਛੱਤਰ ਸਿੰਘ ਬਹਿਰਾਮ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਕਮੇਟੀ ਮੈਂਬਰ ਹਰਮੇਸ਼ ਵਿਰਦੀ ਚੇਅਰਮੈਨ ਅਤੇ ਨਰਿੰਦਰ ਮਾਹੀ ਸੀਨੀਅਰ ਮੀਤ ਪ੍ਰਧਾਨ ਸਬ ਡਵੀਜਨ ਬੰਗਾ ਵਿਸ਼ੇਸ਼ ਤੌਰ 'ਤੇ ਹਾਜਰ ਹੋਏ ਅਤੇ ਇਕਾਈ ਬਹਿਰਾਮ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਬਹਿਰਾਮ ਇਕਾਈ ਦੇ ਪ੍ਰਧਾਨ ਨਛੱਤਰ ਸਿੰਘ ਬਹਿਰਾਮ ਨੂੰ ਬਣਾਇਆ ਗਿਆ ਅਤੇ ਜਨਰਲ ਸਕੱਤਰ ਅਵਤਾਰ ਕਲੇਰ, ਮੀਤ ਪ੍ਰਧਾਨ ਮਹਿੰਦਰ ਪਾਲ ਸਿੰਘ ਝੱਮਟ , ਸਕੱਤਰ ਪ੍ਰੇਮੀ ਸੰਧਵਾਂ, ਕੈਸ਼ੀਅਰ ਸੰਦੀਪ ਸਿੰਘ ਬਹੂਆ, ਪ੍ਰੈਸ ਸਕੱਤਰ ਆਰ ਡੀ ਰਾਮਾ, ਮੁੱਖ ਸਲਾਹਕਾਰ ਸਰਬਜੀਤ ਸਿੰਘ ਚੱਕਰਾਮੂ , ਸਲਾਹਕਾਰ ਲੇਖ ਰਾਜ ਕੁਲਥਮ , ਕਾਰਜਕਾਰੀ ਮੈਂਬਰ ਪ੍ਰੇਮ ਜੰਡਿਆਲੀ, ਜੋਗਿੰਦਰ ਸਿੰਘ , ਹਰਜਾਪ ਸਿੰਘ , ਗੁਰਨਾਮ ਸਿੰਘ ਅਤੇ ਅਮਰਜੀਤ ਕਲਸੀ ਆਦਿ ਕਾਰਜਕਾਰੀ ਮੈਂਬਰ ਨਿਯੁਕਤ ਕੀਤੇ ਗਏ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਅਤੇ ਸਮੁੱਚੇ ਅਹੁਦੇਦਾਰਾਂ ਨੇ ਆਪਸੀ ਏਕਤਾ ਬਣਾਈ ਰੱਖਣ ਲਈ ਵਿਚਾਰ ਪੇਸ਼ ਕੀਤੇ ਅਤੇ ਸਚਾਈ 'ਤੇ ਪਹਿਰਾ ਦੇਣ ਲਈ ਵਚਨਬੱਧਤਾ ਦੁਹਰਾਈ।



## ਵੋਟ ਪਾਉਣੀ ਮਹਿੰਗੀ ਪਈ, ਸਕੂਟਰੀ ਚੋਰੀ

**ਫਿਲੌਰ (ਬੀ ਐਸ ਕੈਨੈਡੀ)** ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ ਵੋਟਾਂ ਪਾਉਣ ਗਏ ਅਮੀਰ ਚੰਦ ਸਪੁੱਤਰ ਰਤਨ ਚੰਦ ਵਾਸੀ ਫਿਲੌਰ ਨੇ ਦੱਸਿਆ ਕਿ ਆਪਣੇ ਪਰਵਾਰ ਨਾਲ ਗੌਰਮਿੰਟ ਸੀਨੀਅਰ ਸਕੂਲ ਲੜਕਿਆਂ ਦੇ ਬਾਹਰ ਚਿੱਟੇ ਰੰਗ ਦੀ ਐਕਟਿਵਾ ਸਕੂਟਰੀ ਜਿਸ ਦਾ ਨੰਬਰ ਪੀ ਬੀ 37 ਐਫ 2535 ਖੜੀ ਕਰ ਕੇ ਗਏ ਸੀ ਵੋਟ ਪਾਉਣ ਤੋਂ ਬਾਅਦ ਸਕੂਟਰੀ ਨਹੀਂ ਮਿਲੀ ਇਸ ਦੀ ਰਿਪੋਰਟ ਥਾਣਾ ਫਿਲੌਰ ਵਿਖੇ ਦਰਜ ਕਰਵਾ ਦਿੱਤੀ ਗਈ ਹੈ।

## ਜਨਮ ਦਿਨ ਮੁਬਾਰਕ



ਸੰਜੋਗਪ੍ਰੀਤ ਕੌਰ ਨਹਿਲ



ਲਵਿਸ਼ (ਮਲੋਟ)

## ਖੁਸ਼ਪ੍ਰੀਤ ਦੀ ਵਾਇਸ ਆਫ ਪੰਜਾਬ ਲਈ ਚੋਣ




**ਕਪੂਰਥਲਾ,, (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ 9ਵੀਂ ਜਮਾਤ ਦੀ ਵਿਦਿਆਰਥਣ ਖ਼ੁਸ਼ਪ੍ਰੀਤ ਕੌਰ ਵਾਇਸ ਆਫ ਪੰਜਾਬ ਲਈ ਸਲੈਕਟ ਹੋਈ। ਸਕੂਲ ਦੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਨੌਵੀਂ ਦੀ ਵਿਦਿਆਰਥਣ ਖੁਸਪ੍ਰੀਤ ਕੌਰ ਦਾ ਵਾਇਸ ਆਫ ਪੰਜਾਬ ਛੋਟਾ ਚੈਂਪ ਸੀਜਣ 9 ਵਿੱਚ ਚੁਨਾਵ ਹੋ ਗਿਆ ਹੈ, ਜੋ ਵਿਦਿਅਕ ਅਦਾਰੇ ਲਈ ਮਾਣ ਵਾਲੀ ਗੱਲ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਮੋਂਗਾ, ਮੈਡਮ ਨੀਲਮ ਕਾਲੜਾ, ਅਨੀਤਾ ਸਹਿਗਲ, ਨਰਿੰਦਰ ਪੱਤੜ, ਰਜਨੀ ਅਰੋੜਾ, ਰੇਨੂੰ ਬਾਲਾ, ਲਵਿਤਾ, ਅਮਨਦੀਪ ਕੌਰ, ਪ੍ਰਵੀਨ ਕੌਰ, ਦਵਿੰਦਰ ਕੌਰ, ਪਰਮਿੰਦਰ ਕੌਰ, ਮੀਨਾਕਸ਼ੀ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਰਣਧੀਰ ਸਿੰਘ, ਰਣਜੀਤ ਸਿੰਘ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ ਆਦਿ ਸਟਾਫ਼ ਮੈਂਬਰਾਂ ਹੋਣਹਾਰ ਵਿਦਿਆਰਥਣ ਖ਼ੁਸ਼ਪ੍ਰੀਤ ਕੌਰ ਨੂੰ ਵਧਾਈ ਦਿੱਤੀ।

## ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਵਿਸ਼ੇਸ਼ ਬੱਚਿਆਂ ਲਈ ਸੱਭਿਆਚਾਰਕ ਪ੍ਰੋਗਰਾਮ



**ਜਲੰਧਰ (ਸ਼ੈਲੀ ਐਲਬਰਟ)**- ਸਮਾਜ ਵਿੱਚ ਯੋਗਦਾਨ ਪਾਉਣ ਅਤੇ ਸੇਵਾ ਕਰਨ ਦੀ ਆਪਣੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਵਿਸ਼ੇਸ਼ ਬੱਚਿਆਂ ਲਈ ਇੱਕ ਸੱਭਿਆਚਾਰਕ ਪ੍ਰੋਗਰਾਮ ਉਮੰਗ ਦਾ ਆਯੋਜਨ ਕੀਤਾ। ਇਹ ਬੱਚੇ ਉਡਾਨ ਨਾਂਅ ਦੇ ਇੱਕ ਵਿਸ਼ੇਸ਼ ਸਕੂਲ ਨਾਲ ਸਬੰਧਤ ਹਨ, ਜੋ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਬਣਾਉਣ ਵਿੱਚ ਮਦਦ ਕਰਨ ਲਈ ਸਮਰਪਿਤ ਹੈ। ਇਸ ਘਟਨਾ ਨੇ ਉਨ੍ਹਾਂ ਦੇ ਜੀਵਨ ਤੇ ਸਕਾਰਾਤਮਕ ਪ੍ਰਭਾਵ ਪਾਉਣ ਦਾ ਵਧੀਆ ਮੌਕਾ ਪ੍ਰਦਾਨ ਕੀਤਾ। ਇਹ ਸਮਾਗਮ ਖੁਸ਼ੀ ਲਿਆਉਣ ਅਤੇ ਉਤਸ਼ਾਹ ਦੀ ਇੱਕ ਸਥਾਈ ਯਾਦ ਪੈਦਾ ਕਰਨ ਦਾ ਇੱਕ ਮੌਕਾ ਸੀ । 20 ਤੋਂ ਵੱਧ ਵਿਸ਼ੇਸ਼ ਬੱਚਿਆਂ ਨੇ ਗਿੱਧਾ, ਭੰਗੜਾ, ਸਕਿੱਟ ਅਤੇ ਫੈਸ਼ਨ ਸ਼ੋਅ ਵਰਗੀਆਂ ਸੱਭਿਆਚਾਰਕ ਗਤੀਵਿਧੀਆਂ ਕੀਤੀਆਂ। ਸਾਰੇ ਵਿਦਿਆਰਥੀਆਂ ਨੂੰ ਤੋਹਫੇ, ਸਰਟੀਫਿਕੇਟ ਅਤੇ ਮੈਡਲ ਦੇ ਕੇ ਨਿਵਾਜਿਆ ਗਿਆ। ਵਿਦਿਆਰਥੀ ਆਪਣੀ ਪੇਸ਼ਕਾਰੀ ਅਤੇ ਤੋਹਫ਼ਿਆਂ ਨੂੰ ਲੈ ਕੇ ਬਹੁਤ ਉਤਸ਼ਾਹਿਤ ਸਨ। ਇਸ ਮੌਕੇ ਉਡਾਨ ਸਪੈਸ਼ਲ ਸਕੂਲ ਦੀ ਸੰਸਥਾਪਕ ਮੀਨੂੰ ਸ਼ਾਹੀ, ਉਡਾਨ ਸਪੈਸ਼ਲ ਸਕੂਲ ਦੇ ਸਕੱਤਰ ਆਸ਼ੂ ਧੀਰ ਅਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ । ਇਸ ਤੋਂ ਇਲਾਵਾ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਪ੍ਰਬੰਧਕਾਂ ਅਤੇ ਅਧਿਕਾਰੀਆਂ ਨੇ ਵੀ ਸ਼ਮੂਲੀਅਤ ਕੀਤੀ । ਇਸ ਦੌਰਾਨ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ ਅਤੇ ਕੋ-ਮੈਨੇਜਿੰਗ ਡਾਇਰੈਕਟਰ ਤਨਿਕਾ ਸਿੰਘ ਹਾਜ਼ਰ ਸਨ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਵਿਸ਼ੇਸ਼ ਤੌਰ ਤੇ ਯੋਗ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਪ੍ਰਦਾਨ ਕੀਤਾ ਅਤੇ ਉਨ੍ਹਾਂ ਦੇ ਸਵੈ-ਮਾਣ ਤੇ ਸਕਾਰਾਤਮਕ ਪ੍ਰਭਾਵ ਪਾਇਆ । ਇਸਨੇ ਉਹਨਾਂ ਨੂੰ ਕਈ ਤਰ੍ਹਾਂ ਦੇ ਸੱਭਿਆਚਾਰਕ ਤਜ਼ਰਬਿਆਂ ਦਾ ਵੀ ਪਰਦਾਫਾਸ਼ ਕੀਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕੀਤੀ। ਇਸ ਤੋਂ ਇਲਾਵਾ, ਸਮਾਗਮ ਨੇ ਵਿਸ਼ੇਸ਼ ਲੋੜਾਂ ਅਤੇ ਸ਼ਮੂਲੀਅਤ ਬਾਰੇ ਜਾਗਰੂਕਤਾ ਪੈਦਾ ਕੀਤੀ।

## ਨਵੇਂ ਆਏ ਐੱਸ ਐੱਚ ਓ ਨੇ ਅਹੁਦਾ ਸੰਭਾਲਿਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੁਲਸ ਥਾਣਾ ਮੇਹਟੀਆਣਾ ਦੇ ਨਵੇਂ ਆਏ ਐਸ ਐਚ ਓ ਇੰਸਪੈਕਟਰ ਹਰਦੇਵ ਪ੍ਰੀਤ ਸਿੰਘ ਨੇ ਅਹੁਦਾ ਸੰਭਾਲਦਿਆਂ ਕਿਹਾ ਕਿ ਉਨਾਂ ਦਾ ਪਹਿਲਾ ਕੰਮ ਇਲਾਕੇ ਵਿਚੋਂ ਨਸ਼ੇ ਦੇ ਸੁਦਾਗਰਾਂ ਨੂੰ ਨੱਥ ਪਾਉਣਾ ਹੋਵੇਗਾ ਅਤੇ ਨਾਲ ਹੀ ਸ਼ਰਾਰਤੀ ਅਨਸਰਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਉਨਾਂ ਨੂੰ ਸਿਰ ਨਹੀਂ ਚੁੱਕਣ ਦੇਣਗੇ । ਉਨਾਂ ਇਲਾਕਾ ਨਿਵਾਸੀ ਨੌਜਵਾਨਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਸੜਕ 'ਤੇ ਆਪਣੇ ਮੋਟਰ ਸਾਇਕਲ ਚਲਾਉਂਦੇ ਸਮੇਂ ਪਟਾਕੇ ਮਰਵਾ ਕੇ ਦਹਿਸ਼ਤ ਦਾ ਮਹੌਲ ਨਾ ਪੈਦਾ ਕਰਨ ਅਤੇ ਨਾ ਹੀ ਟ੍ਰੈਕਟਰ ਲੈ ਕੇ ਸੜਕ 'ਤੇ ਚਲਦੇ ਸਮੇਂ ਉੱਚੀ ਅਵਾਜ ਵਿੱਚ ਡੈੱਕ ਵਜਾਉਣ, ਜੋ ਹਾਦਸਿਆਂ ਨੂੰ ਸੱਦਾ ਦੇਣ ਹੈ। ਛੋਟੀ ਉਮਰ ਦੇ ਬੱਚਿਆਂ ਨੂੰ ਸਕੂਟਰ ,ਮੋਟਰ ਸਾਇਕਲ ਦੇ ਕੇ ਸੜਕਾਂ 'ਤੇ ਨਾ ਭੇਜਿਆ ਜਾਵੇ ।

## ਜੈਸਮੀਨ ਤੇ ਰਾਜਵਿੰਦਰ ਬਲਾਕ ਪੱਧਰ 'ਤੇ ਰਹੀਆਂ ਪਹਿਲੇ ਸਥਾਨ 'ਤੇ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੰਜਾਬ ਪਬਲਿਕ ਸਕੂਲ ਦੀ 8ਵੀਂ ਦੀ ਵਿਦਿਆਰਥਣ ਜੈਸਮੀਨ ਸਪੁੱਤਰੀ ਮੱਖਣ ਸੇਰਪੁਰੀ ਤੇ ਰਾਜਵਿੰਦਰ ਕੌਰ ਨੇ ਬਲਾਕ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ ਹੈ। ਉਸ ਨੇ 582/ 600 ਅੰਕ ਪ੍ਰਾਪਤ ਕਰਕੇ ਜਿਲ੍ਹਾ ਪੱਧਰ 'ਤੇ ਆਪਣਾ ਨਾਂਅ ਬਣਾਇਆ ਹੈ ਅਤੇ ਇਸੇ ਤਰ੍ਹਾਂ ਹੀ ਨੈਣਾਂ ਸਪੁੱਤਰੀ ਬ੍ਰਿਜ ਭੂਸਣ ਨੇ 568-600) 95/ ਅੰਕ ਪ੍ਰਾਪਤ ਕੀਤੇ। ਪ੍ਰਭਜੋਤ ਸਪੁੱਤਰੀ ਸੁਖਵਿੰਦਰ ਸਿੰਘ ਨੇ 547-600) 91/, ਅੰਕ ਪ੍ਰਾਪਤ ਕੀਤੇ। ਸੁਖਮਨਜੀਤ ਕੌਰ ਸਪੁੱਤਰੀ ਬਲਿਹਾਰ ਸਿੰਘ ਨੇ 536-600), 89/ ਪੰਜਾਬ ਪਬਲਿਕ ਸਕੂਲ ਦੀ ਪ੍ਰਿੰਸੀਪਲ ਗੋਰੀ ਸੈਲੀ ਅਤੇ ਮੈਡਮ ਪ੍ਰਵੀਨ ਨੇ ਜੈਸਮੀਨ ਅਤੇ ਉਸ ਦੇ ਮਾਤਾ ਪਿਤਾ ਨੂੰ ਬੱਚੀ ਵੱਲੋਂ ਸਕੂਲ ਅਤੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕਰਨ ਲਈ ਵਧਾਈ ਦਿੱਤੀ।